Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 850, 17 to 23 Apr., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਦੇ ਪਰਿਵਾਰਕ ਵੀਜ਼ਾ ਬੁਲੇਟਿਨ ਵਿਚ ਹੋਈ ਮਾਮੂਲੀ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਮਈ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਮਾਮੂਲੀ ਜਿਹੀ ਹਿਲਜੁਲ ਦੇਖਣ ਨੂੰ ਮਿਲੀ ਹੈ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 15 ਜੂਨ, 2006 ਪਹੁੰਚ ਗਈ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 1 ਅਪ੍ਰੈਲ, 2011 'ਤੇ




ਸਥਿਰ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 22 ਜੁਲਾਈ, 2016 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ, 2022 ਚੱਲ ਰਹੀ ਹੈ।

ਅਮਰੀਕਨ ਸਿਟੀਜ਼ਨ ਦੇ ਅਣਵਿਆਹੇ ਬੱਚੇ, ਜਿਹੜੇ ਕਿ 21 ਸਾਲ ਤੋਂ ਵੱਧ ਹਨ, ਜਿਹੜੇ ਕਿ F-1 ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਸਮਾਂ ਸੂਚੀ 15 ਮਾਰਚ, 2016 ਦਰਸਾ ਰਹੀ ਹੈ।

ਨੈਸ਼ਨਲ ਵੀਜ਼ਾ ਸੈਂਟਰ ਵੱਲੋਂ ਇੰਟਰਵਿਊ ਦਾ ਸਮਾਂ F-4 ਕੈਟਾਗਰੀ ਲਈ 1 ਅਕਤੂਬਰ, 2006 ਤੋਂ ਪਹਿਲਾਂ ਅਪਲਾਈ ਹੋਏ ਅਰਜ਼ੀਕਾਰਾਂ ਤੋਂ ਪੇਪਰ ਮੰਗੇ ਜਾ ਰਹੇ ਹਨ। F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 1 ਫਰਵਰੀ, 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਟੈਰਿਫ ਯੁੱਧ: ਅਮਰੀਕਾ ਵੱਲੋਂ ਹੁਣ ਚੀਨ 'ਤੇ 245 ਫੀਸਦੀ ਟੈਰਿਫ ਲਾਉਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)**-ਅਮਰੀਕਾ ਅਤੇ ਚੀਨ ਵਿਚਕਾਰ ਟੈਰਿਫ ਯੁੱਧ ਜਾਰੀ ਹੈ। ਇਸ ਵਿਚਕਾਰ ਅਮਰੀਕਾ ਹੁਣ ਚੀਨ 'ਤੇ 245 ਫੀਸਦੀ ਟੈਰਿਫ ਵਸੂਲਣ ਵਾਲਾ ਹੈ। ਇਹ ਅੰਕੜਾ ਜੋ ਹੁਣ ਤੱਕ ਸਿਰਫ਼ 145 ਫੀਸਦੀ ਸੀ, ਜੋ ਕਿ ਹੁਣ ਵਧ ਕੇ 245 ਫੀਸਦੀ ਹੋਣ ਜਾ ਰਿਹਾ ਹੈ। ਦਰਅਸਲ, ਮੰਗਲਵਾਰ ਦੇਰ ਰਾਤ ਅਮਰੀਕਾ ਨੇ ਚੀਨੀ ਦਰਾਮਦਾਂ 'ਤੇ 245 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ।

ਵ੍ਹਾਈਟ ਹਾਊਸ ਨੇ ਇੱਕ ਬਿਆਨ ਵਿਚ ਕਿਹਾ ਕਿ ਚੀਨ ਨੂੰ ਹੁਣ ਆਪਣੇ ਆਯਾਤ 'ਤੇ 245 ਫੀਸਦੀ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ। ਇਸ ਤੋਂ ਪਹਿਲਾਂ ਵੀ ਅਮਰੀਕਾ ਇਸੇ ਤਰ੍ਹਾਂ ਚੀਨ 'ਤੇ ਲਗਾਤਾਰ ਟੈਰਿਫ ਲਗਾਉਣ ਦਾ ਐਲਾਨ ਕਰ ਚੁੱਕਾ ਹੈ।

■ ਬਾਕੀ ਖ਼ਬਰ ਸਫਾ 18 'ਤੇ

## ਸਵੈ-ਇੱਛਾ ਨਾਲ ਅਮਰੀਕਾ ਛੱਡਣ ਵਾਲਿਆਂ ਨੂੰ ਟਰੰਪ ਦੇਣਗੇ ਟਿਕਟ ਦਾ ਖਰਚਾ!

**ਵਾਸ਼ਿੰਗਟਨ, (ਪੰਜਾਬ ਮੇਲ)**-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਮੁਲਕ 'ਚ ਗ਼ੈਰਕਾਨੂੰਨੀ ਤੌਰ 'ਤੇ ਰਹਿ ਰਹੇ ਉਨ੍ਹਾਂ ਪ੍ਰਵਾਸੀਆਂ ਨੂੰ ਪੈਸੇ ਅਤੇ ਜਹਾਜ਼ ਦੀ ਟਿਕਟ ਦੇਣਗੇ, ਜੋ ਆਪਣੀ ਮਰਜ਼ੀ ਨਾਲ ਡਿਪੋਰਟ ਹੋਣਗੇ। ਟਰੰਪ ਨੇ ਮੰਗਲਵਾਰ ਨੂੰ ਇੰਟਰਵਿਊ ਦੌਰਾਨ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਹਾਲੇ 'ਕਾਤਲਾਂ' ਨੂੰ ਦੇਸ਼ 'ਚੋਂ ਕੱਢਣ 'ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ। ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਹੋਰ ਲੋਕਾਂ ਲਈ ਟਰੰਪ ਨੇ ਕਿਹਾ ਕਿ ਉਹ 'ਸਵੈ ਡਿਪੋਰਟੇਸ਼ਨ' ਪ੍ਰੋਗਰਾਮ ਨੂੰ ਲਾਗੂ ਕਰਨਗੇ। ਉਨ੍ਹਾਂ ਯੋਜਨਾ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਮਰੀਕਾ ਗ਼ੈਰਕਾਨੂੰਨੀ ਪ੍ਰਵਾਸੀਆਂ ਨੂੰ ਜਹਾਜ਼ ਦਾ ਕਿਰਾਇਆ ਅਤੇ ਕੁਝ ਪੈਸੇ ਦੇਵੇਗਾ। ਟਰੰਪ ਨੇ ਕਿਹਾ, "ਅਸੀਂ ਉਨ੍ਹਾਂ ਨੂੰ ਕੁਝ ਪੈਸੇ ਦੇਵਾਂਗੇ। ਅਸੀਂ ਉਨ੍ਹਾਂ ਨੂੰ ਜਹਾਜ਼ ਦੀ ਟਿਕਟ ਦੇਵਾਂਗੇ ਅਤੇ ਜੇ



ਉਹ ਚੰਗੇ ਹਨ ਅਤੇ ਵਾਪਸ ਆਉਣਾ ਚਾਹੁੰਦੇ ਹਨ, ਤਾਂ ਅਸੀਂ ਉਨ੍ਹਾਂ ਨਾਲ ਕੰਮ ਕਰਾਂਗੇ। ਅਸੀਂ ਉਨ੍ਹਾਂ ਨਾਲ ਮਿਲ ਕੇ ਕੰਮ ਕਰਾਂਗੇ, ਤਾਂ ਜੋ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਵਾਪਸ ਲਿਆਂਦਾ ਜਾ ਸਕੇ।" ਰਾਸ਼ਟਰਪਤੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਹੋਟਲਾਂ ਅਤੇ ਖੇਤਾਂ 'ਚ ਕਾਮੇ ਮਿਲ ਸਕਣ। ਉਨ੍ਹਾਂ ਕਿਹਾ ਕਿ ਨਵੀਂ ਯੋਜਨਾ ਨਾਲ ਕਿਸਾਨਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਉਹ ਚਾਹੁਦੇ ਹਨ ਕਿ ਲੋਕ ਕਾਨੂੰਨੀ ਢੰਗ ਨਾਲ ਮੁਲਕ 'ਚ ਆ ਕੇ ਕੰਮ ਕਰਨ।

## ਆਈ.ਸੀ.ਈ. ਵੱਲੋਂ ਗਰੀਨ ਕਾਰਡ ਹੋਲਡਰ ਅਤੇ ਸਟੱਡੀ ਵੀਜ਼ਾ ਧਾਰਕ ਗ੍ਰਿਫ਼ਤਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਇਕ ਵੱਡੀ ਕਾਰਵਾਈ ਕਰਦਿਆਂ ਕੋਲੰਬੀਆ ਯੂਨੀਵਰਸਿਟੀ 'ਚ ਫਲਸਤੀਨ ਹਮਾਇਤੀ ਮੁਜ਼ਾਹਰਾ ਕਰਵਾਉਣ ਵਾਲੇ ਮੋਹਸਿਨ ਮਦਾਵੀ ਨੂੰ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਹ ਸਿਟੀਜ਼ਨਸ਼ਿਪ ਦੀ ਅਰਜ਼ੀ ਦਾਇਰ ਵਰਮੌਂਟ ਦੇ ਇੰਮੀਗ੍ਰੇਸ਼ਨ ਦਫ਼ਤਰ ਵਿਚ ਪੁੱਜਾ। ਗਰੀਨ ਕਾਰਡ ਹੋਲਡਰ ਹੋਣ ਦੇ ਬਾਵਜੂਦ ਮੋਹਸਿਨ ਨੂੰ ਗ੍ਰਿਫ਼ਤਾਰ ਕਰ ਕੇ ਕੌਲਚੈਸਟਰ ਦੇ ਡਿਟੈਨਸ਼ਨ ਸੈਂਟਰ ਵਿਚ ਲਿਜਾਇਆ ਗਿਆ। ਇਸੇ ਦੌਰਾਨ ਵਰਮੌਂਟ ਦੇ ਇਕ ਜ਼ਿਲ੍ਹਾ ਜੱਜ ਵੱਲੋਂ ਮੋਹਸਿਨ ਨੂੰ ਡਿਪੋਰਟ ਕਰਨ 'ਤੇ ਆਰਜ਼ੀ ਰੋਕ ਲਾ ਦਿੱਤੀ ਗਈ ਹੈ। ਮੋਹਸਿਨ ਦੀ ਵਕੀਲ ਲੂਨਾ ਡਰੂਬੀ ਨੇ ਕਿਹਾ ਕਿ ਇਹ ਗ੍ਰਿਫ਼ਤਾਰ ਸਿਰਫ਼ ਅਤੇ ਸਿਰਫ਼

■ **ਅਦਾਲਤ ਵੱਲੋਂ ਆਰਜ਼ੀ ਰੋਕਾਂ ਲਾਉਣ ਦੇ ਬਾਵਜੂਦ ਡਿਪੋਰਟ ਕਰਨ ਦੀ ਤਿਆਰੀ**



ਫਲਸਤੀਨੀ ਮੂਲ ਦਾ ਹੋਣ ਕਾਰਨ ਕੀਤੀ ਗਈ ਹੈ ਅਤੇ ਗਾਜ਼ਾ ਵਿਚ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਆਵਾਜ਼ ਬੰਦ ਕਰਨ ਦਾ ਇਕ ਕੋਝਾ ਯਤਨ ਵੀ ਹੈ।


ਅਦਾਲਤ ਵਿਚ ਦਾਇਰ ਦਸਤਾਵੇਜ਼ਾਂ ਮੁਤਾਬਕ ਮੋਹਸਿਨ ਦਾ ਜਨਮ ਪੱਛਮੀ ਗਾਜ਼ਾ ਦੇ ਇਕ ਰਫਿਊਜੀ ਕੈਂਪ ਵਿਚ ਹੋਇਆ ਅਤੇ

■ ਬਾਕੀ ਖ਼ਬਰ ਸਫਾ 18 'ਤੇ

## ਟਰੰਪ ਅਮਰੀਕਾ 'ਚ ਖਤਮ ਕਰਨਾ ਚਾਹੁੰਦੇ ਹਨ ਇਨਕਮ ਟੈਕਸ

**ਨਿਊਯਾਰਕ, (ਪੰਜਾਬ ਮੇਲ)**-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਤਾਜ਼ਾ ਇੰਟਰਵਿਊ ਵਿਚ ਇਸ਼ਾਰਾ ਦਿੱਤਾ ਹੈ ਕਿ ਉਹ ਦੇਸ਼ ਵਿਚ ਆਮਦਨ ਕਰ (ਇਨਕਮ ਟੈਕਸ) ਨੂੰ ਪੂਰੀ ਤਰ੍ਹਾਂ ਖਤਮ ਕਰਨਾ ਚਾਹੁੰਦੇ ਹਨ। ਟਰੰਪ ਦੇ ਅਨੁਸਾਰ, ਨਵੀਂ ਟੈਰਿਫ ਨੀਤੀ ਰਾਹੀਂ ਅਮਰੀਕਾ ਇੰਨਾ ਵੱਡਾ ਰਾਜਸਵ ਇਕੱਠਾ ਕਰ ਸਕਦਾ ਹੈ ਕਿ ਆਮਦਨ ਕਰ ਦੀ ਲੋੜ ਹੀ ਨਹੀਂ ਰਹੇਗੀ। ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ 1870 ਤੋਂ 1913 ਤੱਕ ਅਮਰੀਕਾ ਵਿਚ ਕੇਵਲ ਟੈਰਿਫ ਰਾਹੀਂ ਹੀ ਸਰਕਾਰੀ ਖ਼ਰਚੇ ਪੂਰੇ ਕੀਤੇ ਜਾਂਦੇ ਸਨ ਅਤੇ ਉਦੋਂ ਅਮਰੀਕਾ ਦੁਨੀਆਂ ਦਾ ਸਭ ਤੋਂ ਅਮੀਰ ਦੇਸ਼ ਸੀ। "ਇਹ ਇਕ ਵੱਡਾ ਮੌਕਾ ਹੈ, ਸਿਰਫ਼ ਟੈਰਿਫ ਰਾਹੀਂ ਹੀ ਅਸੀਂ ਆਮਦਨ ਕਰ ਦੀ ਥਾਂ ਲੈ ਸਕਦੇ ਹਾਂ," ਟਰੰਪ ਨੇ ਦਲੀਲ ਦਿੱਤੀ।

■ **ਇੰਟਰਵਿਊ 'ਚ ਕੀਤਾ ਇਸ਼ਾਰਾ**



ਯਾਦ ਰਹੇ ਕਿ ਆਮਦਨ ਕਰ ਵਿਚ ਕਿਸੇ ਵੀ ਤਰ੍ਹਾਂ ਦੇ ਬਦਲਾਅ ਦੀ ਮਨਜ਼ੂਰੀ ਅਮਰੀਕੀ ਕਾਂਗਰਸ ਰਾਹੀਂ ਹੀ ਹੋ ਸਕਦੀ ਹੈ, ਕਿਉਂਕਿ ਕਾਂਗਰਸ ਕੋਲ ਟੈਕਸ ਨੀਤੀਆਂ ਬਣਾਉਣ ਦਾ ਸੰਵਿਧਾਨਕ ਅਧਿਕਾਰ ਹੈ। ਟਰੰਪ ਨੇ ਇੰਟਰਵਿਊ ਦੌਰਾਨ ਇਹ ਵੀ ਕਿਹਾ ਕਿ ਉਹ ਟੈਰਿਫ ਰਾਹੀਂ ਆਉਣ ਵਾਲੇ ਪੈਸੇ ਨਾਲ ਸਿਰਫ਼ ਆਮਦਨ ਕਰ ਨਹੀਂ, ਬਲਕਿ ਟਿਪਸ ਤੇ ਸਮਾਜਿਕ ਸੁਰੱਖਿਆ 'ਤੇ ਲੱਗਣ ਵਾਲੇ ਟੈਕਸ ਵੀ ਖਤਮ ਕਰ ਸਕਦੇ ਹਨ।

ਟਰੰਪ ਨੇ ਦੱਸਿਆ ਕਿ 1880 ਦੇ ਦਹਾਕੇ ਵਿਚ ਇੱਕ ਕਮੇਟੀ ਬਣਾਈ ਗਈ ਸੀ, ਜਿਸਦਾ ਮਕਸਦ ਇਹ ਫੈਸਲਾ ਕਰਨਾ ਸੀ ਕਿ ਟੈਰਿਫ ਰਾਹੀਂ ਆਉਣ ਵਾਲਾ ਪੈਸਾ ਕਿਵੇਂ ਵਰਤਣਾ ਹੈ। ਉਸਨੇ ਇਲਜ਼ਾਮ ਲਾਇਆ ਕਿ 1913 ਵਿਚ ਆਮਦਨ ਕਰ ਦੀ ਸ਼ੁਰੂਆਤ "ਚਲਾਕੀ ਨਾਲ" ਕੀਤੀ ਗਈ। ਉਨ੍ਹਾਂ ਕਿਹਾ ਕਿ 1931-32 ਵਿਚ ਟੈਰਿਫ ਸਿਸਟਮ ਵਾਪਸ ਲਿਆਂਦੇ ਜਾਣ ਦੀ ਕੋਸ਼ਿਸ਼ ਹੋਈ, ਪਰ ਉਹ ਸਮਾਂ ਲੰਘ ਚੁੱਕਾ ਸੀ। ਟਰੰਪ ਮੁਕਰਰ ਕਰਦੇ ਹਨ ਕਿ ਮਹਾਨ ਮੰਦੀ ਟੈਰਿਫ ਕਾਰਨ ਨਹੀਂ, ਬਲਕਿ ਉਸ ਤੋਂ ਪਹਿਲਾਂ ਹੀ ਆ ਚੁੱਕੀ ਸੀ।

ਟਰੰਪ ਨੇ ਆਪਣੇ ਕਾਰਜਕਾਲ ਦੌਰਾਨ

■ ਬਾਕੀ ਖ਼ਬਰ ਸਫਾ 18 'ਤੇ

## ਹਾਈ ਕੋਰਟ ਵੱਲੋਂ ਪ੍ਰਤਾਪ ਬਾਜਵਾ ਦੀ ਗ੍ਰਿਫ਼ਤਾਰੀ 'ਤੇ 22 ਅਪ੍ਰੈਲ ਤੱਕ ਰੋਕ



**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਾਂਗਰਸੀ ਆਗੂ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਵੱਡੀ ਰਾਹਤ ਦਿੱਤੀ ਹੈ। ਪ੍ਰਤਾਪ ਬਾਜਵਾ ਨੇ 'ਬੰਬਾਂ ਬਾਰੇ ਬਿਆਨ' ਮਾਮਲੇ ਵਿਚ ਪੰਜਾਬ ਪੁਲਿਸ ਵੱਲੋਂ ਮੁਹਾਲੀ ਦੇ ਫੇਜ਼ 7 ਥਾਣੇ ਵਿਚ ਦਰਜ ਐੱਫ.ਆਈ.ਆਰ. ਰੱਦ ਕਰਾਉਣ ਲਈ ਹਾਈ ਕੋਰਟ ਵਿਚ ਪਟੀਸ਼ਨ

■ **ਕਾਂਗਰਸੀ ਆਗੂ ਨੂੰ ਕਿਸੇ ਤਰ੍ਹਾਂ ਦੀ ਬਿਆਨਬਾਜ਼ੀ ਤੋਂ ਰੋਕਿਆ; ਜਾਂਚ ਵਿਚ ਸਹਿਯੋਗ ਲਈ ਕਿਹਾ**
■ **ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ**

ਦਾਇਰ ਕੀਤੀ ਸੀ।

ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ ਮਗਰੋਂ ਪ੍ਰਤਾਪ ਬਾਜਵਾ ਦੀ ਗ੍ਰਿਫਤਾਰੀ 'ਤੇ 22 ਅਪ੍ਰੈਲ ਤੱਕ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਬਾਜਵਾ ਨੂੰ ਪ੍ਰੈੱਸ ਵਿਚ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਤੋਂ ਵੀ ਰੋਕ ਦਿੱਤਾ ਹੈ। ਹਾਈ ਕੋਰਟ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਪੁਲਿਸ ਜਾਂਚ ਵਿਚ ਸਹਿਯੋਗ ਕਰਨ ਲਈ ਕਿਹਾ ਹੈ।

ਬਾਜਵਾ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਉਨ੍ਹਾਂ ਦੇ ਮੁਵੱਕਿਲ ਦਾ ਬਿਆਨ ਅਖ਼ਬਾਰ ਵਿਚ ਛਪੀ ਖ਼ਬਰ ਉੱਤੇ ਆਧਾਰਿਤ ਸੀ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ ਅਤੇ ਇਸ ਮਾਮਲੇ ਵਿਚ ਜਵਾਬ ਦਾਇਰ ਕਰਨ ਲਈ ਕਿਹਾ ਹੈ। ਅਗਲੀ ਸੁਣਵਾਈ 22 ਅਪ੍ਰੈਲ ਨੂੰ ਹੋਵੇਗੀ।

■ ਬਾਕੀ ਖ਼ਬਰ ਸਫਾ 18 'ਤੇ

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਸਜ਼ਾ ਮੁਆਫ਼ੀ ਬਾਰੇ ਫੌਰੀ ਫ਼ੈਸਲਾ ਲੈਣ ਦੀ ਅਪੀਲ

**ਅੰਮ੍ਰਿਤਸਰ, (ਪੰਜਾਬ ਮੇਲ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਅਰਜ਼ੀ 'ਤੇ ਤੁਰੰਤ ਫ਼ੈਸਲਾ ਲਵੇ। ਇਹ ਅਪੀਲ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤੀ ਗਈ। ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਦੇ ਵਿਧੀ-ਵਿਧਾਨ ਨੂੰ ਤਿਆਰ ਕਰਨ ਦਾ ਮਾਮਲਾ

■ **ਮਾਮਲੇ ਬਾਰੇ ਸੁਪਰੀਮ ਕੋਰਟ ਕੇਂਦਰ ਨੂੰ ਨਿਰਦੇਸ਼ ਦੇਵੇ: ਸ਼੍ਰੋਮਣੀ ਕਮੇਟੀ**



ਫਿਲਹਾਲ ਲਟਕਣ ਦੀ ਸੰਭਾਵਨਾ ਹੈ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਨੇ ਆਪਣੇ ਮੁਲਾਜ਼ਮਾਂ ਨੂੰ ਚਾਰ ਫ਼ੀਸਦੀ ਮਹਿੰਗਾਈ ਭੱਤਾ ਦੇਣ ਦਾ ਫ਼ੈਸਲਾ ਲਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਭਾਈ ਰਾਜੋਆਣਾ ਦੇ ਮਾਮਲੇ 'ਤੇ ਮੀਟਿੰਗ ਵਿਚ ਵਿਸ਼ੇਸ਼ ਮਤਾ ਪਾਸ ਕਰਕੇ ਸੁਪਰੀਮ ਕੋਰਟ ਪਾਸੋਂ ਮੰਗ ਕੀਤੀ ਗਈ ਕਿ ਉਹ ਭਾਈ ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਤੁਰੰਤ ਫ਼ੈਸਲਾ ਲੈਣ ਲਈ ਕੇਂਦਰ ਸਰਕਾਰ

■ ਬਾਕੀ ਖ਼ਬਰ ਸਫਾ 18 'ਤੇ

AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

# 11th Annual Buyer's Trade Show

## Thursday May 1st, 2025 , 12:30pm - 5:30pm

**at SUNRISE BANQUET HALLS & EVENT CENTER**
**620 ORANGE DR, VACAVILLE CA 95687**

# ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

# 11ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## ਵੀਰਵਾਰ, 1 ਮਈ 2025, 12.30 ਤੋਂ 5.30 ਵਜੇ ਤੱਕ

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 11ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 120 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



Copyright @ Punjab Mail USA

**Cash Prizes, A GRAND PRIZE, and free Raffle Prizes are being given away**

*APCA "Charity Golf Tournament"*



**April 30th, 2025**

*Chardonnay Golf Club*

**Supporting :**

**"Children Miracle Networking Hospitals**

2255 Jameson Canyon Road, American Canyon, CA 94503

ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ

**ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

*Evening Entertainment :*

**DJ, Music, Dance and Dinner**

*For More Information*

**KEWAL KRISHAN: 510-290-7144 | APCA OFFICE: 916-627-1170**


916 ROYAL TEES
GOLF TOURNAMENT
WILD HAWK GOLF CLUB
7713 VINEYARD RD SACRAMENTO, CA 95829
SHAHEED BABA DEEP SINGH SPORTS ACADEMY
SACRAMENTO, USA
PARGAT SANDHU
GURMEET WARAICH
TARLOCHAN ATWAL
GURDEV S TOOR
DHEERA NIJJAR
HAPPY BARIANA
BITTU RANDHAWA
HARRY SANGHA
GOLDY LALLY
SHERU BHATIA
KEHAR S GILL
BHUPINDER S SANGHERA
BHINDA CHAHAL
SAUKH KULAR
RAVI NAGRA
HAPPY AULAKH
PAMMA ATWAL
GINDA PALWAN
SONI KANG
NINDI THANDI
PAMMA LIDHAR
PINDI SANDHU
INDERJIT SINGH
BALWINDER SANDHU
PIARA SANDHU
LADDA KAHLON
RAJA KOONER
SABI HAYER
GURJIT DEOL
BALPREET BRAR
APRIL 19,2025 7AM
For Booking Visit our website-. https://916royaltees.wixsite.com
CONTACT: 916-952-1313
Space sponsored by
Gurjatinder S. Randhawa
(REALTOR) CA DRE licence # 01490567
RE/MAX
RE/MAX Outstanding Agents Outstanding Results
916-320-9444

# ਅਮਰੀਕੀ ਕਾਂਗਰਸ ਵੱਲੋਂ 'ਸਾਕਾ ਨਕੋਦਰ' ਨੂੰ ਮਾਨਤਾ ਦੇਣ ਵਾਲਾ ਮਤਾ ਪਾਸ

- 1986 ਵਿਚ ਚਾਰ ਸਿੱਖ ਨੌਜਵਾਨ ਪੰਜਾਬ ਪੁਲਿਸ ਦੀਆਂ ਗੋਲੀਆਂ ਨਾਲ ਹੋਏ ਸਨ ਸ਼ਹੀਦ
- ਪੰਜਾਬ ਵਿਧਾਨ ਸਭਾ ਨੇ ਸ਼ਰਧਾਂਜਲੀਆਂ ਤਾਂ ਦਿੱਤੀਆਂ ਪਰ ਰਿਪੋਰਟ ਸਦਨ ਵਿਚ ਨਾ ਰੱਖੀ



ਨਕੋਦਰ ਬੇਅਦਬੀ ਕਾਂਡ ਵਿਚ ਸ਼ਹੀਦ ਹੋਏ ਰਵਿੰਦਰ ਸਿੰਘ ਦੇ ਮਾਪਿਆਂ ਨੂੰ ਮਤੇ ਦੀ ਕਾਪੀ ਭੇਟ ਕਰਦੇ ਹੋਏ ਕਾਂਗਰਸਮੈਨ ਜਿੰਮੀ ਪਾਨੇਟਾ।

**ਜਲੰਧਰ, (ਪੰਜਾਬ ਮੇਲ)**- ਅਮਰੀਕੀ ਕਾਂਗਰਸ ਨੇ ਸਾਕਾ ਨਕੋਦਰ ਨੂੰ ਮਾਨਤਾ ਦੇਣ ਵਾਲਾ ਮਤਾ ਪਾਸ ਕਰ ਦਿੱਤਾ ਹੈ। ਪਾਸ ਹੋਏ ਮਤੇ ਦੀ ਕਾਪੀ ਸਾਕਾ ਨਕੋਦਰ ਦੇ ਸ਼ਹੀਦ ਹੋਏ ਸਿੱਖ ਨੌਜਵਾਨ ਦੇ ਮਾਪਿਆਂ ਨੂੰ ਕਾਂਗਰਸਮੈਨ ਜਿੰਮੀ ਪਾਨੇਟਾ ਨੇ ਅਮਰੀਕਾ ਦੇ ਸੈਨਹੋਜ਼ੇ ਦੇ ਗੁਰਦੁਆਰੇ ਵਿਚ ਵਿਸਾਖੀ ਦੇ ਸਮਾਗਮ ਦੌਰਾਨ ਭੇਟ ਕੀਤੀ। ਹਾਲਾਂਕਿ ਇਹ ਮਤਾ 6 ਫਰਵਰੀ ਨੂੰ ਪਾਸ ਕੀਤਾ ਗਿਆ ਸੀ। ਮਤੇ ਵਿਚ ਪੰਜਾਬ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਚਾਰ ਨੌਜਵਾਨਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੌਰਾਨ ਭਾਈ ਰਵਿੰਦਰ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਝਿਲਮਣ ਸਿੰਘ ਅਤੇ ਭਾਈ ਬਲਧੀਰ ਸਿੰਘ ਨੂੰ 6 ਫਰਵਰੀ ਨੂੰ ਅਮਰੀਕੀ ਕਾਂਗਰਸ ਵੱਲੋਂ ਸ਼ਰਧਾਂਜਲੀ ਦਿੱਤੀ ਗਈ ਸੀ। ਪਾਸ ਕੀਤੇ ਮਤੇ ਦੀ ਕਾਪੀ ਇਸ ਸਾਕੇ ਵਿਚ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਬਾਪੂ ਬਲਦੇਵ ਸਿੰਘ ਅਤੇ ਮਾਤਾ ਬਲਦੀਪ ਕੌਰ ਨੂੰ ਵੀ ਭੇਟ ਕੀਤੀ ਗਈ। ਦੁੱਖ ਦੀ ਗੱਲ ਹੈ ਕਿ ਬਾਕੀ ਦੇ ਤਿੰਨ ਸ਼ਹੀਦਾਂ ਦੇ ਮਾਪੇ ਆਪਣੇ ਪੁੱਤਰਾਂ ਨੂੰ ਇਨਸਾਫ਼ ਨਾ ਮਿਲਣ ਤੋਂ ਬਿਨਾਂ ਹੀ ਅਕਾਲ ਚਲਾਣਾ ਕਰ ਗਏ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਇਨ੍ਹਾਂ ਚਾਰੇ ਸਿੱਖ ਨੌਜਵਾਨਾਂ ਨੂੰ ਸ਼ਰਧਾਂਜਲੀ ਤਾਂ ਦਿੱਤੀ ਗਈ ਸੀ ਪਰ ਇਸ ਕਤਲੇਆਮ ਦੀ ਜਾਂਚ ਰਿਪੋਰਟ ਕਦੇ ਵੀ ਸਦਨ ਵਿਚ ਨਹੀਂ ਰੱਖੀ ਗਈ।

ਜ਼ਿਕਰਯੋਗ ਹੈ ਕਿ 4 ਫਰਵਰੀ 1986 ਨੂੰ ਵਾਪਰਿਆ ਨਕੋਦਰ ਬੇਅਦਬੀ ਕਾਂਡ ਬਹੁਤ ਚਰਚਾ ਵਿਚ ਰਿਹਾ ਸੀ। ਘਟਨਾ ਦੇ ਲਗਪਗ 40 ਸਾਲ ਬੀਤ ਜਾਣ ਦੇ ਬਾਵਜੂਦ ਕੋਈ ਮੁਲਜ਼ਮ ਫੜਿਆ ਨਹੀਂ ਗਿਆ ਤੇ ਨਾ ਹੀ ਕਿਸੇ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਨਿਯੁਕਤ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਨੇ 31 ਅਕਤੂਬਰ, 1986 ਨੂੰ ਰਿਪੋਰਟ ਪੇਸ਼ ਕਰ ਦਿੱਤੀ ਸੀ। ਇਹ ਰਿਪੋਰਟ ਕਦੇ ਵੀ ਪੰਜਾਬ ਵਿਧਾਨ ਸਭਾ ਵਿਚ ਨਹੀਂ ਰੱਖੀ ਗਈ। ਕਾਂਗਰਸਮੈਨ ਪਾਨੇਟਾ ਦੀ ਸ਼ਲਾਘਾ ਕਰਦੇ ਹੋਏ ਬਾਪੂ ਬਲਦੇਵ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਦੀ ਕਿਸੇ ਵੀ ਸੰਸਥਾ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਬਚੀ ਹੈ। ਕੈਲੀਫੋਰਨੀਆ ਤੋਂ ਅਮਰੀਕੀ ਕਾਂਗਰਸ ਦੇ ਪ੍ਰਤੀਨਿਧੀ ਜਿੰਮੀ ਪਾਨੇਟਾ ਨੇ ਮਤਾ ਪਾਸ ਹੋਣ ਦੌਰਾਨ ਸਪੀਕਰ ਨੂੰ ਕਿਹਾ ਸੀ ਕਿ ਉਹ 4 ਫਰਵਰੀ 1986 ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੰਦੇ ਹਨ। ਉਸ ਦਿਨ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸ਼ਾਂਤੀਪੂਰਵਕ ਵਿਰੋਧ ਕਰਦੇ ਹੋਏ ਚਾਰ ਨਿਹੱਥੇ ਸਿੱਖ ਵਿਦਿਆਰਥੀਆਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕੇਸ ਵਿਚ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ ਤੇ ਨਾ ਹੀ ਕਦੇ ਕਿਸੇ ਨੂੰ ਅਦਾਲਤ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ। ਇੱਥੋਂ ਤੱਕ ਕਿ ਸਰਕਾਰ ਵੱਲੋਂ ਬਣਾਏ ਜਾਂਚ ਕਮਿਸ਼ਨ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। 4 ਫਰਵਰੀ ਪੰਜਾਬ ਦੇ ਸਿੱਖਾਂ ਲਈ ਹੀ ਨਹੀਂ, ਸਗੋਂ ਅਮਰੀਕਾ ਦੇ ਸਿੱਖਾਂ ਲਈ ਵੀ ਇੱਕ ਕਾਲਾ ਦਿਨ ਬਣਿਆ ਹੋਇਆ ਹੈ।

# ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵਾਂਸ 21 ਅਪ੍ਰੈਲ ਤੋਂ ਭਾਰਤ ਦੇ ਚਾਰ ਦਿਨਾਂ ਦੌਰੇ 'ਤੇ ਜਾਣਗੇ



ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵਾਂਸ ਤੇ ਉਨ੍ਹਾਂ ਦੀ ਪਤਨੀ ਊਸ਼ਾ ਵਾਂਸ ਦੀ ਫਾਈਲ ਫੋਟੋ।

**ਨਿਊਯਾਰਕ (ਰਾਜ ਗੋਗਨਾ/ ਪੰਜਾਬ ਮੇਲ)**-ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵਾਂਸ ਅਤੇ ਉਨ੍ਹਾਂ ਦੀ ਪਤਨੀ ਊਸ਼ਾ 21 ਅਪ੍ਰੈਲ ਤੋਂ ਭਾਰਤ ਦੇ ਚਾਰ ਦਿਨਾਂ ਦੌਰੇ 'ਤੇ ਜਾਣਗੇ। ਇਸ ਦੌਰਾਨ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ, ਜਿਸ ਵਿਚ ਤਜਵੀਜ਼ਤ ਦੁਵੱਲੇ ਵਪਾਰ ਸਮਝੌਤੇ ਨੂੰ ਜਲਦੀ ਅੰਤਿਮ ਰੂਪ ਦੇਣ ਅਤੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਾ ਸਕਦਾ ਹੈ। ਵਿਦੇਸ਼ ਮੰਤਰਾਲੇ (ਐੱਮ.ਈ.ਏ.) ਨੇ ਬੁੱਧਵਾਰ ਨੂੰ ਇਸ ਦੌਰੇ ਦਾ ਐਲਾਨ ਕੀਤਾ। ਵਾਂਸ ਦੇ ਦਫ਼ਤਰ ਨੇ ਵੀ ਵੱਖਰੇ ਤੌਰ 'ਤੇ ਯਾਤਰਾ ਦਾ ਐਲਾਨ ਕੀਤਾ ਹੈ। ਜੇਡੀ ਵਾਂਸ ਦੀ ਪਤਨੀ ਊਸ਼ਾ ਭਾਰਤੀ ਮੂਲ ਦੀ ਅਮਰੀਕੀ ਹੈ। ਰਾਸ਼ਟਰਪਤੀ ਡੋਨਲਡ ਟਰੰਪ ਦੇ ਟੈਰਿਫ ਵਿਵਾਦ ਕਾਰਨ ਵਧਦੀਆਂ ਆਲਮੀ ਚਿੰਤਾਵਾਂ ਦਰਮਿਆਨ ਜੇਡੀ ਵਾਂਸ ਭਾਰਤ ਦਾ ਦੌਰਾ ਕਰ ਰਹੇ ਹਨ ਅਤੇ ਦੋਵਾਂ ਧਿਰਾਂ ਵੱਲੋਂ ਤਜਵੀਜ਼ਤ ਵਪਾਰ ਸਮਝੌਤੇ ਦੀ ਮਜ਼ਬੂਤੀ ਲਈ ਚਰਚਾ ਕਰਨ ਦੀ ਸੰਭਾਵਨਾ ਹੈ, ਜਿਸਦਾ ਉਦੇਸ਼ ਟੈਰਿਫ, ਮਾਰਕੀਟ ਪਹੁੰਚ ਅਤੇ ਸਪਲਾਈ ਚੇਨ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨਾ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ, "ਇਹ ਉਪ ਰਾਸ਼ਟਰਪਤੀ ਵਾਂਸ ਦੀ ਭਾਰਤ ਦੀ ਪਹਿਲੀ ਯਾਤਰਾ ਹੋਵੇਗੀ। ਇਸ ਯਾਤਰਾ ਦੌਰਾਨ ਉਹ 21 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨਗੇ।" ਬਿਆਨ ਮੁਤਾਬਕ, "ਉਪ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਵਫ਼ਦ ਦੇ ਦਿੱਲੀ ਵਿਚ ਹੋਰ ਰੁਝੇਵੇਂ ਹੋਣਗੇ ਅਤੇ 24 ਅਪ੍ਰੈਲ ਨੂੰ ਵਾਸ਼ਿੰਗਟਨ ਡੀ.ਸੀ. ਲਈ ਰਵਾਨਾ ਹੋਣ ਤੋਂ ਪਹਿਲਾਂ ਜੈਪੁਰ ਅਤੇ ਆਗਰਾ ਦਾ ਦੌਰਾ ਕਰਨ ਦਾ ਵੀ ਪ੍ਰੋਗਰਾਮ ਹੈ।"

# ਕੈਨੇਡੀਅਨ ਅਧਿਆਪਕਾਂ ਨੂੰ ਅਮਰੀਕਾ ਦੀ ਯਾਤਰਾ ਸਬੰਧੀ ਚਿਤਾਵਨੀ ਜਾਰੀ

**ਹੈਲੀਫੈਕਸ, (ਪੰਜਾਬ ਮੇਲ)**- ਅਮਰੀਕਾ ਅਤੇ ਕੈਨੇਡਾ ਵਿਚਕਾਰ ਸਬੰਧ ਤਣਾਅਪੂਰਨ ਬਣਦੇ ਜਾ ਰਹੇ ਹਨ। ਹੁਣ ਕੈਨੇਡੀਅਨ ਯੂਨੀਵਰਸਿਟੀਆਂ ਵਿਚ ਫੈਕਲਟੀ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਸੰਸਥਾ ਨੇ ਆਪਣੇ ਮੈਂਬਰਾਂ ਨੂੰ ਅਮਰੀਕਾ ਦੀ ਬੇਲੋੜੀ ਯਾਤਰਾ ਤੋਂ ਬਚਣ ਦੀ ਚਿਤਾਵਨੀ ਦਿੱਤੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੁਆਰਾ ਬਣਾਏ ਗਏ ਰਾਜਨੀਤਿਕ ਮਾਹੌਲ ਅਤੇ ਕੁਝ ਕੈਨੇਡੀਅਨ ਨਾਗਰਿਕਾਂ ਨੂੰ ਸਰਹੱਦ ਪਾਰ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਵਿਚਕਾਰ ਕੈਨੇਡੀਅਨ ਐਸੋਸੀਏਸ਼ਨ ਆਫ ਯੂਨੀਵਰਸਿਟੀ ਟੀਚਰਜ਼ ਨੇ ਮੰਗਲਵਾਰ ਨੂੰ ਇੱਕ ਨਵੀਂ ਚਿਤਾਵਨੀ ਜਾਰੀ ਕੀਤੀ।

ਸੰਗਠਨ ਦਾ ਕਹਿਣਾ ਹੈ ਕਿ ਅਜਿਹੇ ਸਿੱਖਿਆ ਸ਼ਾਸਤਰੀਆਂ ਨੂੰ ਖਾਸ ਤੌਰ 'ਤੇ ਸਾਵਧਾਨ ਰਹਿਣਾ ਚਾਹੀਦਾ ਹੈ, ਜਿਹੜੇ ਉਨ੍ਹਾਂ ਦੇਸ਼ਾਂ ਤੋਂ ਆਉਂਦੇ ਹਨ, ਜਿਨ੍ਹਾਂ ਦੇ ਅਮਰੀਕਾ ਨਾਲ ਕੂਟਨੀਤਕ ਸਬੰਧ ਤਣਾਅਪੂਰਨ ਹਨ, ਜਾਂ ਜਿਨ੍ਹਾਂ ਨੇ ਜਨਤਕ ਤੌਰ 'ਤੇ ਟਰੰਪ ਪ੍ਰਸ਼ਾਸਨ ਵਿਰੁੱਧ ਆਲੋਚਨਾਤਮਕ ਵਿਚਾਰ ਪ੍ਰਗਟ ਕੀਤੇ ਹਨ। ਚਿਤਾਵਨੀ ਵਿਚ ਖਾਸ ਤੌਰ 'ਤੇ ਟਰਾਂਸਜੈਂਡਰ-ਪਛਾਣ ਵਾਲੇ ਅਕਾਦਮਿਕ ਅਤੇ ਖੋਜੀਆਂ ਨੂੰ ਸਾਵਧਾਨ ਕੀਤਾ ਗਿਆ ਹੈ, ਜਿਨ੍ਹਾਂ ਦੇ ਖੋਜ ਕਾਰਜ ਨੂੰ ਮੌਜੂਦਾ ਅਮਰੀਕੀ ਪ੍ਰਸ਼ਾਸਨ ਦੀਆਂ ਨੀਤੀਆਂ ਦੇ ਉਲਟ ਮੰਨਿਆ ਜਾ ਸਕਦਾ ਹੈ।

ਜਨਵਰੀ ਵਿਚ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਵਿਦੇਸ਼ੀਆਂ ਨੂੰ ਸੱਤ ਦਿਨਾਂ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਲਏ ਜਾਣ ਜਾਂ ਪ੍ਰੋਸੈਸਿੰਗ ਸੈਂਟਰਾਂ ਵਿਚ ਭੇਜੇ ਜਾਣ ਦੀਆਂ ਰਿਪੋਰਟਾਂ ਸੁਰਖੀਆਂ ਬਣੀਆਂ ਹਨ। ਕੈਨੇਡੀਅਨ ਸਰਕਾਰ ਨੇ ਅਮਰੀਕਾ ਦੀ ਯਾਤਰਾ ਲਈ ਆਪਣੀ ਹਾਲੀਆ ਯਾਤਰਾ ਸਲਾਹ ਵਿਚ ਆਪਣੇ ਨਾਗਰਿਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਸਰਹੱਦੀ ਸੁਰੱਖਿਆ ਕਰਮਚਾਰੀਆਂ ਦੁਆਰਾ ਉਨ੍ਹਾਂ ਤੋਂ ਸਖ਼ਤ ਪੁੱਛਗਿੱਛ ਕੀਤੀ ਜਾ ਸਕਦੀ ਹੈ ਅਤੇ ਜੇਕਰ ਉਨ੍ਹਾਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ, ਤਾਂ ਉਨ੍ਹਾਂ ਨੂੰ ਹਿਰਾਸਤ ਵਿੱਚ ਵੀ ਲਿਆ ਜਾ ਸਕਦਾ ਹੈ।

ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਸੰਸਦੀ ਚੋਣਾਂ 'ਚ ਲਿਬਰਲਾਂ ਤੇ ਟੋਰੀਆਂ ਵਿਚਕਾਰ ਫਸਵੀਂ ਟੱਕਰ ਦੀ ਸੰਭਾਵਨਾ



ਕੈਨੇਡਾ ਦੇ ਚੋਣ ਮੈਦਾਨ 'ਚ ਕੁੱਦੀਆਂ ਰਵਾਇਤੀ ਪਾਰਟੀਆਂ ਦੇ ਆਗੂ ਕ੍ਰਮਵਾਰ, ਬਲੈਂਚ ਫਰੈਂਕੋਸ (ਬਲਾਕ), ਜਗਮੀਤ ਸਿੰਘ (ਐੱਨ.ਡੀ.ਪੀ.), ਮਾਰਕ ਕਾਰਨੀ (ਲਿਬਰਲ), ਪੀਅਰੇ ਪੌਲੀਏਵਰ (ਕੰਜ਼ਰਵੇਟਿਵ) ਅਤੇ ਮੇਅ ਅਲਿਜ਼ਬੇਥ (ਗਰੀਨ)।

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਦੀਆਂ ਫੈਡਰਲ ਚੋਣਾਂ ਦਾ ਦਿਨ ਜਿਵੇਂ ਜਿਵੇਂ ਨੇੜੇ ਆਉਣ ਲੱਗਾ ਹੈ, ਤਿਵੇਂ ਤਿਵੇਂ ਵੋਟਰ ਮਨ ਖੋਲ੍ਹਣ ਲੱਗੇ ਹਨ, ਜਿਸ ਨਾਲ ਤਸਵੀਰ ਕੁਝ ਸਾਫ ਹੋਣ ਲੱਗੀ ਹੈ ਕਿ ਚੋਣਾਂ ਤੋਂ ਬਾਅਦ ਦੇਸ਼ ਦੀ ਵਾਗਡੋਰ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਹੱਥ ਰਹੇਗੀ ਜਾਂ ਉਸ ਕੁਰਸੀ 'ਤੇ ਕੰਜ਼ਰਵੇਟਿਵ ਆਗੂ ਪੀਅਰ ਪੋਲਿਵਰ ਬਿਰਾਜਮਾਨ ਹੋਣਗੇ।

ਭਰੋਸੇਮੰਦ ਮੰਨੇ ਜਾਂਦੇ ਕੁਝ ਸਰਵੇਖਣ ਅਦਾਰਿਆਂ ਵੱਲੋਂ ਜਾਰੀ ਰਿਪੋਰਟਾਂ ਮੁਤਾਬਕ ਟੱਕਰ ਦਿਨ ਬਦਿਨ ਫਸਵੀਂ ਬਣਦੀ ਜਾ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਕੁਝ ਨੀਤੀਆਂ ਕਾਰਨ ਪਾਰਟੀ ਨਾਲ ਨਾਰਾਜ਼ ਹੋਏ ਵੋਟਰਾਂ ਨੇ ਤਿੰਨ ਮਹੀਨੇ ਪਹਿਲਾਂ ਲਿਬਰਲ ਪਾਰਟੀ ਨੂੰ ਲੋਕਪ੍ਰਿਅਤਾ ਪੱਖੋਂ 25 ਫੀਸਦੀ ਤੱਕ ਹੇਠਾਂ ਸੁੱਟ ਦਿੱਤਾ ਸੀ, ਪਰ ਮਾਰਕ ਕਾਰਨੀ ਵਲੋਂ ਪ੍ਰਧਾਨ ਮੰਤਰੀ ਬਣ ਕੇ ਚੋਣਾਂ ਦਾ ਐਲਾਨ ਕਰਨ ਅਤੇ ਅਮਰੀਕਨ ਰਾਸ਼ਟਰਪਤੀ ਦੀਆਂ ਟੈਰਿਫ ਧਮਕੀਆਂ ਨਾਲ ਸਿੱਝਣ ਵਾਲੇ ਬਾਦਲੀਲ ਬਿਆਨਾਂ ਨੇ ਪਾਰਟੀ ਵਿਚ ਨਵੀਂ ਰੂਹ ਫੂਕੀ ਤੇ ਅਪ੍ਰੈਲ ਦੇ ਪਹਿਲੇ ਹਫਤੇ ਪਾਰਟੀ ਨੂੰ 44 ਫੀਸਦੀ ਲੋਕਪ੍ਰਿਅਤਾ 'ਤੇ ਲਿਜਾ ਖੜ੍ਹਾਇਆ, ਜਦਕਿ ਕੰਜ਼ਰਵੇਟਿਵ 37 ਫੀਸਦ 'ਤੇ ਜਾ ਅਟਕੇ।

ਹੁਣ ਉਨ੍ਹਾਂ ਸਰਵੇਖਣ ਏਜੰਸੀਆਂ ਦੇ ਤਾਜ਼ੇ ਸਰਵੇਖਣਾਂ ਵਿਚ ਲਿਬਰਲਾਂ ਤੇ ਟੋਰੀਆਂ ਦਾ ਫਰਕ ਸਿਰਫ 3 ਫੀਸਦੀ ਰਹਿ ਗਿਆ ਹੈ ਤੇ ਵੋਟ ਲਈ ਮਨ ਬਣਾ ਚੁੱਕੇ ਵੋਟਰਾਂ ਦੀ ਫੀਸਦੀ ਵਧਣ ਲੱਗੀ ਹੈ। ਬੇਸ਼ੱਕ ਕਿਊਬਕ ਸੂਬੇ ਤੱਕ ਹੀ ਸੀਮਤ ਬਲਾਕ ਕਿਊਬਕਵਾ ਦਾ ਗਰਾਫ 6 ਫੀਸਦੀ 'ਤੇ ਟਿਕਿਆ ਹੈ, ਪਰ ਤਾਜ਼ੇ ਸਰਵੇਖਣ ਵਿਚ ਪਤਾ ਲੱਗਾ ਹੈ ਕਿ ਕੈਨੇਡਾ ਭਰ 'ਚ ਆਪਣੇ ਉਮੀਦਵਾਰ ਖੜ੍ਹਾਉਣ ਵਾਲੀ ਨਿਊ ਡੈਮੋਕਰੈਟਿਕ ਪਾਰਟੀ ਦੇ ਚਹੇਤੇ ਇੱਕ ਫੀਸਦੀ ਘੱਟ ਗਏ ਹਨ। ਇਸ ਦੇ ਪ੍ਰਧਾਨ ਜਗਮੀਤ ਸਿੰਘ ਨੂੰ ਬਰਨਬੀ ਕੇਂਦਰੀ ਹਲਕੇ ਤੋਂ ਆਪਣੀ ਸੀਟ ਬਚਾਉਣੀ ਔਖੀ ਹੋਈ ਪਈ ਹੈ। ਗਰੀਨ ਪਾਰਟੀ ਪਹਿਲਾਂ ਵਾਂਗ ਦੋ ਢਾਈ ਫੀਸਦੀ 'ਤੇ ਸਿਮਟੀ ਹੋਈ ਹੈ।

ਵੋਟਰਾਂ ਵਲੋਂ ਅਗਲੇ ਪ੍ਰਧਾਨ ਮੰਤਰੀ ਵਜੋਂ ਦਰਸਾਈ ਪਸੰਦ 'ਤੇ ਗੌਰ ਕਰੀਏ, ਤਾਂ ਉਹ ਸੁਲਝੇ ਆਗੂ ਵਜੋਂ ਮਾਰਕ ਕਾਰਨੀ ਨੂੰ ਪੀਅਰੇ ਪੌਲੀਏਵਰ ਤੋਂ ਅੱਗੇ ਰੱਖਦੇ ਹਨ। ਸਿਆਸੀ ਸੂਝ ਵਾਲੇ ਲੋਕਾਂ ਦੇ ਸ਼ੰਕੇ ਵੀ ਹਨ ਕਿ ਸ਼ਾਇਦ ਮਾਰਕ ਕਾਰਨੀ ਪਾਰਟੀ ਨੀਤੀਆਂ ਵਿਚ ਵੱਡੇ ਬਦਲਾਅ ਕਰਨ ਵਿਚ ਸਫਲ ਨਾ ਹੋ ਸਕੇ ਤੇ ਦੇਸ਼ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਪਹਿਲਾਂ ਵਾਂਗ ਬਣੀਆਂ ਰਹਿਣ। ਵੋਟਰ ਤਿੰਨਾਂ ਵੱਡੀਆਂ ਪਾਰਟੀਆਂ ਦੇ ਆਗੂਆਂ ਵਲੋਂ ਕੀਤੇ ਜਾ ਰਹੇ ਵਾਅਦਿਆਂ ਨੂੰ ਵੋਟਰ ਭਰਮਾਊ ਸਮਝ ਕੇ ਉਨ੍ਹਾਂ 'ਤੇ ਭਰੋਸਾ ਕਰਨ ਤੋਂ ਕਤਰਾਉਣ ਲੱਗੇ ਹਨ। ਲੋਕਾਂ ਦੀਆਂ ਵੱਡੀਆਂ ਮੰਗਾਂ ਘਰਾਂ ਦੀ ਗਿਣਤੀ, ਅਮਨ ਕਨੂੰਨ, ਸਜ਼ਾਵਾਂ 'ਚ ਸਖ਼ਤੀ ਅਤੇ ਅਵਾਸ ਪਾਬੰਦੀਆਂ ਹਨ।

ਬਹੁਤੇ ਲੋਕ 20 ਤੇ 21 ਅਪ੍ਰੈਲ ਨੂੰ ਪਾਰਟੀ ਆਗੂਆਂ ਦੀ ਜਨਤਕ ਬਹਿਸ 'ਤੇ ਵੀ ਅੱਖਾਂ ਟਿਕਾਈ ਬੈਠੇ ਹਨ। ਪਿਛਲੀਆਂ ਚੋਣਾਂ ਵਿਚ ਆਮ ਕਰਕੇ ਇਹੀ ਬਹਿਸ ਵੋਟਰਾਂ ਦੇ ਮਨ ਪੱਕੇ ਕਰਦੀ ਰਹੀ ਹੈ। ਇਸ ਵਾਰ ਦੀ ਬਹਿਸ ਕੀ ਰੰਗ ਲਿਆਏਗੀ, ਇਸ ਦੀਆਂ ਕਿਆਸਅਰਾਈਆਂ ਤਾਂ ਬਹਿਸ ਤੋਂ ਅਗਲੇ ਦਿਨ ਸ਼ੁਰੂ ਹੋ ਜਾਣਗੀਆਂ, ਪਰ ਉਸ ਦਾ ਰੰਗ 28 ਅਪ੍ਰੈਲ ਰਾਤ ਨੂੰ ਹੀ ਉਘੜ ਕੇ ਸਾਹਮਣੇ ਆਏਗਾ।

# ਵ੍ਹਾਈਟ ਹਾਊਸ ਵੱਲੋਂ ਮੀਡੀਆ 'ਤੇ ਸ਼ਿਕੰਜ਼ਾ ਕਸਣ ਦੀ ਤਿਆਰੀ!

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਤੱਕ ਸਮਾਚਾਰ ਏਜੰਸੀਆਂ ਦੀ ਪਹੁੰਚ ਸੀਮਤ ਕਰਨ ਲਈ ਵ੍ਹਾਈਟ ਹਾਊਸ ਨੇ ਨਵਾਂ ਕਦਮ ਚੁੱਕਿਆ ਹੈ। ਵ੍ਹਾਈਟ ਹਾਊਸ ਨੇ ਮੰਗਲਵਾਰ ਨੂੰ ਇੱਕ ਨਵੀਂ ਮੀਡੀਆ ਨੀਤੀ ਪੇਸ਼ ਕੀਤੀ, ਜੋ ਦੁਨੀਆਂ ਭਰ ਦੇ ਮੀਡੀਆ ਸੰਗਠਨਾਂ ਦੀ ਸੇਵਾ ਕਰਨ ਵਾਲੀਆਂ ਨਿਊਜ਼ ਏਜੰਸੀਆਂ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਤੱਕ ਪਹੁੰਚ ਨੂੰ ਸੀਮਤ ਕਰਦੀ ਹੈ। ਇਹ ਪ੍ਰਸ਼ਾਸਨ ਦੀਆਂ ਗਤੀਵਿਧੀਆਂ ਦੀ ਕਵਰੇਜ ਨੂੰ ਕੰਟਰੋਲ ਕਰਨ ਦੀ ਇੱਕ ਨਵੀਂ ਕੋਸ਼ਿਸ਼ ਹੈ। ਇਹ ਨੀਤੀ ਐਸੋਸੀਏਟਿਡ ਪ੍ਰੈੱਸ (ਏ.ਪੀ.) ਅਤੇ ਹੋਰ ਨਿਊਜ਼ ਏਜੰਸੀਆਂ ਦੇ ਕੰਮਕਾਜ ਨੂੰ ਪ੍ਰਭਾਵਤ ਕਰੇਗੀ, ਜੋ ਆਪਣੇ ਨਿਊਜ਼ ਸੰਗਠਨਾਂ ਰਾਹੀਂ ਅਰਬਾਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਇਸ ਤੋਂ ਪਹਿਲਾਂ ਇੱਕ ਜੱਜ ਨੇ ਆਪਣੇ ਫ਼ੈਸਲੇ ਵਿਚ ਕਿਹਾ ਸੀ ਕਿ ਵ੍ਹਾਈਟ ਹਾਊਸ ਨੇ ਇਸ 'ਤੇ ਪਾਬੰਦੀ ਲਗਾ ਕੇ ਏ.ਪੀ. ਦੀ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਕੀਤੀ ਹੈ ਕਿਉਂਕਿ ਪ੍ਰਸ਼ਾਸਨ ਆਪਣੀਆਂ ਰਿਪੋਰਟਾਂ ਵਿਚ ਮੈਕਸੀਕੋ ਦੀ ਖਾੜੀ ਦਾ ਨਾਮ ਨਾ ਬਦਲਣ ਦੇ ਏ.ਪੀ. ਦੇ ਫ਼ੈਸਲੇ ਨਾਲ ਅਸਹਿਮਤ ਸੀ। ਓਵਲ ਆਫਿਸ ਅਤੇ ਏਅਰ ਫੋਰਸ ਵਨ ਵਰਗੀਆਂ ਥਾਵਾਂ ਦੀ ਕਵਰੇਜ ਲਈ ਨਵੀਂ ਨੀਤੀ ਦੀ ਰੂਪਰੇਖਾ ਦੱਸਦੇ ਹੋਏ ਵ੍ਹਾਈਟ ਹਾਊਸ ਨੇ ਕਿਹਾ ਕਿ ਇਸ ਨੀਤੀ ਤਹਿਤ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੂੰ ਇਹ ਫ਼ੈਸਲਾ ਕਰਨ ਦਾ ਅਧਿਕਾਰ ਹੋਵੇਗਾ ਕਿ ਰਾਸ਼ਟਰਪਤੀ ਟਰੰਪ ਨੂੰ ਕੌਣ ਸਵਾਲ ਪੁੱਛੇਗਾ। ਇਹ ਜਾਣਕਾਰੀ ਨੀਤੀ ਤੋਂ ਜਾਣੂ ਲੋਕਾਂ ਨੇ ਦਿੱਤੀ। ਮੰਗਲਵਾਰ ਸ਼ਾਮ ਨੂੰ ਵ੍ਹਾਈਟ ਹਾਊਸ ਨੂੰ ਇਸ ਸਬੰਧੀ ਸੁਨੇਹੇ ਭੇਜੇ ਗਏ ਸਨ, ਪਰ ਕੋਈ ਜਵਾਬ ਨਹੀਂ ਆਇਆ।

# ਟਰੰਪ ਵੱਲੋਂ ਛੇੜੀ ਟੈਰਿਫ਼ ਜੰਗ ਦਰਮਿਆਨ ਚੀਨ ਨੇ ਭਾਰਤ ਨਾਲ ਰਿਸ਼ਤੇ ਸੁਧਾਰਨ ਵੱਲ ਪੁੱਟਿਆ ਕਦਮ

**ਨਵੀਂ ਦਿੱਲੀ, (ਪੰਜਾਬ ਮੇਲ)**- ਅਮਰੀਕਾ ਨਾਲ ਜਾਰੀ ਟੈਰਿਫ਼ ਜੰਗ ਦਰਮਿਆਨ ਚੀਨ ਨੇ ਭਾਰਤ ਨਾਲ ਰਿਸ਼ਤੇ ਸੁਧਾਰਨ ਦੀ ਦਿਸ਼ਾ ਵਿਚ ਵੱਡਾ ਕਦਮ ਪੁੱਟਿਆ ਹੈ। ਚੀਨ ਨੇ ਭਾਰਤੀ ਨਾਗਰਿਕਾਂ ਲਈ ਵੀਜ਼ਾ ਨੇਮਾਂ ਵਿਚ ਕਈ ਅਹਿਮ ਛੋਟਾਂ ਦਿੱਤੀਆਂ ਹਨ। ਚੀਨੀ ਦੂਤਾਵਾਸ ਮੁਤਾਬਕ 1 ਜਨਵਰੀ ਤੋਂ 9 ਅਪ੍ਰੈਲ 2025 ਤੱਕ ਭਾਰਤ ਸਥਿਤ ਚੀਨੀ ਦੂਤਾਵਾਸਾਂ ਤੇ ਕੌਂਸਲੇਟਾਂ ਵਿਚ ਭਾਰਤੀ ਨਾਗਰਿਕਾਂ ਨੂੰ 85000 ਤੋਂ ਵੱਧ ਵੀਜ਼ੇ ਜਾਰੀ ਕੀਤੇ ਗਏ ਹਨ। ਚੀਨੀ ਰਾਜਦੂਤ ਸ਼ੂ ਫੇਈਹੋਂਗ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਵੱਧ ਤੋਂ ਵੱਧ ਭਾਰਤੀ ਨਾਗਰਿਕ ਚੀਨ ਆਉਣ ਤੇ ਇਥੋਂ ਦੇ ਖੁੱਲ੍ਹੇ, ਸੁਰੱਖਿਅਤ, ਜੀਵੰਤ ਤੇ ਦੋਸਤਾਨਾ ਸੱਭਿਆਚਾਰ ਦਾ ਤਜਰਬਾ ਕਰਨ।" ਇਸ ਪਹਿਲ ਤਹਿਤ ਹੁਣ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਅਰਜ਼ੀ ਲਈ ਮੁਲਾਕਾਤ ਲਈ ਅਗਾਊਂ ਸਮਾਂ ਲੈਣ ਦੀ ਲੋੜ ਨਹੀਂ ਪਏਗੀ। ਉਹ ਕਿਸੇ ਵੀ ਕੰਮਕਾਜੀ ਦਿਨ ਸਿੱਧਾ ਵੀਜ਼ਾ ਕੇਂਦਰ ਪਹੁੰਚ ਸਕਦੇ ਹਨ। ਇਹੀ ਨਹੀਂ, ਛੋਟੀ ਮਿਆਦ ਦੀਆਂ ਯਾਤਰਾਵਾਂ ਲਈ ਬਾਇਓਮੈਟਰਿਕ ਡੇਟਾ ਜਮ੍ਹਾਂ ਕਰਵਾਉਣ ਦੀ ਸ਼ਰਤ ਵੀ ਖ਼ਤਮ ਕਰ ਦਿੱਤੀ ਗਈ ਹੈ। ਵੀਜ਼ਾ ਫੀਸ ਵਿਚ ਵੀ ਕਟੌਤੀ ਕੀਤੀ ਗਈ ਹੈ ਤੇ ਵੀਜ਼ਾ ਅਰਜ਼ੀ ਦੇ ਅਮਲ ਨੂੰ ਵੀ ਤੇਜ਼ ਕੀਤਾ ਗਿਆ ਹੈ। ਚੀਨ ਦੀ ਇਸ ਰਣਨੀਤੀ ਦਾ ਮੁੱਖ ਮਕਸਦ ਨਾ ਸਿਰਫ਼ ਸੈਰ ਸਪਾਟੇ ਨੂੰ ਹੱਲਾਸ਼ੇਰੀ ਦੇਣਾ ਹੈ, ਬਲਕਿ ਭਾਰਤ ਨਾਲ ਵਪਾਰਕ ਤੇ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।

# ਟਰੰਪ ਵੱਲੋਂ ਆਪਣੇ ਕਾਰਜਕਾਲ ਦੇ ਪਹਿਲੇ ਸਾਲ 10 ਲੱਖ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀ ਯੋਜਨਾ !

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਪਹਿਲੇ ਸਾਲ ਦੇ ਕਾਰਜਕਾਲ ਦੌਰਾਨ ਦੇਸ਼ ਤੋਂ 10 ਲੱਖ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਯੋਜਨਾ ਬਣਾਈ ਹੈ। ਇਹ ਉਹ ਅੰਕੜਾ ਹੈ, ਜੋ ਅਕਸਰ ਨਿੱਜੀ ਗੱਲਬਾਤ ਵਿਚ ਸੁਣਿਆ ਜਾਂਦਾ ਹੈ। ਇਹ ਰਿਪੋਰਟ ਵਾਸ਼ਿੰਗਟਨ ਪੋਸਟ ਦੁਆਰਾ ਟਰੰਪ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੀਆਂ ਯੋਜਨਾਵਾਂ ਤੋਂ ਜਾਣੂ ਚਾਰ ਮੌਜੂਦਾ ਅਤੇ ਸਾਬਕਾ ਸੰਘੀ ਅਧਿਕਾਰੀਆਂ ਦੇ ਹਵਾਲੇ ਨਾਲ ਦਿੱਤੀ ਗਈ ਹੈ। ਟਰੰਪ ਪ੍ਰਸ਼ਾਸਨ ਦਾ ਇਹ ਫ਼ੈਸਲਾ ਰਾਸ਼ਟਰਪਤੀ ਓਬਾਮਾ ਦੇ ਅਧੀਨ ਪਿਛਲੇ ਰਿਕਾਰਡ ਨਾਲੋਂ ਦੁੱਗਣਾ ਹੋਵੇਗਾ, ਜਿਨ੍ਹਾਂ ਨੇ ਇੱਕ ਸਾਲ ਵਿਚ ਲਗਭਗ 400,000 ਦੇਸ਼ ਨਿਕਾਲੇ ਦੀ ਨਿਗਰਾਨੀ ਕੀਤੀ ਸੀ। ਹਾਲਾਂਕਿ ਅਧਿਕਾਰੀਆਂ ਨੇ ਇਹ ਖੁਲਾਸਾ



ਨਹੀਂ ਕੀਤਾ ਹੈ ਕਿ ਇਨ੍ਹਾਂ ਅੰਕੜਿਆਂ ਨੂੰ ਕਿਵੇਂ ਮਾਪਿਆ ਜਾਵੇਗਾ, ਜਿਸ ਨਾਲ ਟੀਚੇ ਦੀ ਵਿਵਹਾਰਕਤਾ ਬਾਰੇ ਸ਼ੱਕ ਪੈਦਾ ਹੁੰਦਾ ਹੈ।

ਵ੍ਹਾਈਟ ਹਾਊਸ ਦੇ ਸਲਾਹਕਾਰ ਸਟੀਫਨ ਮਿਲਰ ਦੇਸ਼ ਨਿਕਾਲੇ ਦੇ ਕਾਰਜਾਂ ਨੂੰ ਤੇਜ਼ ਕਰਨ ਲਈ ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਅਤੇ ਹੋਰ ਏਜੰਸੀਆਂ ਨਾਲ ਰੋਜ਼ਾਨਾ ਰਣਨੀਤੀ ਮੀਟਿੰਗਾਂ ਦੀ ਅਗਵਾਈ ਕਰ ਰਹੇ ਹਨ। ਇੱਕ ਫੋਕਸ 1.4 ਮਿਲੀਅਨ ਪ੍ਰਵਾਸੀਆਂ 'ਤੇ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਅਮਰੀਕਾ ਵਿਚ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਮੂਲ ਦੇਸ਼ ਉਨ੍ਹਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ। ਪ੍ਰਕਾਸ਼ਨ ਮੁਤਾਬਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸੀਮਤ ਫੰਡਿੰਗ, ਕਰਮਚਾਰੀਆਂ ਦੀ ਘਾਟ ਅਤੇ ਇਸ ਤੱਥ ਦੇ ਕਾਰਨ ਟਰੰਪ ਦੀਆਂ ਅਜਿਹੀਆਂ ਯੋਜਨਾਵਾਂ ਅਵਿਸ਼ਵਾਸੀ ਹਨ ਕਿ ਜ਼ਿਆਦਾਤਰ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਦੇ ਫੈਸਲੇ ਖ਼ਿਲਾਫ਼ ਅਦਾਲਤ ਵਿਚ ਅਪੀਲ ਕਰਨ ਦਾ ਅਧਿਕਾਰ ਹੈ ਅਤੇ ਅਦਾਲਤਾਂ ਦੇ ਕੰਮ ਦੇ ਬੋਝ ਕਾਰਨ, ਇਸ ਪ੍ਰਕਿਰਿਆ ਨੂੰ ਮਹੀਨੇ ਜਾਂ ਸਾਲ ਵੀ ਲੱਗ ਸਕਦੇ ਹਨ। ਕੁੱਲ ਮਿਲਾ ਕੇ ਲਗਭਗ 11 ਮਿਲੀਅਨ ਗੈਰ-ਕਾਨੂੰਨੀ ਪ੍ਰਵਾਸੀ ਸੰਯੁਕਤ ਰਾਜ ਵਿਚ ਹਨ। ਇੱਕ ਮਿਲੀਅਨ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦਾ ਕੰਮ ਮੁਸ਼ਕਲ ਹੋਣ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਬਹੁਤ ਘੱਟ ਲੋਕ ਗੈਰ-ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰ ਰਹੇ ਹਨ।

ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ 30 ਦੇਸ਼ਾਂ ਤੱਕ ਡਿਪੋਰਟੀਆਂ ਨੂੰ ਪ੍ਰਾਪਤ ਕਰਨ ਲਈ ਗੱਲਬਾਤ ਚੱਲ ਰਹੀ ਹੈ, ਜੋ ਉਨ੍ਹਾਂ ਦੇ ਆਪਣੇ ਨਾਗਰਿਕ ਨਹੀਂ ਹਨ। ਪ੍ਰਸ਼ਾਸਨ ਨੇ ਕਿਹਾ ਕਿ ਇਸਦਾ ਉਦੇਸ਼ "ਹਜ਼ਾਰਾਂ" ਪ੍ਰਵਾਸੀਆਂ ਨੂੰ ਇਨ੍ਹਾਂ ਤਥਾਕਥਿਤ ਤੀਜੇ ਦੇਸ਼ਾਂ ਵਿਚ ਭੇਜਣਾ ਹੈ। ਮੈਕਸੀਕੋ, ਕੋਸਟਾ ਰੀਕਾ, ਪਨਾਮਾ ਅਤੇ ਇੱਥੋਂ ਤੱਕ ਕਿ ਰਵਾਂਡਾ ਵਰਗੇ ਦੇਸ਼ਾਂ ਵਿਚ ਦੇਸ਼ ਨਿਕਾਲਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਜੋ ਕਿ ਅਮਰੀਕੀ ਇਮੀਗ੍ਰੇਸ਼ਨ ਨੀਤੀ ਵਿਚ ਇੱਕ ਮਹੱਤਵਪੂਰਨ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ।

# ਭਾਰਤੀ-ਅਮਰੀਕੀ ਸੰਘੀ ਜੱਜ ਟਰੰਪ ਪ੍ਰਸ਼ਾਸਨ ਦੇ ਦੇਸ਼ ਨਿਕਾਲੇ ਦੇ ਫ਼ੈਸਲੇ 'ਤੇ ਲਗਾ ਸਕਦੈ ਰੋਕ !

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਲੱਗਣ ਜਾ ਰਿਹਾ ਹੈ। ਇੱਕ ਭਾਰਤੀ-ਅਮਰੀਕੀ ਸੰਘੀ ਜੱਜ ਨੇ ਕਿਹਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੇ ਉਸ ਫ਼ੈਸਲੇ 'ਤੇ ਰੋਕ ਲਗਾਏਗਾ, ਜਿਸ ਵਿਚ ਚਾਰ ਦੇਸ਼ਾਂ- ਕਿਊਬਾ, ਹੈਤੀ, ਨਿਕਾਰਾਗੁਆ ਅਤੇ ਵੈਨੇਜ਼ੁਏਲਾ ਦੇ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਣਾ ਹੈ। ਇਨ੍ਹਾਂ ਚਾਰਾਂ ਦੇਸ਼ਾਂ ਦੇ ਲਗਭਗ ਪੰਜ ਲੱਖ ਲੋਕ ਅਮਰੀਕਾ ਵਿਚ ਅਸਥਾਈ ਤੌਰ 'ਤੇ ਰਹਿ ਰਹੇ ਹਨ ਅਤੇ ਉਨ੍ਹਾਂ ਦੀ ਅਮਰੀਕਾ ਵਿਚ ਰਹਿਣ ਦੀ ਸਮਾਂ ਸੀਮਾ ਇਸ ਮਹੀਨੇ ਦੇ ਅੰਤ ਵਿਚ ਖਤਮ ਹੋ ਰਹੀ ਹੈ। ਭਾਰਤੀ ਮੂਲ ਦੀ ਸੰਘੀ ਜੱਜ ਇੰਦਰਾ ਤਲਵਾਨੀ ਨੇ ਕਿਹਾ ਹੈ ਕਿ ਉਹ ਇਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਸਰਕਾਰ ਦੇ ਫ਼ੈਸਲੇ ਨੂੰ ਰੋਕਣ ਲਈ ਇੱਕ ਹੁਕਮ ਜਾਰੀ ਕਰੇਗੀ।

ਦਰਅਸਲ, ਅਮਰੀਕੀ ਸਰਕਾਰ ਦਾ ਇੱਕ ਕਾਨੂੰਨੀ ਪ੍ਰੋਗਰਾਮ ਹੈ, ਜਿਸ ਦੇ ਤਹਿਤ ਚਾਰ ਦੇਸ਼ਾਂ, ਕਿਊਬਾ, ਹੈਤੀ, ਨਿਕਾਰਾਗੁਆ ਅਤੇ ਵੈਨੇਜ਼ੁਏਲਾ ਦੇ ਲੋਕ ਕਾਨੂੰਨੀ ਤੌਰ 'ਤੇ ਦੋ ਸਾਲਾਂ ਲਈ ਅਮਰੀਕਾ ਵਿਚ ਰਹਿ ਸਕਦੇ ਹਨ ਅਤੇ ਕੰਮ ਕਰ ਸਕਦੇ ਹਨ। ਇਸ ਸਮੇਂ ਦੌਰਾਨ ਜੇਕਰ ਇਹ ਲੋਕ ਅਮਰੀਕਾ ਵਿਚ ਵਸਣਾ ਚਾਹੁੰਦੇ ਹਨ, ਤਾਂ ਉਹ ਨਾਗਰਿਕਤਾ ਲਈ ਅਰਜ਼ੀ ਦੇ ਸਕਦੇ ਹਨ। ਹਾਲਾਂਕਿ ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਮੌਜੂਦਾ ਪ੍ਰੋਗਰਾਮ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਨਹੀਂ ਕਰ ਰਿਹਾ ਹੈ। ਇਸ ਲਈ ਉਸਨੇ 24 ਅਪ੍ਰੈਲ ਨੂੰ ਇਸ ਪ੍ਰੋਗਰਾਮ ਨੂੰ ਖ਼ਤਮ ਕਰਨ ਅਤੇ ਇਸ ਦੇ ਤਹਿਤ ਅਮਰੀਕਾ ਵਿਚ ਰਹਿ ਰਹੇ ਲਗਭਗ 5 ਲੱਖ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦਾ ਐਲਾਨ ਕੀਤਾ ਹੈ। ਹੁਣ ਇਸ 'ਤੇ ਸੁਣਵਾਈ ਦੌਰਾਨ ਸੰਘੀ ਜੱਜ ਇੰਦਰਾ ਤਲਵਾਨੀ ਨੇ ਕਿਹਾ ਕਿ ਸਰਕਾਰ ਨੂੰ ਇਸ ਪ੍ਰੋਗਰਾਮ ਨੂੰ ਖ਼ਤਮ ਕਰਨ ਲਈ ਇੱਕ ਤਰਕਸੰਗਤ ਫ਼ੈਸਲਾ ਲੈਣਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਵੇਲੇ ਪੇਸ਼ ਕੀਤੀ ਜਾ ਰਹੀ ਦਲੀਲ ਕਾਨੂੰਨ ਦੀ ਗ਼ਲਤ ਵਿਆਖਿਆ 'ਤੇ ਆਧਾਰਿਤ ਹੈ। ਗੌਰਤਲਬ ਹੈ ਕਿ ਟਰੰਪ ਪ੍ਰਸ਼ਾਸਨ ਵੱਡੇ ਪੱਧਰ 'ਤੇ ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇ ਰਿਹਾ ਹੈ। ਇਸ ਦੇ ਨਾਲ ਹੀ, ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਸਰਹੱਦੀ ਸੁਰੱਖਿਆ ਵੀ ਸਖ਼ਤ ਕੀਤੀ ਜਾ ਰਹੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਲਈ ਨਵਾਂ ਅਲਟੀਮੇਟਮ ਜਾਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਨਵਾਂ ਆਦੇਸ਼ ਜਾਰੀ ਕੀਤਾ ਹੈ। ਅਮਰੀਕਾ ਵਿਚ ਵਿਦੇਸ਼ੀ ਨਾਗਰਿਕਾਂ ਲਈ ਰਜਿਸਟ੍ਰੇਸ਼ਨ ਲਾਜ਼ਮੀ ਕਰਨ ਤੋਂ ਬਾਅਦ ਟਰੰਪ ਪ੍ਰਸ਼ਾਸਨ ਵੱਲੋਂ ਇਸ ਸਬੰਧ ਵਿਚ ਇੱਕ ਨਵੀਂ ਚਿਤਾਵਨੀ ਜਾਰੀ ਕੀਤੀ ਗਈ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਕਿਹਾ ਹੈ ਕਿ ਜੇਕਰ ਵਿਦੇਸ਼ੀਆਂ ਨੇ 30 ਦਿਨਾਂ ਤੋਂ ਵੱਧ ਸਮੇਂ ਲਈ ਰਹਿਣਾ ਹੈ, ਤਾਂ ਉਨ੍ਹਾਂ ਨੂੰ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਚਾਹੀਦਾ ਹੈ। ਅਜਿਹਾ ਨਾ ਕਰਨ 'ਤੇ ਜੁਰਮਾਨਾ ਅਤੇ ਕੈਦ ਦੋਵੇਂ ਹੋ ਸਕਦੇ ਹਨ। ਜਿਹੜੇ ਵਿਦੇਸ਼ੀ ਰਜਿਸਟਰ ਨਹੀਂ ਕਰਾਉਂਦੇ, ਉਨ੍ਹਾਂ ਨੂੰ ਅਮਰੀਕਾ ਤੋਂ ਵੀ ਕੱਢਿਆ ਜਾ ਸਕਦਾ ਹੈ। ਅਜਿਹੀ ਸਥਿਤੀ ਵਿਚ ਗੈਰ-ਕਾਨੂੰਨੀ ਵਿਦੇਸ਼ੀਆਂ ਲਈ ਸੰਦੇਸ਼ ਇਹ ਹੈ ਕਿ ਉਨ੍ਹਾਂ ਨੂੰ ਤੁਰੰਤ ਅਮਰੀਕਾ ਛੱਡ ਦੇਣਾ ਚਾਹੀਦਾ ਹੈ। ਇਹ ਨਵੀਂ ਪ੍ਰਣਾਲੀ ਅਮਰੀਕਾ ਵਿਚ 11 ਅਪ੍ਰੈਲ ਤੋਂ ਲਾਗੂ ਹੋ ਗਈ ਹੈ। ਟਰੰਪ ਪ੍ਰਸ਼ਾਸਨ ਨੇ ਇਸਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਸੰਕੇਤ ਦਿੱਤਾ ਹੈ।

ਗ੍ਰਹਿ ਸੁਰੱਖਿਆ ਵਿਭਾਗ ਨੇ 'ਗੈਰ-ਕਾਨੂੰਨੀ ਏਲੀਅਨਜ਼ ਨੂੰ

**■ ਕਿਹਾ: 'ਸੈਲਫ ਡਿਪੋਰਟ ਲਓ ਜਾਂ ਜੁਰਮਾਨਾ ਭਰੋ'**

ਸੁਨੇਹਾ' ਸਿਰਲੇਖ ਵਾਲੀ ਇੱਕ ਪੋਸਟ ਜਾਰੀ ਕੀਤੀ ਹੈ। ਇਹ ਕਿਹਾ ਗਿਆ ਹੈ ਕਿ ਬਿਨਾਂ ਇਜਾਜ਼ਤ ਦੇ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਆਪਣੇ ਆਪ ਦੇਸ਼ ਛੱਡ ਦੇਣਾ ਚਾਹੀਦਾ ਹੈ। ਪੋਸਟ ਵਿਚ ਲਿਖਿਆ ਹੈ, 'ਖ਼ੁਦ ਤੋਂ ਡਿਪੋਰਟ ਹੋਣਾ ਪੂਰੀ ਤਰ੍ਹਾਂ ਸੁਰੱਖਿਅਤ ਹੈ।' ਆਪਣੀ ਪਸੰਦ ਦੀ ਉਡਾਣ ਚੁਣੋ ਅਤੇ ਜਾਓ। ਜੇਕਰ ਤੁਸੀਂ ਖ਼ੁਦ ਤੋਂ ਡਿਪੋਰਟ ਹੁੰਦੇ ਹੋ, ਤਾਂ ਤੁਸੀਂ ਆਪਣੀ ਕਮਾਈ ਅਮਰੀਕਾ ਵਿਚ ਰੱਖ ਸਕਦੇ ਹੋ। ਖ਼ੁਦ ਤੋਂ ਡਿਪੋਰਟ ਹੋਣ ਵਾਲੇ ਵਿਅਕਤੀ ਨੂੰ ਭਵਿੱਖ ਵਿਚ ਕਾਨੂੰਨੀ ਤੌਰ 'ਤੇ ਅਮਰੀਕਾ ਆਉਣ ਦਾ ਮੌਕਾ ਮਿਲ ਸਕਦਾ ਹੈ।

ਡੀ.ਐੱਚ.ਐੱਸ. ਨੇ ਕਿਹਾ ਹੈ ਕਿ ਜੇਕਰ ਕੋਈ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਪਾਇਆ ਜਾਂਦਾ ਹੈ ਅਤੇ ਉਸਨੂੰ ਦੇਸ਼ ਨਿਕਾਲਾ ਦੇਣ ਦਾ ਫੈਸਲਾ ਲਿਆ ਜਾਂਦਾ ਹੈ, ਤਾਂ ਉਸਨੂੰ ਮੁਸੀਬਤ ਦਾ ਸਾਹਮਣਾ ਕਰਨਾ ਪਵੇਗਾ। ਉਸਨੂੰ ਹਰ ਰੋਜ਼ 998 ਡਾਲਰ ਦਾ ਜੁਰਮਾਨਾ ਭਰਨਾ ਪਵੇਗਾ। ਜੇਕਰ ਕੋਈ ਖ਼ੁਦ ਤੋਂ ਡਿਪੋਰਟ ਹੋਣ ਦਾ ਵਾਅਦਾ ਕਰਦਾ ਹੈ ਅਤੇ ਅਜਿਹਾ ਨਹੀਂ ਕਰਦਾ ਹੈ, ਤਾਂ ਜੁਰਮਾਨਾ 1,000 ਡਾਲਰ ਤੋਂ ਵਧ ਕੇ 5,000 ਡਾਲਰ ਹੋ ਜਾਵੇਗਾ। ਅਜਿਹੇ ਵਿਅਕਤੀ ਨੂੰ ਜੇਲ੍ਹ ਵੀ ਹੋ ਸਕਦੀ ਹੈ।

ਗ੍ਰਹਿ ਸੁਰੱਖਿਆ ਵਿਭਾਗ ਨੇ ਪਿਛਲੇ ਹਫ਼ਤੇ ਇਹ ਨਵਾਂ ਨਿਯਮ ਪੇਸ਼ ਕੀਤਾ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਹੈ ਕਿ 30 ਦਿਨਾਂ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਵਿਦੇਸ਼ੀ ਨਾਗਰਿਕਾਂ ਨੂੰ ਸੰਘੀ ਸਰਕਾਰ ਕੋਲ ਰਜਿਸਟਰ ਕਰਵਾਉਣਾ ਹੋਵੇਗਾ। ਅਜਿਹਾ ਨਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ, ਜੁਰਮਾਨਾ ਕੀਤਾ ਜਾਵੇਗਾ ਅਤੇ ਦੇਸ਼ ਤੋਂ ਕੱਢ ਦਿੱਤਾ ਜਾਵੇਗਾ। ਅਜਿਹੇ ਲੋਕ ਕਦੇ ਵਾਪਸ ਨਹੀਂ ਆ ਸਕਣਗੇ। ਨਵੇਂ ਨਿਯਮਾਂ ਅਨੁਸਾਰ 11 ਅਪ੍ਰੈਲ ਤੋਂ ਬਾਅਦ ਅਮਰੀਕਾ ਆਉਣ ਵਾਲੇ ਲੋਕਾਂ ਨੂੰ 30 ਦਿਨਾਂ ਦੇ ਅੰਦਰ ਰਜਿਸਟਰ ਕਰਨਾ ਹੋਵੇਗਾ। 14 ਸਾਲ ਦੇ ਬੱਚਿਆਂ ਨੂੰ ਵੀ ਦੁਬਾਰਾ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ ਅਤੇ ਆਪਣੇ ਫਿੰਗਰਪ੍ਰਿੰਟ ਜਮ੍ਹਾ ਕਰਵਾਉਣੇ ਪੈਣਗੇ। ਜਿਵੇਂ ਹੀ ਇਸ ਨਿਯਮ ਦਾ ਐਲਾਨ ਹੋਇਆ, ਕਈ ਸੰਗਠਨਾਂ ਨੇ ਇਸਨੂੰ ਉਲਝਣ ਵਾਲਾ ਕਿਹਾ। ਇਸ ਨਾਲ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

# ਐੱਨ.ਆਈ.ਏ. ਤਹੱਵੁਰ ਰਾਣਾ ਕੋਲੋਂ ਰੋਜ਼ਾਨਾ 8 ਤੋਂ 10 ਘੰਟੇ ਕਰ ਰਹੀ ਹੈ ਪੁੱਛ-ਪੜਤਾਲ

**■ ਦਿੱਲੀ ਕੋਰਟ ਦੇ ਹੁਕਮਾਂ ਮੁਤਾਬਕ ਵਕੀਲ ਨਾਲ ਮਿਲਣ ਦੀ ਦਿੱਤੀ ਖੁੱਲ੍ਹ**

ਨਵੀਂ ਦਿੱਲੀ, (ਪੰਜਾਬ ਮੇਲ)- ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) 26/11 ਮੁੰਬਈ ਦਹਿਸ਼ਤੀ ਹਮਲੇ ਦੇ ਮੁੱਖ ਸਾਜ਼ਿਸ਼ਘਾੜਿਆਂ 'ਚੋਂ ਇਕ ਤਹੱਵੁਰ ਰਾਣਾ ਤੋਂ ਰੋਜ਼ਾਨਾ 8 ਤੋਂ 10 ਘੰਟੇ ਪੁੱਛ ਪੜਤਾਲ ਕਰ ਰਹੀ ਹੈ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਜਾਂਚ ਏਜੰਸੀ ਵੱਲੋਂ ਇਨ੍ਹਾਂ ਹਮਲਿਆਂ ਪਿਛਲੀ ਵਡੇਰੀ ਸਾਜ਼ਿਸ਼ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਐੱਨ.ਆਈ.ਏ. ਅਧਿਕਾਰੀਆਂ ਵੱਲੋਂ ਰਾਣਾ ਦਾ ਮੈਡੀਕਲ ਚੈਕਅੱਪ ਯਕੀਨੀ ਬਣਾਇਆ ਜਾ ਰਿਹਾ ਹੈ ਤੇ ਦਿੱਲੀ ਕੋਰਟ ਦੇ ਹੁਕਮਾਂ ਮੁਤਾਬਕ ਉਸ ਨੂੰ ਆਪਣੇ ਵਕੀਲ ਨਾਲ ਮਿਲਣ ਦੀ ਇਜਾਜ਼ਤ ਦਿੱਤੀ ਗਈ ਹੈ। ਵਿਸ਼ੇਸ਼ ਐੱਨ.ਆਈ.ਏ. ਕੋਰਟ ਨੇ ਸ਼ੁੱਕਰਵਾਰ ਸਵੇਰੇ ਰਾਣਾ ਨੂੰ 18 ਦਿਨਾਂ ਲਈ




ਐੱਨ.ਆਈ.ਏ. ਦੀ ਹਿਰਾਸਤ ਵਿਚ ਭੇਜ ਦਿੱਤਾ ਸੀ।

ਸੂਤਰਾਂ ਨੇ ਕਿਹਾ ਕਿ ਐੱਨ.ਆਈ.ਏ. ਤਫ਼ਤੀਸ਼ਕਾਰਾਂ ਵੱਲੋਂ ਰਾਣਾ ਕੋਲੋਂ ਰੋਜ਼ਾਨਾ ਅੱਠ ਤੋਂ ਦਸ ਘੰਟੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ, ਤਾਂ ਕਿ ਪਾਕਿਸਤਾਨ ਆਧਾਰਿਤ ਦਹਿਸ਼ਤੀ ਸਮੂਹ ਲਸ਼ਕਰ-ਏ-ਤਇਬਾ ਵੱਲੋਂ ਵਿਉਂਤੇ 2008 ਦੇ ਇਸ ਦਹਿਸ਼ਤੀ ਹਮਲੇ ਪਿਛਲੀ ਵਡੇਰੀ ਸਾਜ਼ਿਸ਼ ਦਾ ਪਤਾ ਲਾਇਆ ਜਾ ਸਕੇ। ਇਨ੍ਹਾਂ ਹਮਲਿਆਂ ਵਿਚ 166 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ ਤੇ 238 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ।

ਸੂਤਰ ਨੇ ਕਿਹਾ, "ਰਾਣਾ ਵੱਲੋਂ ਸਵਾਲ ਜਵਾਬ ਮੌਕੇ ਸਹਿਯੋਗ ਦਿੱਤਾ ਜਾ ਰਿਹਾ ਹੈ। ਮੁੱਖ ਤਫ਼ਤੀਸ਼ੀ ਅਧਿਕਾਰੀ ਜਯਾ ਰੌਏ ਦੀ ਅਗਵਾਈ ਵਾਲੀ ਐੱਨ.ਆਈ.ਏ. ਅਧਿਕਾਰੀਆਂ ਦੀ ਟੀਮ ਰਾਣਾ ਕੋਲੋਂ ਪੁੱਛ ਪੜਤਾਲ ਕਰ ਰਹੀ ਹੈ।" ਸੂਤਰਾਂ ਨੇ ਕਿਹਾ ਕਿ ਰਾਣਾ ਨੇ ਹੁਣ ਤੱਕ ਸਿਰਫ਼ ਤਿੰਨ ਚੀਜ਼ਾਂ-ਪੈੱਨ, ਪੇਪਰ ਸ਼ੀਟ ਤੇ ਕੁਰਾਨ ਹੀ ਮੰਗੀ ਹੈ, ਜੋ ਉਸ ਨੂੰ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਰਾਣਾ ਨੇ ਹੁਣ ਤੱਕ ਕਿਸੇ ਤਰ੍ਹਾਂ ਦੇ ਖਾਸ ਭੋਜਨ ਦੀ ਮੰਗ ਨਹੀਂ ਕੀਤੀ ਤੇ ਉਸ ਨੂੰ ਕਿਸੇ ਵੀ ਹੋਰ ਮੁਲਜ਼ਮ ਨੂੰ ਦਿੱਤੀਆਂ ਜਾਣ ਵਾਲੀਆਂ ਖੁਰਾਕੀ ਵਸਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਸੂਤਰਾਂ ਨੇ ਕਿਹਾ ਕਿ ਤਹੱਵੁਰ ਰਾਣਾ ਨੂੰ ਅੱਤਵਾਦ ਵਿਰੋਧੀ ਏਜੰਸੀ ਦੇ ਸੀ.ਜੀ.ਓ. ਕੰਪਲੈਕਸ ਵਿਚਲੀ ਉੱਚ ਸੁਰੱਖਿਆ ਵਾਲੀ ਕੋਠੜੀ ਵਿਚ ਰੱਖਿਆ ਗਿਆ ਹੈ, ਜਿੱਥੇ ਸੁਰੱਖਿਆ ਅਮਲੇ ਦਾ 24 ਘੰਟੇ ਪਹਿਰਾ ਰਹਿੰਦਾ ਹੈ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Sanjeev Khanna

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ ਦੀ ਸਖਤੀ ਕਾਰਨ ਅਮਰੀਕੀ ਵਿਦਿਆਰਥੀਆਂ ਵੱਲੋਂ ਕੈਨੇਡੀਅਨ ਯੂਨੀਵਰਸਿਟੀਆਂ ਵੱਲ ਰੁੱਖ਼

**ਟੋਰਾਂਟੋ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਕਾਰਨ ਵਿਦਿਆਰਥੀ ਵੱਡੇ ਪੱਧਰ ’ਤੇ ਪ੍ਰਭਾਵਿਤ ਹੋ ਰਹੇ ਹਨ। ਇਸ ਲਈ ਬਹੁਤ ਸਾਰੇ ਅਮਰੀਕੀ ਵਿਦਿਆਰਥੀ ਹੁਣ ਕੈਨੇਡੀਅਨ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਅਰਜ਼ੀ ਦੇ ਰਹੇ ਹਨ। ਅਜਿਹੇ ਵਿਦਿਆਰਥੀਆਂ ਦੀ ਗਿਣਤੀ ਵੀ ਵੱਧ ਰਹੀ ਹੈ, ਜੋ ਹੁਣ ਅਮਰੀਕਾ ਦੀ ਬਜਾਏ ਕੈਨੇਡਾ ਵਿਚ ਪੜ੍ਹਾਈ ਕਰਨਾ ਚਾਹੁੰਦੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਯੂਨੀਵਰਸਿਟੀਆਂ ਨੂੰ ਸਰਕਾਰੀ ਫੰਡਿੰਗ ਰੋਕ ਦਿੱਤੀ ਹੈ, ਜਦੋਂ ਕਿ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਦੇ ਵਿਦਿਆਰਥੀ ਵੀਜ਼ੇ ਰੱਦ ਕਰ ਦਿੱਤੇ ਹਨ। ਇਸ ਨਾਲ ਅਮਰੀਕਾ ਵਿਚ ਅਨਿਸ਼ਚਿਤਤਾ ਦਾ ਮਾਹੌਲ ਪੈਦਾ ਹੋ ਗਿਆ ਹੈ ਅਤੇ ਹੁਣ ਅਮਰੀਕੀ ਵਿਦਿਆਰਥੀ ਅਜਿਹੇ ਮਾਹੌਲ ਵਿਚ ਪੜ੍ਹਾਈ ਨਹੀਂ ਕਰਨਾ ਚਾਹੁੰਦੇ।

ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (ਯੂ.ਬੀ.ਸੀ.) ਵੈਨਕੂਵਰ ਕੈਂਪਸ ਦੇ ਅਧਿਕਾਰੀਆਂ ਨੇ 2025 ਅਕਾਦਮਿਕ ਸਾਲ ਤੋਂ ਸ਼ੁਰੂ ਹੋਣ ਵਾਲੇ ਕੋਰਸਾਂ ਲਈ ਅਮਰੀਕੀ ਨਾਗਰਿਕਾਂ ਤੋਂ ਗ੍ਰੈਜੂਏਟ ਅਰਜ਼ੀਆਂ ਵਿਚ 27% ਵਾਧਾ ਦਰਜ ਕੀਤਾ ਹੈ।

# ਵਿਨੀਪੈੱਗ ਸਿਟੀ ਹਾਲ ਵਿਖੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ

**ਵਿਨੀਪੈੱਗ, (ਪੰਜਾਬ ਮੇਲ)-** ਖ਼ਾਲਸਾ ਸਾਜਨਾ ਦਿਵਸ ਅਤੇ ਸਿੱਖ ਹੈਰੀਟੇਜ ਮੰਥ ਨੂੰ ਸਮਰਪਿਤ ਸਿਟੀ ਹਾਲ ਵਿਨੀਪੈੱਗ ਵਿਚ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਨਿਸ਼ਾਨ ਸਾਹਿਬ ਝੁਲਾਏ ਗਏ। ਸਿਟੀ ਕੌਂਸਲਰ ਤੇ ਸਪੀਕਰ ਦੇਵੀ ਸ਼ਰਮਾ ਨੇ ਮੰਚ ਤੋਂ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਜ਼ਿਕਰਯੋਗ ਹੈ ਕਿ ਵਿਨੀਪੈੱਗ ਸਿਟੀ ਵੱਲੋਂ ਹਰ ਸਾਲ ਵਿਸਾਖੀ ਦੇ ਮੌਕੇ ਸਿਟੀ ਹਾਲ ਵਿਖੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ ਅਤੇ ਅਪਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮਹੀਨੇ ਵਜੋਂ ਮਨਾਇਆ ਜਾਂਦਾ ਹੈ।



ਇਸ ਤੋਂ ਇਲਾਵਾ ਵਿਨੀਪੈੱਗ ਦੇ ਮਸ਼ਹੂਰ ਰੈੱਡ ਰਿਵਰ ਕਾਲਜ ਵਿਚ ਇੰਡੀਅਨ ਕਲਚਰ ਕਲੱਬ ਦੇ ਸਹਿਯੋਗ ਨਾਲ ਰੈੱਡ ਰਿਵਰ ਕਾਲਜ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਪੱਗ ਦੇ ਸਨਮਾਨ ਵਜੋਂ ਸਾਲਾਨਾ ‘ਟਰਬਨਪ੍ਰਾਈਡ ਡੇ’ ਆਯੋਜਿਤ ਕੀਤਾ ਗਿਆ। ਇਸ ਆਯੋਜਨ ਦਾ ਟੀਚਾ ਲੋਕਾਂ ਨੂੰ ਪੱਗ ਦੇ ਇਤਿਹਾਸ ਤੋਂ ਜਾਣੂ ਕਰਵਾਉਣਾ ਸੀ।

# ਟਰੰਪ ਨੂੰ ਮਾਰਨ ਲਈ ਨੌਜਵਾਨ ਨੇ ਮਾਤਾ-ਪਿਤਾ ਦਾ ਕੀਤਾ ਕਤਲ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਵਿਸਕਾਨਸਿਨ ਸੂਬੇ ਵਿਚ ਸੰਘੀ ਅਧਿਕਾਰੀਆਂ ਨੇ ਹਾਲ ਹੀ ਵਿਚ 17 ਸਾਲ ਦੇ ਨੌਜਵਾਨ ਨੂੰ ਆਪਣੇ ਮਾਤਾ-ਪਿਤਾ ਦੀ ਹੱਤਿਆ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਹੈ। ਨੌਜਵਾਨ ਨੇ ਆਰਥਿਕ ਤੌਰ ’ਤੇ ਆਤਮ ਨਿਰਭਰ ਹੋਣ ਲਈ ਇਹ ਕਦਮ ਚੁੱਕਿਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਅਧਿਕਾਰੀਆਂ ਨੇ ਕੋਰਟ ’ਚ ਦੱਸਿਆ ਕਿ ਨਿਕਿਤਾ ਕੈਸਾਪ ਨਾਂ ਦਾ ਇਹ ਨੌਜਵਾਨ ਰਾਸ਼ਟਰਪਤੀ ਟਰੰਪ ਨੂੰ ਮਾਰਨਾ ਚਾਹੁੰਦਾ ਸੀ, ਇਸ ਦੇ ਲਈ ਉਸ ਨੂੰ ਪੈਸੇ ਅਤੇ ਸਾਧਨਾਂ ਦੀ ਲੋੜ ਸੀ। ਜਾਂਚਕਰਤਾਵਾਂ ਨੂੰ ਉਸ ਕੋਲੋਂ ਕੁਝ ਲਿਖਤੀ ਦਸਤਾਵੇਜ਼ ਅਤੇ ਟੈਕਸਟ ਮੈਸੇਜ ਮਿਲੇ ਹਨ, ਜਿਨ੍ਹਾਂ ’ਚ ਰਾਸ਼ਟਰਪਤੀ ਦੀ ਹੱਤਿਆ ਅਤੇ ਅਮਰੀਕੀ ਸਰਕਾਰ ਨੂੰ ਡੇਗਣ ਦੀ ਅਪੀਲ ਕੀਤੀ ਗਈ ਹੈ।



ਵਾਉਕੇਸ਼ਾ ਕਾਊਂਟੀ ਕੋਰਟ ਅਨੁਸਾਰ ਕੈਸਾਪ ’ਤੇ 9 ਦੋਸ਼ ਹਨ, ਜਿਨ੍ਹਾਂ ’ਚ ਕਤਲ ਦੇ 2 ਮਾਮਲੇ ਅਤੇ ਲਾਸ਼ ਲੁਕਾਉਣ ਦੇ 2 ਦੋਸ਼ ਸ਼ਾਮਲ ਹਨ। ਇਸ ਤੋਂ ਇਲਾਵਾ 3 ਮਾਮਲੇ ਰਾਸ਼ਟਰਪਤੀ ਦੀ ਹੱਤਿਆ, ਸਾਜ਼ਿਸ਼ ਰਚਣ ਅਤੇ ਵਿਨਾਸ਼ਕਾਰੀ ਹਥਿਆਰਾਂ ਦੀ ਵਰਤੋਂ ਕਰਨ ਦੀ ਸਾਜ਼ਿਸ਼ ਦੇ ਹਨ। ਅਜੇ ਤੱਕ ਕੈਸੈਪ ਦੇ ਵਕੀਲਾਂ ਨੇ ਇਸ ਮਾਮਲੇ ’ਤੇ ਮੀਡੀਆ ਨਾਲ ਕੋਈ ਗੱਲ ਨਹੀਂ ਕੀਤੀ ਹੈ।

## ਸ਼ੋਕ ਸਮਾਚਾਰ

# ਕਰਮਨ ਨਿਵਾਸੀ ਮਾਤਾ ਪ੍ਰੀਤਮ ਕੌਰ ਹੀਰ ਦੇ ਅਕਾਲ ਚਲਾਣੇ ’ਤੇ ਹੀਰ ਪਰਿਵਾਰ ਨੂੰ ਸਦਮਾ

### “ਅੰਤਮ ਸੰਸਕਾਰ 18 ਅਪ੍ਰੈਲ ਨੂੰ ਹੋਵੇਗਾ”



ਸਵ. ਮਾਤਾ ਪ੍ਰੀਤਮ ਕੌਰ

**ਫਰਿਜ਼ਨੋ, (ਪੰਜਾਬ ਮੇਲ)-** ਬੀਤੇ ਦਿਨੀਂ ਕਰਮਨ ਨਿਵਾਸੀ ਮਾਤਾ ਪ੍ਰੀਤਮ ਕੌਰ ਹੀਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਉੱਘੇ ਸਮਾਜਸੇਵੀ ਅਤੇ ਅਕਾਲੀ ਆਗੂ ਸ. ਸਤਬੀਰ ਸਿੰਘ ਹੀਰ ਦੇ ਮਾਤਾ ਜੀ ਸਨ, ਜੋ ਪਿਛਲੇ 40 ਸਾਲ ਤੋਂ ਵਧੀਕ ਸਮੇਂ ਤੋਂ ਇਨ੍ਹਾਂ ਕੋਲ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਰਹਿ ਰਹੇ ਸਨ। ਉਨ੍ਹਾਂ ਦੀ ਉਮਰ 94 ਸਾਲ ਸੀ।

ਮਾਤਾ ਜੀ ਦਾ ਪੰਜਾਬ ਤੋਂ ਪਿਛਲਾ ਪਿੰਡ ਹੱਲੂਵਾਲ, ਜ਼ਿਲ੍ਹਾ ਹੁਸ਼ਿਆਰਪੁਰ ਸੀ। ਉਹ ਆਪਣੇ ਪਿੱਛੇ ਪਰਿਵਾਰ ਵਿਚ ਪੁੱਤਰ ਸਤਬੀਰ ਸਿੰਘ ਹੀਰ ਅਤੇ ਧੀ ਮਹਿੰਦਰ ਕੌਰ ਰੱਕੜ ਦੀ ਹਰੀ-ਭਰੀ ਖੁਸ਼ਹਾਲ ਪਰਿਵਾਰਕ ਫੁੱਲਬਾੜੀ ਨੂੰ ਛੱਡ ਗਏ ਹਨ।

ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ “ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ” ਵਿਖੇ 18 ਅਪ੍ਰੈਲ, ਦਿਨ ਸ਼ੁੱਕਰਵਾਰ ਨੂੰ **4800 E. Clayton Avenue, Fowler CA 93625** ਵਿਖੇ ਸਵੇਰੇ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ “ਗੁਰਦੁਆਰਾ ਅਨੰਦਗੜ੍ਹ ਸਾਹਿਬ, ਕਰਮਨ **680 S. Vineland Ave. Kerman, CA 93630** ਵਿਖੇ ਹੋਵੇਗੀ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਮਾਤਾ ਪ੍ਰੀਤਮ ਕੌਰ ਹੀਰ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਸਤਬੀਰ ਸਿੰਘ ਹੀਰ ਨੂੰ ਫੋਨ ਨੰਬਰ (559) 269-4668 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**



# ਗ੍ਰਿਫਤਾਰ ਪ੍ਰਵਾਸੀਆਂ ਨੂੰ ਹਜ਼ਾਰਾਂ ਮੀਲ ਦੂਰ ਲਿਜਾਇਆ ਜਾ ਰਿਹਾ, ਤਾਂ ਜੋ ਉਹ ਵਕੀਲਾਂ ਦੀ ਮਦਦ ਨਾ ਲੈ ਸਕਣ

**■ ਦਾਇਰ ਪਟੀਸ਼ਨ 'ਚ ਖੁਲਾਸਾ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਵਕੀਲਾਂ ਦੁਆਰਾ ਦਾਇਰ ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੁਆਰਾ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਕੇ ਉਨਾਂ ਦੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਲਿਜਾਇਆ ਜਾ ਰਿਹਾ ਹੈ, ਤਾਂ ਜੋ ਉਹ ਕਾਨੂੰਨੀ ਮਦਦ ਨਾ ਲੈ ਸਕਣ। ਪਟੀਸ਼ਨ ਅਨੁਸਾਰ ਜਾਰਜਟਾਊਨ ਯੂਨੀਵਰਸਿਟੀ ਵਿਚ ਭਾਰਤੀ ਮੂਲ ਦੇ ਪ੍ਰੋਫੈਸਰ ਬਦਰ ਖਾਨ ਸੂਰੀ ਨੂੰ ਸੰਘੀ ਅਧਿਕਾਰੀਆਂ ਦੁਆਰਾ ਅਰਲਿੰਗਟਨ, ਵਰਜੀਨੀਆ ਵਿਚ ਉਸ ਦੇ ਘਰ ਦੇ ਬਾਹਰੋਂ ਗ੍ਰਿਫਤਾਰ ਕੀਤਾ ਗਿਆ ਤੇ ਉਸ ਨੂੰ 1000 ਮੀਲ ਦੂਰ ਇਕ ਦਿਹਾਤੀ ਜੇਲ ਵਿਚ ਲਿਜਾਇਆ ਗਿਆ। ਵਕੀਲਾਂ ਦੁਆਰਾ ਦਾਇਰ ਸੋਧੀ ਅਪੀਲ ਵਿਚ ਕਿਹਾ ਗਿਆ ਹੈ ਕਿ ਖਾਨ ਸੂਰੀ ਕੋਲ ਬਕਾਇਦਾ ਵੀਜ਼ਾ ਹੈ ਤੇ ਉਹ ਪ੍ਰੋਫੈਸਰ ਵਜੋਂ ਕੰਮ ਕਰਨ ਦੇ ਨਾਲ-ਨਾਲ ਪੜ੍ਹਾਈ ਵੀ ਕਰ ਰਿਹਾ ਹੈ। ਉਸ ਨੂੰ ਹੱਥਕੜੀਆਂ ਲਾ ਕੇ ਚਾਂਟਿਲੀ, ਵਰਜੀਨੀਆ ਲਿਜਾਇਆ ਗਿਆ, ਜਿਥੇ ਉਸ ਦੇ ਉਂਗਲੀਆਂ ਦੇ ਨਿਸ਼ਾਨ ਲਏ ਗਏ ਤੇ ਹੋਰ ਕਾਗਜ਼ੀ ਕਾਰਵਾਈ ਕੀਤੀ ਗਈ। ਅੱਧੀ ਰਾਤ ਨੂੰ ਉਸ ਨੂੰ ਫਾਰਮਵਿਲੇ, ਵਰਜੀਨੀਆ 'ਚ ਇਕ ਬੰਦੀ ਕੇਂਦਰ ਵਿਚ ਲਿਜਾਇਆ ਗਿਆ, ਜਿਥੋਂ ਉਸ ਨੂੰ ਆਈ.ਸੀ.ਈ. ਦੇ ਰਿਚਮੰਡ ਦਫਤਰ ਵਿਚ ਭੇਜ ਦਿੱਤਾ ਗਿਆ। ਪਟੀਸ਼ਨ ਅਨੁਸਾਰ ਇਸ ਤੋਂ ਬਾਅਦ ਸੂਰੀ ਨੂੰ ਅਲੈਗਜੈਂਡਰੀਆ, ਲੂਸੀਆਨਾ ਵਿਖੇ ਬੰਦੀ ਕੇਂਦਰ ਵਿਚ ਲਿਜਾਇਆ ਗਿਆ, ਜਿਥੇ ਉਸ ਨੂੰ ਕਿਹਾ ਗਿਆ, ਅਗਲੇ ਦਿਨ ਉਸ ਨੂੰ ਨਿਊਯਾਰਕ ਭੇਜ ਦਿੱਤਾ ਜਾਵੇਗਾ ਪਰੰਤੂ ਇਸ ਦੀ ਬਜਾਏ ਬੇੜੀਆਂ ਵਿਚ ਜਕੜੇ ਸੂਰੀ ਨੂੰ ਅਲਵਰਾਡੋ, ਟੈਕਸਾਸ ਵਿਚ ਪਰੇਰੀਲੈਂਡ ਡਿਟੈਨਸ਼ਨ ਸੈਂਟਰ 'ਚ ਭੇਜ ਦਿੱਤਾ ਗਿਆ। ਜਿਥੇ ਉਸ ਨੂੰ ਬਹੁਤ ਹੀ ਭੈੜੇ ਹਾਲਾਤ ਵਿਚ ਰੱਖਿਆ ਗਿਆ ਹੈ। ਹੋਰ ਗ੍ਰਿਫਤਾਰ ਪ੍ਰਵਾਸੀਆਂ ਨਾਲ ਵੀ ਅਜਿਹਾ ਸਲੂਕ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿਚ ਟਫਟਸ ਯੂਨੀਵਰਸਿਟੀ ਦਾ ਗ੍ਰੈਜੂਏਟ ਵਿਦਿਆਰਥੀ ਰੂਮੇਸਾ ਉਜ਼ਤੁਰਕ ਤੇ ਸਾਬਕਾ ਕੋਲੰਬੀਆ ਯੂਨੀਵਰਸਿਟੀ ਦਾ ਗ੍ਰੈਜੂਏਟ ਵਿਦਿਆਰਥੀ ਮਹਿਮੂਦ ਖਲੀਲ ਵੀ ਸ਼ਾਮਿਲ ਹੈ। ਵਕੀਲਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਇਹ ਸਾਰੇ ਦਾਅਪੇਚ ਇਸ ਲਈ ਵਰਤ ਰਿਹਾ ਹੈ, ਤਾਂ ਜੋ ਗ੍ਰਿਫਤਾਰ ਪ੍ਰਵਾਸੀਆਂ ਨੂੰ ਵਕੀਲਾਂ, ਪਰਿਵਾਰਾਂ ਤੇ ਹੋਰ ਮਦਦਗਾਰ ਪ੍ਰਣਾਲੀ ਤੋਂ ਦੂਰ ਰੱਖਿਆ ਜਾ ਸਕੇ।



ਬਦਰ ਖਾਨ ਸੂਰੀ, ਰੂਮੇਸਾ ਉਜ਼ਤੁਰਕ ਤੇ ਮਹਿਮੂਦ ਖਲੀਲ

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਆਈ.ਆਰ.ਐੱਸ. ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਇਮੀਗ੍ਰੇਸ਼ਨ ਏਜੰਟਾਂ ਨਾਲ ਟੈਕਸ ਜਾਣਕਾਰੀ ਸਾਂਝੀ ਕਰਨ ਲਈ ਸਹਿਮਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇੰਟਰਨਲ ਰੈਵਨਿਊ ਸਰਵਿਸ (ਆਈ.ਆਰ.ਐੱਸ.) ਨੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਸੰਘੀ ਇਮੀਗ੍ਰੇਸ਼ਨ ਏਜੰਟਾਂ ਨਾਲ ਟੈਕਸ ਜਾਣਕਾਰੀ ਸਾਂਝੀ ਕਰਨ ਬਾਰੇ ਸਹਿਮਤੀ ਦੇ ਦਿੱਤੀ ਹੈ। ਇਹ ਜਾਣਕਾਰੀ ਅਦਾਲਤੀ ਦਸਤਾਵੇਜ਼ ਤੋਂ ਮਿਲੀ ਹੈ। ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਪ੍ਰਵਾਸੀਆਂ ਕੋਲ ਸੋਸ਼ਲ ਸਕਿਉਰਿਟੀ ਨੰਬਰ ਨਹੀਂ ਹੈ ਤੇ ਉਹ ਹਰ ਸਾਲ ਟੈਕਸ ਭਰਨ ਲਈ ਵਿਅਕਤੀਗਤ ਟੈਕਸਦਾਤਾ ਪਛਾਣ ਨੰਬਰ (ਆਈ.ਟੀ.ਆਈ.ਐੱਨ.) ਦੀ ਵਰਤੋਂ ਕਰਦੇ ਹਨ। ਆਈ.ਆਰ.ਐੱਸ. ਕੋਲ ਇਨ੍ਹਾਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਨਾਂ ਤੇ ਪਤੇ ਮੌਜੂਦ ਹਨ। ਇਸ ਸਾਲ ਫਰਵਰੀ ਦੇ ਸ਼ੁਰੂ ਵਿਚ ਹੋਮਲੈਂਡ ਸਕਿਉਰਿਟੀ ਸਕੱਤਰ ਕ੍ਰਿਸਟੀ ਨੋਏਮ ਨੇ ਖਜ਼ਾਨਾ ਵਿਭਾਗ ਜੋ ਇੰਟਰਨਲ ਰੈਵਨਿਊ ਸਰਵਿਸ ਦਾ ਕੰਮਕਾਜ਼ ਵੇਖਦਾ ਹੈ, ਨੂੰ ਪ੍ਰਵਾਸੀਆਂ ਨੂੰ ਲੱਭਣ ਵਿਚ ਮਦਦ ਕਰਨ ਦੀ ਬੇਨਤੀ ਕੀਤੀ ਸੀ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਆਈ.ਆਰ.ਐੱਸ. ਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਵਿਚਾਲੇ ਹੋਏ ਸੋਧੇ ਹੋਏ ਕਰਾਰ ਦੀ ਕਾਪੀ ਦਾਇਰ ਕੀਤੀ। ਇਸ ਸਮਝੌਤੇ ਤਹਿਤ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਪਤੇ ਤੇ ਹੋਰ ਵੇਰਵਾ ਲੈ ਸਕੇਗੀ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਕਿਹਾ ਹੈ ਕਿ ਅਪਰਾਧਿਕ ਜਾਂਚ ਪੜਤਾਲ ਤਹਿਤ ਡੀ.ਐੱਚ.ਐੱਸ. ਕਾਨੂੰਨੀ ਤੌਰ 'ਤੇ ਵਿਅਕਤੀਗਤ ਟੈਕਸ ਰਿਟਰਨ ਜਾਣਕਾਰੀ ਲੈਣ ਲਈ ਬੇਨਤੀ ਕਰ ਸਕਦੀ ਹੈ ਤੇ ਆਈ.ਆਰ.ਐੱਸ. ਇਹ ਜਾਣਕਾਰੀ ਦੇਣ ਤੋਂ ਨਾਂਹ ਨਹੀਂ ਕਰ ਸਕਦੀ। ਦੂਸਰੇ ਪਾਸੇ ਫਲੋਰਿਡਾ ਇਮੀਗ੍ਰਾਂਟ ਕੋਲੀਸ਼ਨ ਜੋ ਇਕ ਪ੍ਰਵਾਸੀ ਸਮਰਥਕ ਸਮੂਹ ਹੈ, ਦੇ ਅਧਿਕਾਰੀ ਥਾਮਸ ਕੈਨੇਡੀ ਨੇ ਐਕਸ ਉਪਰ ਪਾਈ ਇਕ ਪੋਸਟ ਵਿਚ ਟਰੰਪ ਪ੍ਰਸ਼ਾਸਨ ਦੀ ਇਸ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਨਾਲ ਲੱਖਾਂ ਪ੍ਰਵਾਸੀ ਟੈਕਸ ਦੇਣਾ ਬੰਦ ਕਰ ਸਕਦੇ ਹਨ, ਜਿਸ ਦਾ ਅਸਰ ਸਮੁੱਚੇ ਅਮਰੀਕੀਆਂ ਉਪਰ ਪਵੇਗਾ।

# ਅਮਰੀਕੀ ਵੱਲੋਂ ਟੈਰਿਫਾਂ 'ਚ ਭਾਰੀ ਵਾਧੇ ਦੇ ਬਾਵਜੂਦ ਚੀਨ ਦੀ ਬਰਾਮਦ 'ਚ 12.4 ਫੀਸਦੀ ਦਾ ਵਾਧਾ

**ਬੈਂਕਾਕ, (ਪੰਜਾਬ ਮੇਲ)-** ਅਮਰੀਕਾ ਨੇ ਚੀਨ 'ਤੇ ਭਾਰੀ ਟੈਰਿਫ ਬੋਝ ਲਗਾ ਦਿੱਤਾ ਹੈ। ਹਾਲਾਂਕਿ ਚੀਨ ਦੀ ਆਰਥਿਕਤਾ 'ਤੇ ਇਸ ਦਾ ਅਸਰ ਨਜ਼ਰ ਨਹੀਂ ਆ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੀਨ 'ਤੇ 145 ਫੀਸਦੀ ਟੈਕਸ ਲਗਾਉਣ ਦੇ ਬਾਵਜੂਦ ਚੀਨ ਦੀ ਬਰਾਮਦ 'ਤੇ ਕੋਈ ਅਸਰ ਨਹੀਂ ਪਿਆ ਹੈ। ਮਾਰਚ ਮਹੀਨੇ 'ਚ ਚੀਨ ਦੀ ਬਰਾਮਦ 'ਚ ਸਾਲਾਨਾ ਆਧਾਰ 'ਤੇ 12.4 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਇਸੇ ਮਿਆਦ 'ਚ ਦਰਾਮਦ 'ਚ 4.3 ਫੀਸਦੀ ਦੀ ਕਮੀ ਆਈ ਹੈ। ਚੀਨ ਦੀ ਸਰਕਾਰ ਨੇ ਇਹ ਜਾਣਕਾਰੀ ਦਿੱਤੀ ਹੈ। ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਰਥਿਕਤਾ ਚੀਨ ਦੀ ਬਰਾਮਦ 2025 ਦੇ ਪਹਿਲੇ ਤਿੰਨ (ਜਨਵਰੀ-ਮਾਰਚ) ਮਹੀਨਿਆਂ 'ਚ ਸਾਲਾਨਾ ਆਧਾਰ 'ਤੇ 5.8 ਫੀਸਦੀ ਵਧੀ ਹੈ, ਜਦਕਿ ਦਰਾਮਦ ਵਿਚ 7 ਫੀਸਦੀ ਦੀ ਗਿਰਾਵਟ ਆਈ ਹੈ। ਮਾਰਚ ਵਿਚ ਅਮਰੀਕਾ ਦੇ ਨਾਲ ਚੀਨ ਦਾ ਵਪਾਰ ਸਰਪਲੱਸ 27.6 ਅਰਬ ਡਾਲਰ ਰਿਹਾ, ਜਦਕਿ ਇਸਦੀ ਬਰਾਮਦ 'ਚ 4.5 ਫੀਸਦੀ ਦਾ ਵਾਧਾ ਹੋਇਆ। ਸਾਲ ਦੀ ਪਹਿਲੀ (ਜਨਵਰੀ-ਮਾਰਚ) ਤਿਮਾਹੀ 'ਚ ਅਮਰੀਕਾ ਨਾਲ ਚੀਨ ਦਾ ਵਪਾਰ ਸਰਪਲੱਸ 76.6 ਅਰਬ ਡਾਲਰ ਰਿਹਾ।

ਚੀਨ ਦਾ ਅਮਰੀਕਾ ਨਾਲ ਵਪਾਰ ਸਰਪਲੱਸ ਵਧ ਰਿਹਾ ਹੈ ਤੇ ਅਮਰੀਕਾ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਕਾਰਨ ਅਮਰੀਕਾ ਨੇ ਚੀਨ 'ਤੇ ਭਾਰੀ ਟੈਕਸ ਲਗਾ ਦਿੱਤੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰ ਨੀਤੀਆਂ ਵਿਚ ਹਾਲ ਹੀ ਵਿਚ ਕੀਤੇ ਗਏ ਸੋਧਾਂ ਦੇ ਮੁਤਾਬਕ, ਚੀਨ ਨੂੰ ਅਮਰੀਕਾ ਨੂੰ ਹੋਣ ਵਾਲੇ ਆਪਣੇ ਜ਼ਿਆਦਾਤਰ ਬਰਾਮਦ 'ਤੇ 145 ਫੀਸਦੀ ਡਿਊਟੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



# ਟਰੰਪ ਵੱਲੋਂ ਹੁਣ ਦਵਾਈਆਂ ’ਤੇ ਜਲਦ ਵੱਡੇ ਟੈਰਿਫ ਲਗਾਉਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸ਼ੁਰੂ ਕੀਤੀ ਵਪਾਰਕ ਜੰਗ ਨੂੰ ਹੋਰ ਤਿੱਖਾ ਕਰਦਿਆਂ ਦਵਾਈਆਂ ਦੀਆਂ ਦਰਾਮਦਾਂ ’ਤੇ ਆਉਣ ਵੱਡੇ ਟੈਰਿਫ ਜਲਦ ਲਗਾਉਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਇਸਦਾ ਉਦੇਸ਼ ਦਵਾਈ ਕੰਪਨੀਆਂ ਨੂੰ ਅਮਰੀਕਾ ਵਿਚ ਕੰਮਕਾਜ ਤਬਦੀਲੀ ਲਿਆਉਣ ਲਈ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਤਾਈਵਾਨ ਸੈਮੀਕੰਡਕਟਰ ਮੈਨੂਫੈਕਚਰਿੰਗ ਕੰਪਨੀ (ਟੀ.ਐੱਸ.ਐੱਮ.ਸੀ.) ਨੂੰ ਸੰਭਾਵੀ ਟੈਕਸਾਂ ਬਾਰੇ ਚਿਤਾਵਨੀ ਦਿੱਤੀ ਹੈ, ਜੇਕਰ ਉਹ ਅਮਰੀਕੀ ਅੰਦਰ ਆਪਣੇ ਪਲਾਂਟ ਸਥਾਪਤ ਨਹੀਂ ਕਰਨਗੇ। ਟਰੰਪ ਨੇ ਨਾਲ ਹੀ ਇਸ ਕੰਪਨੀ ਨੂੰ ਬਾਇਡਨ ਪ੍ਰਸ਼ਾਸਨ ਵੱਲੋਂ 6.6 ਬਿਲੀਅਨ ਡਾਲਰ ਫੀਨਿਕਸ ਵਿਚ ਪਲਾਂਟ ਲਗਾਉਣ ਲਈ ਗ੍ਰਾਂਟ ਦੀ ਆਲੋਚਨਾ ਵੀ ਕੀਤੀ।

ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਆਪਣੀ ਬਰਾਬਰ ਟੈਰਿਫ ਨੀਤੀ ਦੇ ਦਾਇਰੇ ਤੋਂ ਫਾਰਮਾਸਿਊਟੀਕਲ ਤੇ ਸੈਮੀਕੰਡਕਟਰਾਂ ਨੂੰ ਛੋਟ ਦਿੱਤੀ ਸੀ। ਜੇਕਰ ਟਰੰਪ ਫਾਰਮਾ ਦਰਾਮਦ ’ਤੇ ਨਵੇਂ ਟੈਰਿਫ ਦਾ ਐਲਾਨ ਕਰਦੇ ਹਨ, ਤਾਂ ਭਾਰਤ, ਜੋ ਕਿ ਅਮਰੀਕਾ ਨੂੰ ਦਵਾਈਆਂ ਦੇ ਸਭ ਤੋਂ ਵੱਡੇ ਸਪਲਾਇਰਾਂ ਵਿਚੋਂ ਇਕ ਹੈ, ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦਾ ਹੈ। 2024 ’ਚ, ਭਾਰਤ ਦੇ ਫਾਰਮਾਸਿਊਟੀਕਲ ਨਿਰਯਾਤ ਦੀ ਕੀਮਤ 12.72 ਬਿਲੀਅਨ ਅਮਰੀਕੀ ਡਾਲਰ ਸੀ, ਜਿਸ ਨਾਲ ਇਹ ਦੇਸ਼ ਦਾ ਸਭ ਤੋਂ ਵੱਡਾ ਉਦਯੋਗਿਕ ਬਰਾਮਦ ਖੇਤਰ ਬਣ ਗਿਆ ਸੀ। ਜ਼ਿਕਰਯੋਗ ਹੈ ਕਿ ਭਾਰਤੀ ਦਵਾਈ ਕੰਪਨੀਆਂ ਅਮਰੀਕੀ ਸਿਹਤ ਸੰਭਾਲ ਪ੍ਰਣਾਲੀ ’ਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਆਈਆਂ ਹਨ। 2022 ਵਿਚ ਅਮਰੀਕਾ ਵਿਚ ਡਾਕਟਰਾਂ ਵੱਲੋਂ ਹਰ 10 ਪ੍ਰਿਸਕ੍ਰਿਪਸ਼ਨ (ਨੁਸਖਾ) ਪਿੱਛੇ ਚਾਰ ਲਈ ਭਾਰਤ ਦਾ ਯੋਗਦਾਨ ਸੀ। ਰਿਪੋਰਟਾਂ ਅਨੁਸਾਰ ਭਾਰਤੀ ਫਰਮਾਂ ਦੀਆਂ ਦਵਾਈਆਂ ਨੇ ਸਿਰਫ਼ 2022 ਵਿਚ ਹੀ ਅਮਰੀਕੀ ਸਿਹਤ ਸੰਭਾਲ ਪ੍ਰਣਾਲੀ ਨੂੰ 219 ਬਿਲੀਅਨ ਅਮਰੀਕੀ ਡਾਲਰ ਦੀ ਬਚਤ ਕਰਵਾਈ ਅਤੇ 2013 ਤੇ 2022 ਦੇ ਵਿਚਕਾਰ 1.3 ਟ੍ਰਿਲੀਅਨ ਅਮਰੀਕੀ ਡਾਲਰ ਦੇ ਜੈਨਰਿਕ ਪ੍ਰਾਜੈਕਟ ਨੇ ਭਾਰਤ ਨੂੰ ਪੰਜ ਨੁਸਖ਼ੇ ਦਿੱਤੇ ਅਤੇ ਅਮਰੀਕਾ ਨੂੰ 1.3 ਟ੍ਰਿਲੀਅਨ ਡਾਲਰ ਦੀ ਬਚਤ ਹੋਈ।

ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਦਵਾਈਆਂ ਦੀ ਦਰਾਮਦ ’ਤੇ ਉੱਚ ਟੈਰਿਫ ਲਗਾਉਣ ਨਾਲ ਭਾਰਤੀ ਦਵਾਈ ਨਿਰਮਾਤਾਵਾਂ ਨੂੰ ਉਤਪਾਦਨ ਲਾਗਤਾਂ ਵਧਾ ਕੇ ਅਤੇ ਦੂਜੇ ਦੇਸ਼ਾਂ ਦੇ ਵਿਰੋਧੀਆਂ ਦੇ ਮੁਕਾਬਲੇ ਉਨ੍ਹਾਂ ਦੀ ਕੀਮਤ ਮੁਕਾਬਲੇਬਾਜ਼ੀ ਨੂੰ ਘਟਾ ਕੇ ਭਾਰੀ ਨੁਕਸਾਨ ਪਹੁੰਚ ਸਕਦਾ ਹੈ। ਅਮਰੀਕਾ ਨੇ ਹਾਲ ਹੀ ਵਿਚ ਭਾਰਤੀ ਸਾਮਾਨਾਂ ’ਤੇ 27 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ, ਜਿਸ ਵਿਚ ਨਵੀਂ ਦਿੱਲੀ ਵੱਲੋਂ ਅਮਰੀਕੀ ਉਤਪਾਦਾਂ ’ਤੇ ਉੱਚ ਦਰਾਮਦ ਡਿਊਟੀਆਂ ਦਾ ਹਵਾਲਾ ਦਿੱਤਾ ਗਿਆ ਹੈ।

## ਕਾਸ਼ ਪਟੇਲ ਨੂੰ ਕਾਰਜਕਾਰੀ ਏ.ਟੀ.ਐੱਫ. ਡਾਇਰੈਕਟਰ ਦੇ ਅਹੁਦੇ ਤੋਂ ਹਟਾਇਆ



**ਵਾਸ਼ਿੰਗਟਨ, (ਪੰਜਾਬ ਮੇਲ)**- ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨੂੰ ਬਿਊਰੋ ਆਫ਼ ਐਲਕੋਹਲ, ਟੋਬੈਗੋ, ਫਾਇਰਆਰਮਜ਼ ਤੇ ਐਕਸਪਲੋਸਿਵਜ਼ ਦੇ ਕਾਰਜਕਾਰੀ ਡਾਇਰੈਟਕਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਪਟੇਲ ਦੀ ਥਾਂ ਅਮਰੀਕਾ ਦੇ ਫੌਜੀ ਸਕੱਤਰ ਡੈਨੀਅਲ ਡ੍ਰਿਸਕੌਲ ਲੈਣਗੇ। ਪਟੇਲ ਨੇ ਇਸ ਸਾਲ ਫਰਵਰੀ ਵਿਚ ਐੱਫ.ਬੀ.ਆਈ. ਡਾਇਰੈਕਟਰ ਵਜੋਂ ਹਲਫ ਲੈਣ ਤੋਂ ਕੁਝ ਦਿਨਾਂ ਮਗਰੋਂ ਏ.ਟੀ.ਐੱਫ. ਦੇ ਕਾਰਜਕਾਰੀ ਡਾਇਰੈਕਟਰ ਦਾ ਅਹੁਦਾ ਸੰਭਾਲਿਆ ਸੀ। ਨਿਆਂ ਵਿਭਾਗ ਦੇ ਅਧਿਕਾਰੀ ਨੇ ਇਸ ਫੇਰਬਦਲ ਦੀ ਪੁਸ਼ਟੀ ਕੀਤੀ ਹੈ।

## ਭਾਰਤੀ ਉਦਯੋਗਪਤੀ ਸ਼ਰੂਤੀ ਤੋਂ ਅਮਰੀਕਾ ਹਵਾਈ ਅੱਡੇ ’ਤੇ ਸਖ਼ਤ ਪੁੱਛਗਿੱਛ

**ਨਿਊਯਾਰਕ, (ਪੰਜਾਬ ਮੇਲ)**- ਇਕ ਭਾਰਤੀ ਉਦਯੋਗਪਤੀ ਔਰਤ ਸ਼ਰੂਤੀ



ਚਤੁਰਵੇਦੀ ਨੇ ਆਪਣੇ ਅਲਾਸਕਾ ਦੇ ਇਕ ਹਵਾਈ ਅੱਡੇ ’ਤੇ ਅੱਠ ਘੰਟੇ ਤੱਕ ਹਿਰਾਸਤ ’ਚ ਰੱਖੇ ਜਾਣ ਦੇ ਆਪਣੇ ਅਤਿ-ਦੁਖਦਾਈ ਅਨੁਭਵ ਨੂੰ ਭਰੇ ਮਨ ਸਾਂਝਾ ਕਰਦਿਆਂ ਡੂੰਘਾ ਦੁੱਖ ਪ੍ਰਗਟ ਕੀਤਾ ਹੈ, ਜਦੋਂ ਹਵਾਈ ਅੱਡੇ ਦੀ ਸੁਰੱਖਿਆ ਨੇ ਉਸਦੇ ਸਾਮਾਨ ਵਿਚ ਇਕ ਪਾਵਰ ਬੈਂਕ ਨੂੰ ਸ਼ੱਕੀ ਦੱਸਿਆ ਸੀ। ‘ਐਕਸ’ ’ਤੇ ਇਕ ਪੋਸਟ ਵਿਚ ਇੰਡੀਆ ਐਕਸ਼ਨ ਪ੍ਰਾਜੈਕਟ ਤੇ ਚੈਪਾਨੀ ਦੇ ਸੰਸਥਾਪਕ ਚਤੁਰਵੇਦੀ ਨੇ ਇਸ ਮੁਸ਼ਕਿਲ ਨੂੰ ‘ਸਭ ਤੋਂ ਭੈੜੀ’ ਘਟਨਾ ਦੱਸਿਆ, ਜੋ ਉਸਨੇ ਆਪਣੀ ਜ਼ਿੰਦਗੀ ਵਿਚ ਕਦੇ ਨਹੀਂ ਵੇਖੀ ਹੋਵੇਗੀ। ਚਤੁਰਵੇਦੀ ਦੇ ਅਨੁਸਾਰ ਇਹ ਘਟਨਾ ਐਂਕਰੇਜ ਹਵਾਈ ਅੱਡੇ ’ਤੇ ਵਾਪਰੀ, ਜਿੱਥੇ ਉਸ ਨੂੰ ਕਈ ਤਰ੍ਹਾਂ ਦੀਆਂ ਅਸੁਵਿਧਾਜਨਕ ਤੇ ਹਮਲਾਵਰ ਪ੍ਰਕਿਰਿਆਵਾਂ ਦਾ ਸਾਹਮਣਾ ਕਰਨਾ ਪਿਆ। ਉਸਨੇ ਦਾਅਵਾ ਕੀਤਾ ਕਿ ਉਸਦੇ ਗਰਮ ਕੱਪੜੇ ਉਤਾਰ ਦਿੱਤੇ ਗਏ, ਠੰਡੇ ਕਮਰੇ ਵਿਚ ਉਡੀਕ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਪੁਲਿਸ ਤੇ ਐੱਫ.ਬੀ.ਆਈ. ਏਜੰਟਾਂ ਦੋਵਾਂ ਵੱਲੋਂ ਲਗਾਤਾਰ ਪੁੱਛਗਿੱਛ ਕੀਤੀ ਗਈ। ਅਧਿਕਾਰੀਆਂ ਨੇ ਉਸ ਨੂੰ ਟਾਇਲਟ ਵਰਤਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਤੇ ਉਸਦਾ ਮੋਬਾਈਲ ਫੋਨ ਤੇ ਪਰਸ ਵੀ ਲੈ ਲਿਆ, ਜਿਸ ਨਾਲ ਉਸ ਨੂੰ ਕੋਈ ਵੀ ਫੋਨ ਕਾਲ ਕਰਨ ਤੋਂ ਰੋਕਿਆ ਗਿਆ।

## ‘ਗੈਰ-ਕਾਨੂੰਨੀ ਟੈਰਿਫ’ ਲਈ ਕੈਲੀਫੋਰਨੀਆ ਸਟੇਟ ਵੱਲੋਂ ਟਰੰਪ ਪ੍ਰਸ਼ਾਸਨ ’ਤੇ ਮੁਕੱਦਮਾ ਦਾਇਰ



**ਲਾਸ ਏਂਜਲਸ, (ਪੰਜਾਬ ਮੇਲ)**- ਟੈਰਿਫ ਮੁੱਦੇ ’ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਹੀ ਦੇਸ਼ ਵਿਚ ਘਿਰ ਗਏ ਹਨ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਐਲਾਨ ਕੀਤਾ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਰਥਵਿਵਸਥਾ ਵਾਲਾ ਪੱਛਮੀ ਅਮਰੀਕੀ ਰਾਜ ਟਰੰਪ ਪ੍ਰਸ਼ਾਸਨ ’ਤੇ ਮੁਕੱਦਮਾ ਕਰ ਰਿਹਾ ਹੈ। ਇਹ ਮੁਕੱਦਮਾ ਅੰਤਰਰਾਸ਼ਟਰੀ ਵਪਾਰਕ ਭਾਈਵਾਲਾਂ ’ਤੇ ਰਾਸ਼ਟਰਪਤੀ ਦੇ ਵੱਡੇ ਪੱਧਰ ’ਤੇ “ਗੈਰ-ਕਾਨੂੰਨੀ ਟੈਰਿਫ” ਲਈ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਕੈਲੀਫੋਰਨੀਆ ਜੋ ਕਿ ਸਭ ਤੋਂ ਵੱਧ ਆਬਾਦੀ ਵਾਲਾ ਅਮਰੀਕੀ ਰਾਜ ਵੀ ਹੈ, ਟੈਰਿਫ ਨੂੰ ਲੈ ਕੇ ਟਰੰਪ ਪ੍ਰਸ਼ਾਸਨ ’ਤੇ ਮੁਕੱਦਮਾ ਕਰਨ ਵਾਲਾ ਦੇਸ਼ ਦਾ ਪਹਿਲਾ ਰਾਜ ਹੈ।

ਨਿਊਸਮ ਨੇ ਬੁੱਧਵਾਰ ਨੂੰ ਇੱਕ ਬਿਆਨ ਵਿਚ ਕਿਹਾ, “ਰਾਸ਼ਟਰਪਤੀ ਟਰੰਪ ਦੇ ਗੈਰ-ਕਾਨੂੰਨੀ ਟੈਰਿਫ ਕੈਲੀਫੋਰਨੀਆ ਦੇ ਪਰਿਵਾਰਾਂ, ਕਾਰੋਬਾਰਾਂ ਅਤੇ ਸਾਡੀ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਰਹੇ ਹਨ, ਜਿਸ ਕਾਰਨ ਕੀਮਤਾਂ ਵੱਧ ਰਹੀਆਂ ਹਨ ਅਤੇ ਨੌਕਰੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ।” ਉਸ ਨੇ ਅੱਗੇ ਕਿਹਾ, “ਅਸੀਂ ਉਨ੍ਹਾਂ ਅਮਰੀਕੀ ਪਰਿਵਾਰਾਂ ਲਈ ਖੜ੍ਹੇ ਹਾਂ, ਜੋ ਅਰਾਜਕਤਾ ਨੂੰ ਜਾਰੀ ਰੱਖਣ ਦਾ ਜੋਖਮ ਨਹੀਂ ਚੁੱਕ ਸਕਦੇ”। ਗਵਰਨਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਇੱਕ ਪੋਸਟ ਵਿਚ ਕਿਹਾ, “ਡੋਨਾਲਡ ਟਰੰਪ ਕੋਲ ਇਹ ਵਿਨਾਸ਼ਕਾਰੀ ਅਤੇ ਅਰਾਜਕ ਟੈਰਿਫ ਲਗਾਉਣ ਦਾ ਅਧਿਕਾਰ ਨਹੀਂ ਹੈ। ਅਮਰੀਕਾ ਨੂੰ ਬਹੁਤ ਕੁਝ ਗੁਆਉਣਾ ਪੈ ਸਕਦਾ ਹੈ।” ਗਵਰਨਰ ਨੇ ਕਿਹਾ, “ਅਸੀਂ ਉਸਨੂੰ ਅਦਾਲਤ ਵਿਚ ਲੈ ਜਾ ਰਹੇ ਹਾਂ।” ਨਿਊਸਮ ਨੇ ਕਿਹਾ ਕਿ “ਅਮਰੀਕਾ ਵਿਚ 40 ਪ੍ਰਤੀਸ਼ਤ ਮਾਲ ਦੀ ਆਵਾਜਾਈ ਕੈਲੀਫੋਰਨੀਆ ਵਿਚ ਦੋ ਪ੍ਰਵੇਸ਼ ਬੰਦਰਗਾਹਾਂ ਰਾਹੀਂ ਆਉਂਦੀ ਹੈ। ਇਸ ਵਿਚੋਂ ਲਗਭਗ 50 ਪ੍ਰਤੀਸ਼ਤ ਚੀਨ ਤੋਂ ਹੀ ਹੁੰਦੀ ਹੈ”। ਗੋਲਡਨ ਸਟੇਟ ਸਾਰੇ ਅਮਰੀਕੀ ਰਾਜਾਂ ਵਿਚੋਂ ਸਭ ਤੋਂ ਵੱਡਾ ਆਯਾਤਕ ਹੈ, ਜਿਸਦੇ ਨਾਲ ਰਾਜ ਭਰ ਵਿਚ ਲੱਖਾਂ ਨੌਕਰੀਆਂ ਦਾ ਸਮਰਥਨ ਕਰਨ ਵਾਲੇ ਦੋ-ਪੱਖੀ ਵਪਾਰ ਵਿਚ 675 ਬਿਲੀਅਨ ਡਾਲਰ ਤੋਂ ਵੱਧ ਹੈ। ਗਵਰਨਰ ਦਫ਼ਤਰ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਮੈਕਸੀਕੋ, ਕੈਨੇਡਾ ਅਤੇ ਚੀਨ ਕੈਲੀਫੋਰਨੀਆ ਦੇ ਤਿੰਨ ਪ੍ਰਮੁੱਖ ਨਿਰਯਾਤ ਸਥਾਨ ਹਨ, ਜੋ ਕਿ ਕੈਲੀਫੋਰਨੀਆ ਦੇ ਨਿਰਯਾਤ ਵਿਚ ਲਗਭਗ 67 ਬਿਲੀਅਨ ਡਾਲਰ ਖਰੀਦਦੇ ਹਨ, ਜੋ ਕਿ 2024 ਵਿਚ ਰਾਜ ਦੇ 183 ਬਿਲੀਅਨ ਡਾਲਰ ਨਿਰਯਾਤ ਸਮਾਨ ਦੇ ਇੱਕ ਤਿਹਾਈ ਤੋਂ ਵੱਧ ਸੀ।



# ਟਰੰਪ ਨੇ ਜ਼ਿਆਦਾਤਰ ਦੇਸ਼ਾਂ ’ਤੇ ਟੈਰਿਫ਼ 90 ਦਿਨਾਂ ਲਈ ਟਾਲਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਚੀਨ ਦਰਮਿਆਨ ‘ਟੈਰਿਫ਼ ਜੰਗ’ ਹੋਰ ਤੇਜ਼ ਹੋ ਗਈ ਹੈ। ਅਮਰੀਕਾ ਵੱਲੋਂ ਚੀਨੀ ਵਸਤਾਂ ’ਤੇ 104 ਫ਼ੀਸਦੀ ਟੈਰਿਫ਼ ਕਰਨ ਦੇ ਬਾਅਦ ਚੀਨ ਵਲੋਂ ਚੁੱਕੇ ਜਵਾਬੀ ਕਦਮ ਤੋਂ ਨਾਰਾਜ਼ ਅਮਰੀਕਾ ਨੇ ਜਿਥੇ ਜ਼ਿਆਦਾਤਰ ਦੇਸ਼ਾਂ ’ਤੇ ਲਗਾਏ ਪਰਸਪਰ ਟੈਰਿਫ਼ ਨੂੰ 90 ਦਿਨਾਂ ਲਈ ਰੋਕ ਦਿੱਤਾ, ਉਥੇ ਚੀਨ ਨੂੰ ਟੈਰਿਫ਼ ਤੋਂ ਕੋਈ ਰਾਹਤ ਨਹੀਂ ਦਿੱਤੀ, ਸਗੋਂ ਇਸ ਨੂੰ ਵਧਾ ਕੇ 145 ਫ਼ੀਸਦੀ ਕਰ ਦਿੱਤਾ। ਟਰੰਪ ਨੇ ਹਾਲਾਂਕਿ ਦਾਅਵਾ ਕੀਤਾ ਕਿ ਚੀਨ ਨੂੰ ਇਸ ਆਰਜ਼ੀ ਰਾਹਤ ਤੋਂ ਛੋਟ ਨਹੀਂ ਮਿਲੇਗੀ ਤੇ ਉਹ ਚੀਨੀ ਦਰਾਮਦਾਂ ’ਤੇ ਟੈਕਸ ਵਧਾ ਰਹੇ ਹਨ। ਟਰੰਪ ਨੇ ਇਹ ਕਾਰਵਾਈ ਚੀਨ ਵਲੋਂ ਲਗਾਏ ਜਵਾਬੀ 84 ਫ਼ੀਸਦੀ ਟੈਰਿਫ਼



ਦੇ ਬਾਅਦ ਕੀਤੀ। ਜਿਸ ਨਾਲ ਟਰੰਪ ਵਲੋਂ ਛੇੜੀ ਆਲਮੀ ਵਪਾਰਕ ਜੰਗ ਹੋਰ ਡੂੰਘੀ ਹੋਣ ਦੇ ਆਸਾਰ ਹਨ। ਅਮਰੀਕੀ ਰਾਸ਼ਟਰਪਤੀ ਨੇ ਆਪਣਾ ਫ਼ੈਸਲਾ ਪਲਟਣ ਪਿੱਛੇ ਦੇਸ਼ਾਂ ਨਾਲ ਵਪਾਰ ਸੰਬੰਧੀ ਨਵੀਂ ਗੱਲਬਾਤ ਦਾ ਹਵਾਲਾ ਦਿੱਤਾ। ਟਰੰਪ ਨੇ ਕਿਹਾ ਕਿ 75 ਤੋਂ ਵੱਧ ਦੇਸ਼ਾਂ ਨੇ ਵਪਾਰਕ ਗੱਲਬਾਤ ਲਈ ਅਮਰੀਕਾ ਸਰਕਾਰ ਤੱਕ ਪਹੁੰਚ ਕੀਤੀ ਹੈ। ਟਰੰਪ ਨੇ ਕਿਹਾ ਕਿ ਦੁਨੀਆਂ ਦੇ ਬਾਜ਼ਾਰਾਂ ਲਈ ਚੀਨ ਨੇ ਜਿਸ ਤਰ੍ਹਾਂ ਨਾਲ ਸਨਮਾਨ ਨਹੀਂ ਦਿਖਾਇਆ ਹੈ, ਉਸ ਦੇ ਆਧਾਰ ’ਤੇ ਮੈਂ ਅਮਰੀਕਾ ਵਲੋਂ ਚੀਨ ’ਤੇ ਲਗਾਏ ਜਾਣ ਵਾਲੇ ਟੈਰਿਫ਼ ਨੂੰ ਵਧਾ ਰਿਹਾ ਹਾਂ, ਜੋ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਉਮੀਦ ਹੈ ਕਿ ਜਲਦ ਹੀ ਚੀਨ ਇਸ ਨੂੰ ਸਮਝੇਗਾ ਕਿ ਅਮਰੀਕਾ ਅਤੇ ਦੂਸਰੇ ਦੇਸ਼ਾਂ ਨੂੰ ਲਗਾਤਾਰ ਆਰਥਿਕ ਰੂਪ ਨਾਲ ਨੁਕਸਾਨ ਪਹੁੰਚਾਉਣ ਦੇ ਦਿਨ ਹੁਣ ਨਹੀਂ ਰਹੇ ਅਤੇ ਸਵੀਕਾਰ ਯੋਗ ਵੀ ਨਹੀਂ ਹੈ। ਵਾਈਟ ਹਾਊਸ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਟਰੰਪ ਨੇ ਜੋ 90 ਦਿਨਾਂ ਦੀ ਰੋਕ ਦਾ ਐਲਾਨ ਕੀਤਾ ਹੈ, ਇਸ ਦਾ ਮਤਲਬ ਇਹ ਹੈ ਕਿ ਚੀਨ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ’ਤੇ ਇਨ੍ਹਾਂ 90 ਦਿਨਾਂ ਦੌਰਾਨ ਇਕ ਸਮਾਨ 10 ਫ਼ੀਸਦੀ ਪਰਸਪਰ ਟੈਰਿਫ਼ ਲਗਾਇਆ ਜਾਵੇਗਾ।

## ਚੀਨ ਵੱਲੋਂ ਅਮਰੀਕੀ ਦਰਾਮਦਾਂ ’ਤੇ 125 ਫੀਸਦ ਟੈਕਸ

**ਪੇਈਚਿੰਗ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਵੱਲੋਂ ਚੀਨ ਤੋਂ ਆਉਣ



ਵਾਲੀਆਂ ਵਸਤਾਂ ’ਤੇ 145 ਫ਼ੀਸਦੀ ਟੈਕਸ ਲਾਉਣ ਦੇ ਬਦਲੇ ਵਜੋਂ ਚੀਨ ਨੇ ਅਮਰੀਕਾ ਤੋਂ ਦਰਾਮਦ ਹੋਣ ਵਾਲੀਆਂ ਵਸਤਾਂ ’ਤੇ ਟੈਕਸ ਵਧਾ ਕੇ 125 ਫ਼ੀਸਦੀ ਕਰ ਦਿੱਤਾ ਹੈ। ਚੀਨੀ ਵਣਜ ਮੰਤਰਾਲੇ ਨੇ ਇੱਥੇ ਕਿਹਾ ਕਿ ਚੀਨ ਨੇ ਅਮਰੀਕਾ ਤੋਂ ਆਉਣ ਵਾਲੇ ਉਤਪਾਦਾਂ ’ਤੇ ਟੈਕਸ ਵਧਾ ਕੇ 125 ਫੀਸਦੀ ਕਰ ਦਿੱਤਾ ਹੈ, ਇਸ ਤੋਂ ਪਹਿਲਾਂ ਇਹ ਟੈਕਸ 84 ਫੀਸਦੀ ਸੀ। ਵਣਜ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਦੇ ਟੈਰਿਫ ਵਾਧੇ ਤੋਂ ਬਾਅਦ ਚੀਨ ਨੇ ਵੀ ਡਬਲਯੂ.ਟੀ.ਓ. ਕੋਲ ਕੇਸ ਦਾਇਰ ਕੀਤਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਹੁਣ 9 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਪ੍ਰਸ਼ਾਸਨ ਅਮਰੀਕੀ ਸਿੱਖਿਆ ਸੰਸਥਾਵਾਂ ’ਤੇ ਸਖ਼ਤ ਕਾਰਵਾਈ ਕਰ ਰਿਹਾ ਹੈ। ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਖੋਜੀਆਂ ’ਤੇ ਦਬਾਅ ਲਗਾਤਾਰ ਵਧ ਰਿਹਾ ਹੈ। ਹਾਲ ਹੀ ਵਿਚ ਅਮਰੀਕਾ ਦੀ ਵੱਕਾਰੀ ਸੰਸਥਾ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਮ.ਆਈ.ਟੀ.) ਵੀ ਇਸ ਕਾਰਵਾਈ ਦੀ ਲਪੇਟ ਵਿੱਚ ਆਈ ਹੈ, ਜਿੱਥੇ 9 ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਖੋਜੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਇਹ ਕਦਮ ਬਿਨਾਂ ਕਿਸੇ ਪੂਰਵ ਸੂਚਨਾ ਜਾਂ ਕਾਰਨ ਦੇ ਚੁੱਕਿਆ ਗਿਆ, ਜਿਸ ਕਾਰਨ ਅਕਾਦਮਿਕ ਜਗਤ ਵਿਚ ਡੂੰਘੀ ਚਿੰਤਾ ਪੈਦਾ ਹੋ ਗਈ ਹੈ।

ਇੱਕ ਰਿਪੋਰਟ ਅਨੁਸਾਰ ਹੁਣ ਤੱਕ ਟਰੰਪ ਪ੍ਰਸ਼ਾਸਨ ਨੇ ਅਮਰੀਕਾ ਦੀਆਂ 88 ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਲਗਭਗ 530 ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਇਹ ਅੰਕੜਾ ਸਿਰਫ਼ ਇੱਕ ਪ੍ਰਸ਼ਾਸਕੀ ਨੀਤੀਗਤ ਤਬਦੀਲੀ ਦਾ ਨਤੀਜਾ ਨਹੀਂ ਜਾਪਦਾ, ਸਗੋਂ ਅਮਰੀਕੀ ਉੱਚ ਸਿੱਖਿਆ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਜਾਪਦਾ ਹੈ। ਐੱਮ.ਆਈ.ਟੀ. ਦੀ ਪ੍ਰਧਾਨ ਸੈਲੀ ਕੋਰਨਬਲਥ ਨੇ 14 ਅਪ੍ਰੈਲ ਨੂੰ ਇੱਕ ਅਧਿਕਾਰਤ ਪੱਤਰ ਵਿਚ ਇਸ ਘਟਨਾਕ੍ਰਮ ’ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਕਿਹਾ, “ਸਰਕਾਰ ਦੀਆਂ ਇਹ ਕਾਰਵਾਈਆਂ ਨਾ ਸਿਰਫ਼ ਐੱਮ.ਆਈ.ਟੀ. ਦੇ ਕਾਰਜਾਂ ਨੂੰ ਖ਼ਤਰਾ ਹਨ, ਸਗੋਂ ਅਮਰੀਕਾ ਦੀ ਵਿਸ਼ਵਵਿਆਪੀ ਵਿਗਿਆਨਕ ਲੀਡਰਸ਼ਿਪ ਸਥਿਤੀ ਨੂੰ ਵੀ ਕਮਜ਼ੋਰ ਕਰਦੀਆਂ ਹਨ।” ਕੋਰਨਬਲਥ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਨੌਂ ਮੈਂਬਰਾਂ ਦੇ ਵੀਜ਼ੇ ਰੱਦ ਕੀਤੇ ਗਏ ਹਨ, ਉਨ੍ਹਾਂ ਵਿਚ ਹਾਲ ਹੀ ਵਿਚ ਗ੍ਰੈਜੂਏਟ ਹੋਏ ਵਿਦਿਆਰਥੀ ਅਤੇ ਪੋਸਟ-ਡਾਕਟੋਰਲ ਫੈਲੋ ਸ਼ਾਮਲ ਹਨ।

ਇਸ ਵੀਜ਼ਾ ਵਿਵਾਦ ਦੇ ਨਾਲ ਟਰੰਪ ਪ੍ਰਸ਼ਾਸਨ ਨੇ ਇੱਕ ਫੈਡਰਲ ਨੀਤੀ ਵੀ ਬਦਲ ਦਿੱਤੀ ਹੈ, ਜੋ ਖੋਜ ਫੰਡਿੰਗ ਦੇ ਢਾਂਚੇ ਨੂੰ ਪ੍ਰਭਾਵਤ ਕਰਦੀ ਹੈ। ਨਵੀਂ ਨੀਤੀ ਤਹਿਤ ਖੋਜ ਲਾਗਤ ਦੀ ਅਦਾਇਗੀ ਵੱਧ ਤੋਂ ਵੱਧ 15 ਪ੍ਰਤੀਸ਼ਤ ਤੱਕ ਸੀਮਤ ਕੀਤੀ ਗਈ ਹੈ। ਇਸ ਦੇ ਵਿਰੋਧ ਵਿਚ ਐੱਮ.ਆਈ.ਟੀ., ਪ੍ਰਿੰਸਟਨ, ਕੈਲਟੈਕ ਅਤੇ ਇਲੀਨੋਇਸ ਯੂਨੀਵਰਸਿਟੀ ਵਰਗੇ ਚੋਟੀ ਦੇ ਅਦਾਰਿਆਂ ਨੇ ਬੋਸਟਨ ਦੀ ਸੰਘੀ ਅਦਾਲਤ ਵਿਚ ਊਰਜਾ ਵਿਭਾਗ (ਡੀ.ਓ.ਈ.) ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਇਸ ਨੀਤੀਗਤ ਬਦਲਾਅ ਨਾਲ ਖੋਜ ਸੰਸਥਾਵਾਂ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਸਕਦਾ ਹੈ ਅਤੇ ਅਮਰੀਕਾ ਦੀ ਅਕਾਦਮਿਕ ਅਤੇ ਵਿਗਿਆਨਕ ਸਾਖ ਨੂੰ ਖ਼ਤਰਾ ਹੋ ਸਕਦਾ ਹੈ।

# ਅਮਰੀਕਾ ਵੱਲੋਂ ਭਾਰਤੀ ਨਾਗਰਿਕ ਤੇ ਦੋ ਭਾਰਤੀ ਕੰਪਨੀਆਂ ’ਤੇ ਪਾਬੰਦੀ

**ਨਿਊਯਾਰਕ/ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਸੰਯੁਕਤ ਅਰਬ ਅਮੀਰਾਤ ਵਿਚ ਰਹਿਣ ਵਾਲੇ ਇੱਕ ਭਾਰਤੀ ਨਾਗਰਿਕ ਅਤੇ ਦੋ ਭਾਰਤੀ ਕੰਪਨੀਆਂ ’ਤੇ ਈਰਾਨੀ ਤੇਲ ਦੀ ਢੋਆ-ਢੁਆਈ ਕਰਨ ਅਤੇ ਈਰਾਨ ਦੇ “ਸ਼ੈਡੋ ਫਲੀਟ” ਵਜੋਂ ਕੰਮ ਕਰਨ ਦੇ ਦੋਸ਼ ਵਿਚ ਪਾਬੰਦੀਆਂ ਲਗਾਈਆਂ ਹਨ। ਅਮਰੀਕੀ ਖਜ਼ਾਨਾ ਵਿਭਾਗ ਨੇ ਵੀਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ। ਬਿਆਨ ਵਿਚ ਕਿਹਾ ਗਿਆ ਹੈ ਕਿ ਜੁਗਵਿੰਦਰ ਸਿੰਘ ਬਰਾੜ ਕਈ ਸ਼ਿਪਿੰਗ ਕੰਪਨੀਆਂ ਦੇ ਮਾਲਕ ਹਨ ਅਤੇ ਉਨ੍ਹਾਂ ਕੋਲ ਲਗਭਗ 30 ਜਹਾਜ਼ਾਂ ਦਾ ਬੇੜਾ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਈਰਾਨ ਦੇ “ਸ਼ੈਡੋ ਫਲੀਟ” ਦੇ ਹਿੱਸੇ ਵਜੋਂ ਕੰਮ ਕਰਦੇ ਹਨ। ਬਰਾੜ ਦੇ ਯੂ.ਏ.ਈ. ਵਿਚ ਕਾਰੋਬਾਰ ਹਨ ਅਤੇ ਉਹ ਭਾਰਤ-ਆਧਾਰਿਤ ਸ਼ਿਪਿੰਗ ਕੰਪਨੀ ਗਲੋਬਲ ਟੈਂਕਰਜ਼ ਪ੍ਰਾਈਵੇਟ ਲਿਮਟਿਡ ਅਤੇ ਪੈਟਰੋਕੈਮੀਕਲ ਵਿਕਰੀ ਕੰਪਨੀ ਬੀ ਐਂਡ ਪੀ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਦੇ ਮਾਲਕ ਜਾਂ ਕੰਟਰੋਲ ਵੀ ਕਰਦੇ ਹਨ। ਖਜ਼ਾਨਾ ਵਿਭਾਗ ਦੇ ਵਿਦੇਸ਼ੀ ਸੰਪਤੀਆਂ ਦੇ ਨਿਯੰਤਰਣ ਦਫ਼ਤਰ (ਓ.ਐੱਫ.ਏ.ਸੀ.) ਨੇ ਬਰਾੜ ਅਤੇ ਦੋ ਭਾਰਤ-ਆਧਾਰਿਤ ਕੰਪਨੀਆਂ ’ਤੇ ਪਾਬੰਦੀ ਲਗਾ ਦਿੱਤੀ ਹੈ। ਓ.ਐੱਫ.ਏ.ਸੀ. ਨੇ ਕਿਹਾ ਕਿ ਬਰਾੜ ਦੇ ਜਹਾਜ਼ ਇਰਾਕ, ਈਰਾਨ, ਸੰਯੁਕਤ ਅਰਬ ਅਮੀਰਾਤ ਅਤੇ ਓਮਾਨ ਦੀ ਖਾੜੀ ਦੇ ਪਾਣੀਆਂ ਵਿਚ ਈਰਾਨੀ ਪੈਟਰੋਲੀਅਮ ਦੇ ਜਹਾਜ਼-ਤੋਂ-ਜਹਾਜ਼ (ਐੱਸ.ਟੀ.ਐੱਸ.) ਟਰਾਂਸਫਰ ਵਿਚ ਲੱਗੇ ਹੋਏ ਸਨ। ਫਿਰ ਇਹ ਖੇਪ ਦੂਜੇ ਹੈਂਡਲਰਾਂ ਨੂੰ ਜਾਂਦੀ ਹੈ, ਜੋ ਤੇਲ ਜਾਂ ਬਾਲਣ ਨੂੰ ਦੂਜੇ ਦੇਸ਼ਾਂ ਦੇ ਉਤਪਾਦਾਂ ਨਾਲ ਮਿਲਾਉਂਦੇ ਹਨ ਅਤੇ ਈਰਾਨ ਨਾਲ ਕਿਸੇ ਵੀ ਸਬੰਧ ਨੂੰ ਛੁਪਾਉਣ ਲਈ ਸ਼ਿਪਿੰਗ ਦਸਤਾਵੇਜ਼ਾਂ ਵਿਚ ਹੇਰਾਫੇਰੀ ਕਰਦੇ ਹਨ, ਜਿਸ ਨਾਲ ਖੇਪ ਅੰਤਰਰਾਸ਼ਟਰੀ ਬਾਜ਼ਾਰ ਤੱਕ ਪਹੁੰਚ ਜਾਂਦੀ ਹੈ।

ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਕਿਹਾ, “ਈਰਾਨੀ ਸ਼ਾਸਨ ਆਪਣਾ ਤੇਲ ਵੇਚਣ ਅਤੇ ਆਪਣੀਆਂ ਅਸਥਿਰ ਗਤੀਵਿਧੀਆਂ ਨੂੰ ਫੰਡ ਦੇਣ ਲਈ ਬਾਰ ਅਤੇ ਉਸਦੀਆਂ ਕੰਪਨੀਆਂ ਵਰਗੇ ਟਰਾਂਸਪੋਰਟਰਾਂ ਅਤੇ ਦਲਾਲਾਂ ਦੇ ਨੈੱਟਵਰਕ ’ਤੇ ਨਿਰਭਰ ਕਰਦਾ ਹੈ।” ਉਨ੍ਹਾਂ ਕਿਹਾ ਕਿ ਅਮਰੀਕਾ ਈਰਾਨ ਦੇ ਤੇਲ ਨਿਰਯਾਤ ਦੇ ਸਾਰੇ ਚੈਨਲਾਂ ਨੂੰ ਰੋਕਣ ਲਈ ਦ੍ਰਿੜ੍ਹ ਹੈ, ਖਾਸ ਕਰਕੇ ਉਹ ਜੋ ਵਪਾਰ ਤੋਂ ਮੁਨਾਫ਼ਾ ਕਮਾਉਣਾ ਚਾਹੁੰਦੇ ਹਨ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲ ਵਿਚ ਲਗਾਏ ਮੁਫ਼ਤ ਆਰ.ਓ. ਸਿਸਟਮ ਦਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਭੰਗਚੜੀ ਵਿਚ ਬੱਚਿਆਂ ਪੀਣ ਲਈ ਸਾਫ਼ ਪਾਣੀ ਦੇਣ ਲਈ ਮੁਫ਼ਤ ਆਰ.ਓ. ਸਿਸਟਮ ਲਗਾਇਆ ਗਿਆ ਸੀ, ਜਿਸ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਅਤੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੁਨੀਆਂ ਭਰ



ਡਾ. ਐੱਸ.ਪੀ. ਸਿੰਘ ਓਬਰਾਏ।

ਵਿਚ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਵੀ ਖੁੱਲ੍ਹ ਕੇ ਚਰਚਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਜ਼ਹਿਰੀਲਾ ਹੈ। ਲੋਕ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਦੇ ਮੱਦੇਨਜ਼ਰ ਸਕੂਲ ਮੁਖੀ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਸਕੂਲ ਵਿਚ ਆਰ.ਓ. ਸਿਸਟਮ ਲਗਾਉਣ ਦੀ ਮੰਗ ਕੀਤੀ ਗਈ ਸੀ, ਜੋ ਡਾਕਟਰ ਓਬਰਾਏ ਵੱਲੋਂ ਤਰੁੰਤ ਪ੍ਰਵਾਨ ਕਰਕੇ ਆਰ.ਓ. ਸਿਸਟਮ ਲਗਾਇਆ ਗਿਆ ਸੀ। ਸਕੂਲ ਵਿਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਵੱਲੋਂ ਅਤੇ ਸਕੂਲ ਸਟਾਫ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਚਰਨ ਸਿੰਘ ਮੈਨੇਜਰ ਸਾਹਿਬ ਆਸਟ੍ਰੇਲੀਆ ਵਾਲੇ, ਅਸ਼ੋਕ ਕੁਮਾਰ ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸਮੂਹ ਪੰਚਾਇਤ, ਸਕੂਲ ਕਮੇਟੀ ਮੈਂਬਰ ਅਤੇ ਨਗਰ ਨਿਵਾਸੀ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਨੇ 45 ਲੋੜਵੰਦ ਲੋਕਾਂ ਦੀ ਮਦਦ ਕਰਕੇ ਮਨਾਇਆ ਡਾ. ਓਬਰਾਏ ਦਾ ਜਨਮਦਿਨ



**ਲੋੜਵੰਦ ਲੋਕਾਂ ਨੂੰ ਸਹਾਇਤਾ ਰਾਸ਼ੀ ਦੇਣ ਸਮੇਂ ਅਰਵਿੰਦਰ ਪਾਲ ਸਿੰਘ ਚਾਹਲ ਮੁੱਖ ਸੇਵਾਦਾਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਨਵਦੀਪ ਕੌਰ ਸਿੱਧੂ ਕਨੇਡਾ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਦੇ ਸੇਵਾਦਾਰ।**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਮਨੁੱਖਤਾ ਦੇ ਭਲੇ ਨੂੰ ਸਮਰਪਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਜਨਮਦਿਨ 45 ਲੋੜਵੰਦ ਲੋਕਾਂ ਦੀ ਮਦਦ ਕਰਕੇ ਮਨਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਮੁੱਖ ਸੇਵਾਦਾਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਦੀਆਂ ਹਦਾਇਤਾਂ ਅਨੁਸਾਰ 45 ਲੋੜਵੰਦ ਲੋਕਾਂ ਨੂੰ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਹਾਇਤਾ ਰਾਸ਼ੀ ਦਿੱਤੀ ਗਈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰਥ, ਅੰਗਹੀਣ, ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ, ਬੇਸਹਾਰਾ ਬਜ਼ੁਰਗ, ਵਿਧਵਾਵਾਂ, ਲਾਵਾਰਿਸ ਬੱਚਿਆਂ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ ਗਈ। ਇਸ ਮੌਕੇ ਨਵਦੀਪ ਕੌਰ ਸਿੱਧੂ ਕੈਨੇਡਾ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੁਨੀਆਂ ਭਰ ਵਿਚ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਗੁਰਚਰਨ ਸਿੰਘ ਮੈਨੇਜਰ ਸਾਹਿਬ ਆਸਟ੍ਰੇਲੀਆ ਵਾਲੇ, ਸੁਖਬੀਰ ਸਿੰਘ ਜੈਲਦਾਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।




# ਸੁਖਬੀਰ ਸਿੰਘ ਬਾਦਲ ਮੁੜ ਬਣੇ ਅਕਾਲੀ ਦਲ ਦੇ ਪ੍ਰਧਾਨ

**ਅੰਮ੍ਰਿਤਸਰ, (ਪੰਜਾਬ ਮੇਲ)-** ਸੁਖਬੀਰ ਸਿੰਘ ਬਾਦਲ ਮੁੜ ਅਕਾਲੀ ਦਲ ਦੇ ਪ੍ਰਧਾਨ ਬਣ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ ਇੱਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਨਰਲ ਇਜਲਾਸ ਸੱਦਿਆ ਗਿਆ ਸੀ, ਜਿਸ 117 ਹਲਕਿਆਂ ਵਿਚੋਂ ਆਏ 567 ਡੈਲੀਗੇਟਸ ਵੱਲੋਂ ਸਰਬ ਸੰਮਤੀ ਨਾਲ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਸੁਖਬੀਰ ਸਿੰਘ ਬਾਦਲ ਦੇ ਨਾਂ ਦਾ ਪ੍ਰਸਤਾਅ ਰੱਖਿਆ, ਜਿਸ ਮਗਰੋਂ ਪਰਮਜੀਤ ਸਰਨਾ ਨੇ ਪ੍ਰਸਤਾਅ ਦਾ ਸਮਰਥਨ ਕੀਤਾ ਅਤੇ ਸਾਰਿਆਂ ਨੇ ਹੱਥ ਖੜ੍ਹੇ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਮੁੜ



ਪ੍ਰਧਾਨ ਚੁਣ ਲਿਆ।

ਅਕਾਲੀ ਦਲ ਦੇ ਪ੍ਰਧਾਨ ਬਣਨ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਵੱਡਾ ਬਿਆਨ ਦਿੱਤਾ। ਸੁਖਬੀਰ ਸਿੰਘ ਬਾਦਲ ਨੇ ਡੈਲੀਗੇਟਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਕਾਲੀ ਦਲ ਕਿਸੇ ਪਰਿਵਾਰ ਦੀ ਪਾਰਟੀ ਨਹੀਂ ਹੈ, ਸਗੋਂ ਅਕਾਲੀ ਦਲ ਹੀ ਪੰਜਾਬ ਦਾ ਅਸਲੀ ਵਾਰਿਸ ਹੈ। ਕਾਂਗਰਸ ਤੋਂ ਬਾਅਦ ਅਕਾਲੀ ਦਲ ਹੀ ਸਭ ਤੋਂ ਪੁਰਾਣੀ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਕੋਈ ਮਾਮੂਲੀ ਪਾਰਟੀ ਨਹੀਂ, ਦੇਸ਼ ਲਈ ਸ਼ਹਾਦਤਾਂ ਦੇਣ ਵਾਲੀ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਕੌਮ ਪੰਜਾਬ ਦੀ ਆਪਣੀ ਹੀ ਜਥੇਬੰਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਕਾਰਨ ਹੀ ਦੇਸ਼ ਵਿਚ ਲੱਗੀ ਐਮਰਜੈਂਸੀ ਨੂੰ ਹਟਾਇਆ ਗਿਆ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਬਾਕੀ ਪਾਰਟੀਆਂ ਸਿਰਫ਼ ਰਾਜ ਕਰਨ ਲਈ ਹੀ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਬੱਤ ਦੇ ਭਲੇ ਵਿਚ ਵਿਸ਼ਵਾਸ ਰੱਖਦਾ ਹੈ। ਉਨ੍ਹਾਂ ਕਿਹਾ ਕਿ ਬਾਕੀ ਗੁਰਦੁਆਰਾ ਸਾਹਿਬ 'ਤੇ ਸਰਕਾਰ ਕਬਜ਼ਾ ਕਰਨਾ ਚਾਹੁੰਦੀ ਹੈ। ਇਸ ਦੌਰਾਨ ਉਨ੍ਹਾਂ ਵੱਲੋਂ ਡੈਲੀਗੇਟਸ ਦਾ ਦਿਲੋਂ ਧੰਨਵਾਦ ਕੀਤਾ ਗਿਆ।

## ਗ੍ਰਨੇਡ ਹਮਲਾ: ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਹਮਲੇ ਦਾ ਮੁੱਖ ਮੁਲਜ਼ਮ ਗ੍ਰਿਫ਼ਤਾਰ

**ਜਲੰਧਰ, (ਪੰਜਾਬ ਮੇਲ)-** ਜਲੰਧਰ ਵਿਖੇ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਗ੍ਰਨੇਡ ਹਮਲੇ ਦੇ ਮਾਮਲੇ ਵਿਚ ਹੁਣ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਸਾਈਦੁਲ ਅਮੀਨ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਮੁਤਾਬਕ ਉਕਤ ਮੁਲਜ਼ਮ ਦੀ ਗ੍ਰਿਫ਼ਤਾਰੀ ਕੇਂਦਰੀ ਏਜੰਸੀਆਂ ਅਤੇ ਜਲੰਧਰ ਪੁਲਿਸ ਨੇ ਮਿਲ ਕੇ ਕੀਤੀ ਹੈ। ਇਸ ਦੀ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਵੀ ਦਿੱਤੀ ਗਈ ਹੈ।

ਇਥੇ ਇਹ ਵੀ ਦੱਸ ਦੇਈਏ ਕਿ ਦੋ ਮੁਲਜ਼ਮ ਪੁਲਿਸ ਵੱਲੋਂ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਗ੍ਰਿਫ਼ਤਾਰ ਕੀਤੇ ਗਏ ਤੀਜੇ ਮੁਲਜ਼ਮ ਦੀਆਂ ਕੁਝ ਤਸਵੀਰਾਂ ਵੀ ਸਾਹਮਣੇ ਆਈਆਂ ਸਨ, ਜਿਨ੍ਹਾਂ ਵਿਚ ਉਸ ਨੂੰ ਜਲੰਧਰ ਰੇਲਵੇ ਸਟੇਸ਼ਨ 'ਤੇ ਘੁੰਮਦਾ ਵੇਖਿਆ ਗਿਆ ਸੀ।

# ਦਲਬੀਰ ਗੋਲਡੀ ਮੁੜ ਕਾਂਗਰਸ ਵਿਚ ਸ਼ਾਮਲ



**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਪੰਜਾਬ ਦੇ ਇੰਚਾਰਜ ਭੂਪੇਸ਼ ਬਘੇਲ, ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵੜਿੰਗ ਵੱਲੋਂ ਪਾਰਟੀ ਵਿਚ ਸ਼ਾਮਲ ਕਰਵਾਇਆ ਗਿਆ। ਗੋਲਡੀ ਕੁੱਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ ਪਰ ਉਹ ਮੁੜ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਕਾਂਗਰਸ 'ਚ ਸ਼ਾਮਲ ਹੋ ਗਏ ਹਨ। ਇਸ ਮੌਕੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਵੱਲੋਂ ਟਵੀਟ ਕਰਕੇ ਗੋਲਡੀ ਦਾ ਸਵਾਗਤ ਕੀਤਾ ਗਿਆ।

ਵੜਿੰਗ ਨੇ ਟਵੀਟ ਕਰਦਿਆਂ ਕਿਹਾ ਕਿ ਛੋਟੇ ਭਰਾ ਦਲਵੀਰ ਗੋਲਡੀ ਦਾ ਪਾਰਟੀ ਵਿਚ ਤਹਿ ਦਿਲੋਂ ਸਵਾਗਤ ਕਰਦਾ ਹਾਂ। ਉਹ ਰਾਸ਼ਟਰੀ ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਦੇ ਸੂਬਾ ਇੰਚਾਰਜ ਭੂਪੇਸ਼ ਬਘੇਲ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਮੌਜੂਦਗੀ ਵਿਚ ਰਸਮੀ ਤੌਰ 'ਤੇ ਪੰਜਾਬ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ।

# ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਜ਼ਮਾਨਤ 'ਤੇ ਰਿਹਾਅ



**ਪਟਿਆਲਾ, (ਪੰਜਾਬ ਮੇਲ)-** ਆਮਦਨ ਤੋਂ ਵੱਧ ਜਾਇਦਾਦ ਮਾਮਲੇ ਦੇ ਵਿਚ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਨਜ਼ਰਬੰਦ ਕਾਂਗਰਸ ਪਾਰਟੀ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਸੁਪਰੀਮ ਕੋਰਟ ਤੋਂ ਬੀਤੇ ਦਿਨੀਂ ਵੱਡੀ ਰਾਹਤ ਮਿਲੀ ਸੀ। ਪਰ ਨਾਭਾ ਜੇਲ੍ਹ ਵਿਚ ਜ਼ਮਾਨਤ ਦੇ ਕਾਗਜ਼ਾਤ ਨਾ ਪਹੁੰਚਣ ਕਾਰਨ ਸਾਧੂ ਸਿੰਘ ਧਰਮਸੋਤ ਜੇਲ੍ਹ ਤੋਂ ਰਿਹਾਅ ਨਹੀਂ ਹੋ ਸਕੇ ਸਨ। ਪਰ ਹੁਣ ਨਾਭਾ ਜੇਲ ਵਿਚ ਸਾਧੂ ਸਿੰਘ ਧਰਮਸੋਤ ਦੇ ਕਾਗਜ਼ਾਤ ਪਹੁੰਚਣ 'ਤੇ ਉਨ੍ਹਾਂ ਨੂੰ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

ਸਾਧੂ ਸਿੰਘ ਧਰਮਸੋਤ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ 14 ਮਹੀਨਿਆਂ ਤੋਂ ਵੱਧ ਸਮਾਂ ਨਜ਼ਰਬੰਦ ਰਹੇ। ਜਿਵੇਂ ਹੀ ਧਰਮਸੋਤ ਜੇਲ੍ਹ ਦੇ ਗੇਟ ਤੋਂ ਬਾਹਰ ਆਏ ਪਾਰਟੀ ਵਰਕਰਾਂ ਵੱਲੋਂ ਹਾਰ ਪਾ ਕੇ ਸਵਾਗਤ ਕੀਤਾ ਗਿਆ। ਧਰਮਸੋਤ ਨੇ ਕਿਹਾ ਕਿ ਜੋ ਮੈਨੂੰ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਮਿਲੀ ਹੈ, ਮੈਂ ਕੋਰਟ ਦਾ ਧੰਨਵਾਦ ਕਰਦਾ ਹਾਂ। ਮੈਨੂੰ ਨਿਆਪਾਲਿਕਾ 'ਤੇ ਵਿਸ਼ਵਾਸ ਹੈ। ਇਸ ਮੌਕੇ 'ਤੇ ਕਾਂਗਰਸੀ ਆਗੂ ਚਰਨਜੀਤ ਬਾਤਿਸ਼ ਅਤੇ ਬਲਵਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਸਾਧੂ ਸਿੰਘ ਧਰਮਸੋਤ ਦੀ ਬੇਲ ਹੋਈ ਹੈ। ਅਸੀਂ ਬਹੁਤ ਖੁਸ਼ ਹਾਂ। ਅਸੀਂ ਉਨ੍ਹਾਂ ਦਾ ਜੇਲ੍ਹ ਤੋਂ ਬਾਹਰ ਆਉਣ 'ਤੇ ਸਵਾਗਤ ਕਰਦੇ ਹਾਂ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਟਰੰਪ ਸਰਕਾਰ ਵੱਲੋਂ ਵਿਦੇਸ਼ੀ ਨਾਗਰਿਕਾਂ ਲਈ ਨਵਾਂ ਨਿਯਮ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਡੋਨਾਲਡ ਟਰੰਪ ਦੀ ਸਰਕਾਰ ਨੇ ਵਿਦੇਸ਼ੀ ਨਾਗਰਿਕਾਂ ਲਈ ਨਵਾਂ ਨਿਯਮ ਲਾਗੂ ਕਰ ਦਿੱਤਾ ਹੈ। ਇਸ ਨਿਯਮ ਦੇ ਤਹਿਤ ਅਮਰੀਕਾ ਵਿੱਚ 30 ਦਿਨਾਂ ਤੋਂ ਵੱਧ ਸਮੇਂ ਤੋਂ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਰਜਿਸਟ੍ਰੇਸ਼ਨ ਲਾਜ਼ਮੀ ਕਰ ਦਿੱਤੀ ਗਈ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਇਹ ਨਿਯਮ ਪੇਸ਼ ਕੀਤਾ ਹੈ। ਇਸ ਤਹਿਤ ਵਿਦੇਸ਼ੀਆਂ ਨੂੰ ਸੰਘੀ ਸਰਕਾਰ ਕੋਲ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਪਵੇਗਾ। ਜੇਕਰ ਉਹ ਅਜਿਹਾ ਨਹੀਂ ਕਰਦੇ ਹਨ, ਤਾਂ ਉਨ੍ਹਾਂ ਨੂੰ ਜੁਰਮਾਨਾ ਭਰਨਾ ਪਵੇਗਾ ਅਤੇ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਜਿਹੜੇ ਵਿਦੇਸ਼ੀ ਰਜਿਸਟ੍ਰੇਸ਼ਨ ਨਹੀਂ ਕਰਦੇ, ਉਨ੍ਹਾਂ ਨੂੰ ਅਮਰੀਕਾ ਤੋਂ ਵੀ ਕੱਢਿਆ ਜਾ ਸਕਦਾ ਹੈ।

ਇਹ ਫ਼ੈਸਲਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਨਾਲ ਸਬੰਧਤ ਮੁੱਦਿਆਂ 'ਤੇ ਸਖ਼ਤ ਨਿਯਮਾਂ ਦੇ ਵਿਚਕਾਰ ਲਿਆ ਗਿਆ ਹੈ। ਇਸ ਨਾਲ ਅਮਰੀਕਾ ਵਿਚ ਰਹਿਣ ਵਾਲੇ ਪ੍ਰਵਾਸੀ ਭਾਈਚਾਰੇ ਵਿਚ ਚਿੰਤਾ ਵਧ ਗਈ ਹੈ। ਅਮਰੀਕਾ ਵਿਚ ਭਾਰਤੀਆਂ ਦੀ ਵੱਡੀ ਗਿਣਤੀ ਹੈ। ਸੈਲਾਨੀਆਂ ਦੀ ਆਮਦ



ਦੇ ਮਾਮਲੇ ਵਿਚ ਭਾਰਤ ਅਮਰੀਕਾ ਲਈ ਦੂਜਾ ਸਭ ਤੋਂ ਵੱਡਾ ਵਿਦੇਸ਼ੀ ਬਾਜ਼ਾਰ ਹੈ। ਇਸਦਾ ਮਤਲਬ ਹੈ ਕਿ ਅਮਰੀਕਾ ਆਉਣ ਵਾਲੇ ਸੈਲਾਨੀਆਂ ਵਿਚ ਭਾਰਤੀ ਦੂਜੇ ਨੰਬਰ 'ਤੇ ਹਨ। ਅਜਿਹੀ ਸਥਿਤੀ ਵਿਚ ਇਹ ਨਿਯਮ ਖਾਸ ਤੌਰ 'ਤੇ ਭਾਰਤੀਆਂ ਲਈ ਮੁਸ਼ਕਲਾਂ ਵਧਾਏਗਾ।

ਇੱਕ ਅਮਰੀਕੀ ਸੰਘੀ ਜੱਜ ਨੇ ਵਿਦੇਸ਼ੀਆਂ ਦੀ ਰਜਿਸਟ੍ਰੇਸ਼ਨ ਨਾਲ ਸਬੰਧਤ ਇਸ ਨਿਯਮ ਨੂੰ ਹਰੀ ਝੰਡੀ ਦੇ ਦਿੱਤੀ ਹੈ। ਜੱਜ ਟ੍ਰੇਵਰ ਮੈਕਫੈਡਨ ਨੇ 10 ਅਪ੍ਰੈਲ ਨੂੰ ਨਿਯਮ 'ਤੇ ਰੋਕ ਲਗਾਉਣ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਉਸਨੇ ਕਿਹਾ ਹੈ ਕਿ ਇਸਨੂੰ ਰੋਕਣ ਲਈ ਲੋੜੀਂਦੇ ਕਾਨੂੰਨੀ ਆਧਾਰ ਨਹੀਂ ਹਨ। ਇਹ ਫ਼ੈਸਲਾ ਨਿਯਮ ਲਾਗੂ ਹੋਣ ਤੋਂ ਇੱਕ ਦਿਨ ਪਹਿਲਾਂ ਆਇਆ। ਇਸ ਨਾਲ ਨਵੇਂ ਨਿਯਮ ਦੇ

**■ ਅਮਰੀਕਾ 'ਚ 30 ਦਿਨਾਂ ਤੋਂ ਵੱਧ ਸਮੇਂ ਤੋਂ ਰਹਿਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਰਜਿਸਟ੍ਰੇਸ਼ਨ ਲਾਜ਼ਮੀ**

ਲਾਗੂ ਹੋਣ ਦਾ ਰਾਹ ਸਾਫ਼ ਹੋ ਗਿਆ। ਇਹ ਨਿਯਮ ਦੂਜੇ ਵਿਸ਼ਵ ਯੁੱਧ ਦੇ ਸਮੇਂ ਦੇ ਕਾਨੂੰਨ 'ਤੇ ਆਧਾਰਿਤ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ, '30 ਦਿਨਾਂ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਵਿਦੇਸ਼ੀ ਨਾਗਰਿਕਾਂ ਨੂੰ ਸੰਘੀ ਸਰਕਾਰ ਕੋਲ ਰਜਿਸਟਰ ਕਰਵਾਉਣਾ ਹੋਵੇਗਾ। ਅਜਿਹਾ ਨਾ ਕਰਨ 'ਤੇ ਜੁਰਮਾਨਾ, ਜੇਲ੍ਹ ਜਾਂ ਦੋਵੇਂ ਹੋ ਸਕਦੇ ਹਨ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ, ਜੁਰਮਾਨਾ ਲਗਾਇਆ ਜਾਵੇਗਾ ਅਤੇ ਦੇਸ਼ ਤੋਂ ਕੱਢ ਦਿੱਤਾ ਜਾਵੇਗਾ। ਇਸ ਤੋਂ ਬਾਅਦ ਤੁਸੀਂ ਕਦੇ ਵਾਪਸ ਨਹੀਂ ਆ ਸਕੋਗੇ।' ਉਸਨੇ ਇਹ ਵੀ ਦੱਸਿਆ ਕਿ ਏਲੀਅਨ ਰਜਿਸਟ੍ਰੇਸ਼ਨ ਐਕਟ ਤਹਿਤ ਰਜਿਸਟਰ ਕਰਨ ਦੀ ਆਖਰੀ ਮਿਤੀ 11 ਅਪ੍ਰੈਲ (ਸਥਾਨਕ ਸਮਾਂ) ਸੀ।

ਨਵੇਂ ਨਿਯਮ ਅਨੁਸਾਰ 11 ਅਪ੍ਰੈਲ ਤੋਂ ਬਾਅਦ ਅਮਰੀਕਾ ਆਉਣ ਵਾਲੇ ਲੋਕਾਂ ਨੂੰ 30 ਦਿਨਾਂ ਦੇ ਅੰਦਰ ਰਜਿਸਟਰ ਕਰਨਾ ਹੋਵੇਗਾ। 14 ਸਾਲ ਦੇ ਬੱਚਿਆਂ ਨੂੰ ਵੀ ਦੁਬਾਰਾ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ ਅਤੇ ਆਪਣੇ ਫਿੰਗਰਪ੍ਰਿੰਟ ਜਮ੍ਹਾ ਕਰਵਾਉਣੇ ਪੈਣਗੇ। ਕੋਲੀਸ਼ਨ ਫਾਰ ਹਿਊਮਨ ਇਮੀਗ੍ਰੈਂਟ ਰਾਈਟਸ ਅਤੇ ਅਮਰੀਕਨ ਇਮੀਗ੍ਰੇਸ਼ਨ ਕੌਂਸਲ ਵਰਗੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇਹ ਨਿਯਮ ਭੰਬਲਭੂਸਾ ਪੈਦਾ ਕਰਦਾ ਹੈ। ਇਹ ਨਿਯਮ ਪ੍ਰਬੰਧਕੀ ਪ੍ਰਕਿਰਿਆ ਐਕਟ ਦੀ ਵੀ ਉਲੰਘਣਾ ਕਰਦਾ ਹੈ। ਇਹ ਨਿਯਮ 30 ਦਿਨਾਂ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣ ਵਾਲੇ ਵਿਅਕਤੀਆਂ 'ਤੇ ਲਾਗੂ ਹੁੰਦਾ ਹੈ ਅਤੇ ਇਸ ਵਿਚ ਨਵੇਂ ਆਏ ਵਿਦੇਸ਼ੀ ਨਾਗਰਿਕਾਂ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਦਾਖਲੇ ਦੇ ਇੱਕ ਮਹੀਨੇ ਦੇ ਅੰਦਰ ਰਜਿਸਟਰ ਕਰਨਾ ਲਾਜ਼ਮੀ ਹੁੰਦਾ ਹੈ, ਜੇਕਰ ਉਨ੍ਹਾਂ ਕੋਲ ਵੈਧ ਦਸਤਾਵੇਜ਼ਾਂ ਦੀ ਘਾਟ ਹੈ। ਇਸ ਕਦਮ ਨੇ ਵਿਆਪਕ ਚਿੰਤਾ ਪੈਦਾ ਕਰ ਦਿੱਤੀ ਹੈ, ਖਾਸ ਕਰਕੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ, ਅਸਥਾਈ ਵੀਜ਼ਾ ਧਾਰਕਾਂ ਅਤੇ ਮਿਸ਼ਰਤ-ਸਥਿਤੀ ਵਾਲੇ ਪਰਿਵਾਰਾਂ ਵਿਚ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਡਰ ਹੈ ਕਿ ਨਵੀਂ ਨੀਤੀ ਵਿਆਪਕ ਲਾਗੂ ਕਰਨ ਦੀਆਂ ਕਾਰਵਾਈਆਂ ਅਤੇ ਵਧੀ ਹੋਈ ਜਾਂਚ ਦਾ ਕਾਰਨ ਬਣ ਸਕਦੀ ਹੈ।

# ਟਰੰਪ ਪ੍ਰਸ਼ਾਸਨ ਨੇ 6 ਹਜ਼ਾਰ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਚੁੱਕਿਆ ਸਖ਼ਤ ਕਦਮ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਪ੍ਰਵਾਸੀਆਂ ਪ੍ਰਤੀ ਸਖ਼ਤ ਨੀਤੀ ਅਪਣਾਈ ਹੋਈ ਹੈ। ਹੁਣ ਟਰੰਪ ਪ੍ਰਸ਼ਾਸਨ ਨੇ ਛੇ ਹਜ਼ਾਰ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਸਖ਼ਤ ਕਦਮ ਚੁੱਕਿਆ ਹੈ। ਦਰਅਸਲ ਅਮਰੀਕੀ ਸਰਕਾਰ ਨੇ ਇਨ੍ਹਾਂ 6000 ਜ਼ਿੰਦਾ ਪ੍ਰਵਾਸੀਆਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਸਮਾਜਿਕ ਸੁਰੱਖਿਆ ਨੰਬਰ ਰੱਦ ਕਰ ਦਿੱਤੇ ਹਨ। ਇਸਦਾ ਪ੍ਰਭਾਵ ਇਹ ਹੋਵੇਗਾ ਕਿ ਇਹ ਲੋਕ ਨਾ ਤਾਂ ਅਮਰੀਕਾ ਵਿਚ ਕੰਮ ਕਰ ਸਕਣਗੇ ਅਤੇ ਨਾ ਹੀ ਸਿਹਤ ਸੇਵਾਵਾਂ ਦਾ ਲਾਭ ਲੈ ਸਕਣਗੇ। ਬੈਂਕ ਖਾਤਾ ਖੋਲ੍ਹਣ ਵਿਚ ਵੀ ਸਮੱਸਿਆਵਾਂ ਆਉਣਗੀਆਂ। ਦਰਅਸਲ ਸਰਕਾਰ ਚਾਹੁੰਦੀ ਹੈ ਕਿ ਨਿਰਾਸ਼ ਪ੍ਰਵਾਸੀ ਆਪਣੇ ਆਪ ਅਮਰੀਕਾ ਛੱਡ ਕੇ ਆਪਣੇ-ਆਪਣੇ ਦੇਸ਼ਾਂ ਨੂੰ ਵਾਪਸ ਚਲੇ ਜਾਣ।

ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਸੀ.ਬੀ.ਪੀ. ਵਨ ਐਪ ਪ੍ਰੋਗਰਾਮ ਤਹਿਤ ਇਨ੍ਹਾਂ ਪ੍ਰਵਾਸੀਆਂ ਨੂੰ ਅਸਥਾਈ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਣ ਅਤੇ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦਿੱਤੀ। ਇਨ੍ਹਾਂ ਪ੍ਰਵਾਸੀਆਂ ਨੂੰ ਸਮਾਜਿਕ ਸੁਰੱਖਿਆ ਨੰਬਰ ਵੀ ਦਿੱਤੇ ਗਏ ਸਨ, ਤਾਂ ਜੋ ਉਹ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਲਾਭ ਉਠਾ ਸਕਣ। ਪਰ ਹੁਣ ਟਰੰਪ ਪ੍ਰਸ਼ਾਸਨ ਨੇ ਇਨ੍ਹਾਂ

**■ ਹਜ਼ਾਰਾਂ ਜ਼ਿੰਦਾ ਪ੍ਰਵਾਸੀਆਂ ਨੂੰ ਐਲਾਨਿਆ ਮ੍ਰਿਤਕ!**

ਸਮਾਜਿਕ ਸੁਰੱਖਿਆ ਨੰਬਰਾਂ ਨੂੰ ਰੱਦ ਕਰ ਦਿੱਤਾ ਹੈ, ਜਿਸ ਨਾਲ ਪ੍ਰਵਾਸੀਆਂ ਲਈ ਬੈਂਕਾਂ ਅਤੇ ਹੋਰ ਬੁਨਿਆਦੀ ਸੇਵਾਵਾਂ ਦੀ ਵਰਤੋਂ ਕਰਨਾ ਮੁਸ਼ਕਲ ਹੋ ਗਿਆ ਹੈ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨੂੰ ਅਮਰੀਕਾ ਵਿਚ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣ ਦੀ ਯੋਜਨਾ ਦਾ ਹਿੱਸਾ ਵੀ ਮੰਨਿਆ ਜਾ ਰਿਹਾ ਹੈ।

ਬਾਇਡਨ ਪ੍ਰਸ਼ਾਸਨ ਨੇ ਪ੍ਰਵਾਸੀਆਂ ਨੂੰ ਸਰਹੱਦ ਪਾਰ ਕਰਨ ਅਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਸੀ.ਬੀ.ਪੀ. ਵਨ ਐਪ ਲਾਂਚ ਕੀਤੀ। ਇਸ ਰਾਹੀਂ ਬਾਇਡਨ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਕਾਨੂੰਨੀ ਮਾਨਤਾ ਦੇਣ ਦੀ ਕੋਸ਼ਿਸ਼ ਕੀਤੀ। ਮੀਡੀਆ ਰਿਪੋਰਟਾਂ ਅਨੁਸਾਰ ਦਸੰਬਰ ਦੇ ਅੰਤ ਤੱਕ ਮੈਕਸੀਕੋ ਨਾਲ ਲੱਗਦੇ ਸਰਹੱਦੀ ਕ੍ਰਾਸਿੰਗਾਂ 'ਤੇ ਸੀ.ਬੀ.ਪੀ. ਵਨ ਅਪੁਆਇੰਟਮੈਂਟ ਨਾਲ 936,500 ਲੋਕਾਂ ਨੂੰ ਦਾਖਲੇ ਦੀ ਆਗਿਆ ਦਿੱਤੀ ਗਈ ਸੀ। ਇਸ ਵਿਚ ਪ੍ਰਵਾਸੀਆਂ ਨੂੰ ਬਾਇਓਮੈਟ੍ਰਿਕ ਪਛਾਣ ਰਾਹੀਂ ਦੋ ਸਾਲਾਂ ਲਈ ਅਮਰੀਕਾ ਵਿਚ ਰਹਿਣ ਅਤੇ ਕੰਮ ਕਰਨ ਦੀ ਸਹੂਲਤ ਦਿੱਤੀ ਗਈ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਸੀ.ਬੀ.ਪੀ. ਵਨ ਐਪ ਰਾਹੀਂ ਐਂਟਰੀ ਬੰਦ ਕਰ ਦਿੱਤੀ।

# ਗੁਰਦੁਆਰਾ ਸਿੰਘ ਸਭਾ ਵਿਖੇ ਵਿਸਾਖੀ ਮੌਕੇ ਕਰਵਾਈਆਂ ਗਈਆਂ ਵਿਰਾਸਤੀ ਖੇਡਾਂ

**ਨਵੀਂ ਦਿੱਲੀ, (ਪੰਜਾਬ ਮੇਲ)-** ਡੋਨਾਲਡ ਟਰੰਪ ਦੀ ਨਵੀਂ ਟੈਰਿਫ ਨੀਤੀ ਨੇ ਤੇਜ਼ੀ ਨਾਲ ਫੈਸ਼ਨ ਇੰਡਸਟਰੀ ਵਿਚ ਹਫੜਾ-ਦਫੜੀ ਮਚਾ ਦਿੱਤੀ ਹੈ। ਅਮਰੀਕਾ ਹੁਣ ਚੀਨ ਤੋਂ ਆਉਣ ਵਾਲੇ 800 ਡਾਲਰ ਤੋਂ ਘੱਟ ਮੁੱਲ ਦੇ ਪਾਰਸਲਾਂ 'ਤੇ ਟੈਕਸ-ਮੁਕਤ ਛੋਟ ਨੂੰ ਖਤਮ ਕਰ ਰਿਹਾ ਹੈ, ਜਿਸ ਨਾਲ ਚੀਨੀ ਈ-ਕਾਮਰਸ ਪਲੇਟਫਾਰਮਾਂ ਜਿਵੇਂ ਕਿ ਸ਼ੀਨ, ਟੈਮੂ ਅਤੇ ਅਲੀਐਕਸਪ੍ਰੈੱਸ ਨੂੰ ਭਾਰੀ ਨੁਕਸਾਨ ਹੋਵੇਗਾ। 2 ਮਈ ਤੋਂ ਇਨ੍ਹਾਂ ਪਾਰਸਲਾਂ 'ਤੇ 120 ਫੀਸਦੀ ਟੈਰਿਫ ਲਗਾਇਆ ਜਾਵੇਗਾ, ਜਿਸ ਕਾਰਨ ਸਸਤੇ ਕੱਪੜਿਆਂ ਅਤੇ ਘਰੇਲੂ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ 'ਚ ਵਾਧਾ ਹੋਣ ਜਾ

**■ ਟਰੰਪ ਦੀ ਟੈਰਿਫ ਨੀਤੀ ਨੇ ਫੈਸ਼ਨ ਬਾਜ਼ਾਰ 'ਚ ਮਚਾਈ ਹਫੜਾ-ਦਫੜੀ**

ਰਿਹਾ ਹੈ।

ਇੱਕ ਰਿਪੋਰਟ ਮੁਤਾਬਕ, ਹੁਣ ਤੱਕ ਅਮਰੀਕਾ ਵਿਚ 800 ਡਾਲਰ ਜਾਂ ਇਸ ਤੋਂ ਘੱਟ ਮੁੱਲ ਦੇ ਪਾਰਸਲਾਂ 'ਤੇ ਕੋਈ ਦਰਾਮਦ ਟੈਕਸ (ਟੈਰਿਫ) ਨਹੀਂ ਸੀ। ਇਸ ਨੂੰ 'ਟੈਕਸ-ਮੁਕਤ ਛੋਟ' ਕਿਹਾ ਜਾਂਦਾ ਹੈ। ਇਸ ਕਾਰਨ ਸ਼ੀਨ, ਟੀਮੂ ਅਤੇ ਅਲੀਐਕਸਪ੍ਰੈੱਸ ਵਰਗੇ ਬ੍ਰਾਂਡ ਅਮਰੀਕਾ 'ਚ ਕੱਪੜੇ ਅਤੇ ਹੋਰ ਉਤਪਾਦ ਬਹੁਤ ਸਸਤੇ ਭਾਅ 'ਤੇ ਵੇਚਦੇ ਰਹੇ, ਪਰ ਹੁਣ ਇਹ ਛੋਟ 2 ਮਈ ਤੋਂ ਖਤਮ ਕਰ ਦਿੱਤੀ ਗਈ ਹੈ।

ਟਰੰਪ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਚੀਨ ਤੋਂ ਆਉਣ ਵਾਲੇ ਪਾਰਸਲਾਂ 'ਤੇ 120 ਫੀਸਦੀ ਇੰਪੋਰਟ ਡਿਊਟੀ ਲਗਾਈ ਜਾਵੇਗੀ। 1 ਜੂਨ ਤੋਂ, ਇਹ ਫੀਸ ਹੋਰ ਵਧ ਕੇ 200 ਡਾਲਰ ਪ੍ਰਤੀ ਪਾਰਸਲ ਹੋ ਸਕਦੀ ਹੈ। ਨਾਲ ਹੀ ਚੀਨ ਤੋਂ ਆਉਣ ਵਾਲੇ ਸਾਰੇ ਉਤਪਾਦਾਂ 'ਤੇ ਕੁੱਲ 145 ਫੀਸਦੀ ਟੈਰਿਫ ਲਗਾਇਆ ਜਾਵੇਗਾ।

ਆਨਲਾਈਨ ਸੈਕਿੰਡ ਹੈਂਡ ਸਟੋਰ ਥ੍ਰੈਡਅੱਪ ਨੂੰ ਉਮੀਦ ਹੈ ਕਿ ਤੇਜ਼ੀ ਨਾਲ ਫੈਸ਼ਨ ਮਹਿੰਗਾ ਹੋਣ ਕਾਰਨ ਲੋਕ ਪੁਰਾਣੇ ਕੱਪੜਿਆਂ ਵੱਲ ਮੁੜਨਗੇ। ਕੰਪਨੀ ਦਾ ਕਹਿਣਾ ਹੈ ਕਿ ਉਸਨੇ ਡੀ ਮਿਨੀਮਿਸ ਡਿਸਕਾਊਂਟ ਨੂੰ ਖਤਮ ਕਰਨ ਲਈ ਕਈ ਸਾਲਾਂ ਤੋਂ ਮੰਗ ਕੀਤੀ ਹੈ ਕਿਉਂਕਿ ਇਹ ਤੇਜ਼ ਫੈਸ਼ਨ ਨੂੰ ਇੱਕ ਅਨੁਚਿਤ ਫਾਇਦਾ ਦਿੰਦਾ ਹੈ। ਥ੍ਰੈੱਡਅਪ ਦੇ ਇਕ ਸਰਵੇਖਣ ਮੁਤਾਬਕ 60 ਫੀਸਦੀ ਅਮਰੀਕੀਆਂ ਦਾ ਕਹਿਣਾ ਹੈ ਕਿ ਜੇਕਰ ਕੱਪੜੇ ਮਹਿੰਗੇ ਹੋ ਗਏ ਤਾਂ ਉਹ ਸੈਕਿੰਡ ਹੈਂਡ ਬਾਜ਼ਾਰ ਵੱਲ ਮੁੜਨਗੇ।

ਅਗਲੇ ਕੁਝ ਮਹੀਨਿਆਂ ਵਿਚ ਇਹ ਪਤਾ ਲੱਗੇਗਾ ਕਿ ਕੀ ਟੈਰਿਫ ਅਸਲ ਵਿਚ ਅਮਰੀਕੀ ਖਪਤਕਾਰਾਂ ਦੀਆਂ ਖਰੀਦਦਾਰੀ ਆਦਤਾਂ ਨੂੰ ਬਦਲ ਸਕੇਗਾ। ਇਸ ਵੇਲੇ, ਤੇਜ਼ ਫੈਸ਼ਨ ਦਾ ਜਾਦੂ ਅਜੇ ਵੀ ਬਰਕਰਾਰ ਹੈ, ਪਰ ਸੈਕਿੰਡ ਹੈਂਡ ਮਾਰਕੀਟ ਨੂੰ ਇਸ ਤੋਂ ਵੱਡਾ ਫਾਇਦਾ ਮਿਲ ਸਕਦਾ ਹੈ।

# ਟਰੰਪ ਦਾ ਯੂ-ਟਰਨ; ਸਮਾਰਟਫੋਨ ਅਤੇ ਲੈਪਟਾਪ 'ਤੇ ਅਲੱਗ ਤੋਂ ਟੈਰਿਫ ਲਾਉਣ ਦੀ ਤਿਆਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਐਤਵਾਰ ਨੂੰ ਕਿਹਾ ਕਿ ਸਮਾਰਟਫੋਨ ਅਤੇ ਲੈਪਟਾਪ ਵਰਗੀਆਂ ਇਲੈਕਟ੍ਰਾਨਿਕ ਵਸਤੂਆਂ 'ਤੇ ਡਿਊਟੀ 'ਤੇ ਸ਼ੁੱਕਰਵਾਰ ਨੂੰ ਐਲਾਨੀ ਗਈ ਛੋਟ ਸਿਰਫ਼ ਇੱਕ ਅਸਥਾਈ ਰਾਹਤ ਹੈ।

ਲੂਟਨਿਕ ਨੇ ਕਿਹਾ ਕਿ ਇਹ ਰਾਹਤ ਉਦੋਂ ਤੱਕ ਹੈ, ਜਦੋਂ ਤੱਕ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲਾ ਪ੍ਰਸ਼ਾਸਨ ਸੈਮੀਕੰਡਕਟਰ ਉਦਯੋਗ ਲਈ ਟੈਰਿਫਾਂ ਲਈ ਇੱਕ ਨਵਾਂ ਤਰੀਕਾ ਵਿਕਸਤ ਨਹੀਂ ਕਰਦਾ। ਉਨ੍ਹਾਂ ਕਿਹਾ, "ਉਨ੍ਹਾਂ ਨੂੰ ਜਵਾਬੀ ਟੈਰਿਫਾਂ ਤੋਂ ਛੋਟ ਦਿੱਤੀ ਗਈ ਹੈ ਪਰ ਉਹ ਸੈਮੀਕੰਡਕਟਰ ਟੈਰਿਫਾਂ ਵਿਚ ਸ਼ਾਮਲ ਹਨ, ਜੋ ਸ਼ਾਇਦ ਇੱਕ ਜਾਂ ਦੋ ਮਹੀਨਿਆਂ ਵਿਚ ਲਾਗੂ ਹੋ ਜਾਣਗੇ।"

ਟਰੰਪ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਸਮਾਰਟਫੋਨ ਅਤੇ ਲੈਪਟਾਪ ਵਰਗੇ ਇਲੈਕਟ੍ਰਾਨਿਕ ਸਾਮਾਨ ਨੂੰ ਜਵਾਬੀ ਟੈਰਿਫ ਤੋਂ ਛੋਟ ਦਿੱਤੀ ਜਾਵੇਗੀ। ਇਸ ਕਦਮ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਇਹ ਉਨ੍ਹਾਂ ਪ੍ਰਸਿੱਧ ਖਪਤਕਾਰ ਇਲੈਕਟ੍ਰਾਨਿਕਸ ਦੀਆਂ ਕੀਮਤਾਂ ਨੂੰ ਘੱਟ ਰੱਖਣ ਵਿਚ ਮਦਦ ਕਰੇਗਾ, ਜੋ ਆਮ ਤੌਰ 'ਤੇ ਅਮਰੀਕਾ ਵਿਚ ਨਹੀਂ ਬਣਦੇ। ਸ਼ੁੱਕਰਵਾਰ ਦੇ ਐਲਾਨ ਤੋਂ ਐਪਲ ਅਤੇ ਸੈਮਸੰਗ ਵਰਗੀਆਂ ਵੱਡੀਆਂ ਤਕਨਾਲੋਜੀ ਕੰਪਨੀਆਂ ਨੂੰ ਵੀ ਫਾਇਦਾ ਹੋਣ ਦੀ ਉਮੀਦ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਪੰਜਾਬ ਪੁਲਿਸ ਵੱਲੋਂ ਡੇਢ ਮਹੀਨੇ 'ਚ 6 ਹਜ਼ਾਰ ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, (ਪੰਜਾਬ ਮੇਲ)-** 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਪੁਲਿਸ ਵੱਲੋਂ ਪਿਛਲੇ 45 ਦਿਨਾਂ ਤੋਂ ਨਸ਼ਾਂ ਤਸਕਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਪੰਜਾਬ ਪੁਲਿਸ ਨੇ ਪਹਿਲੀ ਮਾਰਚ ਤੋਂ ਹੁਣ ਤੱਕ 5,974 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 3,610 ਕੇਸ ਦਰਜ ਕੀਤੇ ਹਨ। ਇਸ ਤਰ੍ਹਾਂ ਪੁਲਿਸ ਵੱਲੋਂ ਰੋਜ਼ਾਨਾ 133 ਅਤੇ ਹਰ ਘੰਟੇ 5 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਪੁਲਿਸ ਨੇ ਨਸ਼ਾ ਤਸਕਰਾਂ ਤੋਂ ਹੁਣ ਤੱਕ 243 ਕਿਲੋ ਹੈਰੋਇਨ, 109 ਕਿਲੋ ਅਫੀਮ, 75.5 ਕੁਇੰਟਲ ਭੁੱਕੀ, 6 ਕਿਲੋ ਚਰਸ, 63 ਕਿਲੋ ਗਾਂਜਾ, 1.2 ਕਿਲੋ ਕੋਕੀਨ, 9.50 ਲੱਖ ਨਸ਼ੇ ਦੀਆਂ ਗੋਲੀਆਂ ਅਤੇ 6.1 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਪੰਜਾਬ ਪੁਲਿਸ ਦੇ ਵਿਸ਼ੇਸ਼ ਡੀ.ਜੀ.ਪੀ. ਕਾਨੂੰਨ ਤੇ

**■ 243 ਕਿਲੋ ਹੈਰੋਇਨ, 109 ਕਿਲੋ ਅਫ਼ੀਮ ਅਤੇ 6 ਕਰੋੜ ਰੁਪਏ ਦੀ ਡਰੱਗ ਮਨੀ ਕੀਤੀ ਬਰਾਮਦ**

ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਪੁਲਿਸ ਦੀ ਕਾਰਵਾਈ ਜਾਰੀ ਹੈ। ਪੁਲਿਸ ਨੇ 48 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 3.7 ਕਿਲੋ ਹੈਰੋਇਨ ਅਤੇ 6,04,200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ 1100 ਤੋਂ ਵੱਧ ਪੁਲਿਸ ਕਰਮਚਾਰੀਆਂ ਦੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿਚ 382 ਥਾਵਾਂ 'ਤੇ ਛਾਪੇ ਮਾਰੇ, ਜਿਸ ਦੌਰਾਨ 420 ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲੈ ਕੇ 48 ਨੂੰ ਗ੍ਰਿਫ਼ਤਾਰ ਕੀਤਾ ਗਿਆ।

# ਹੁਣ ਪਾਸਪੋਰਟ ਪ੍ਰਾਪਤ ਕਰਨ ਲਈ ਨਹੀਂ ਕਰਨਾ ਪਵੇਗਾ ਇੰਤਜ਼ਾਰ!

**ਜਲੰਧਰ, (ਪੰਜਾਬ ਮੇਲ)-** ਹੁਣ ਲੋਕਾਂ ਨੂੰ ਖੇਤਰੀ ਪਾਸਪੋਰਟ ਦਫ਼ਤਰ ਵਿਚ ਪਾਸਪੋਰਟ ਪ੍ਰਾਪਤ ਕਰਨ ਲਈ ਇੰਤਜ਼ਾਰ ਨਹੀਂ ਕਰਨਾ ਪਵੇਗਾ। ਪਾਸਪੋਰਟ ਨੂੰ ਲੈ ਕੇ ਉਡੀਕ ਹੁਣ ਖ਼ਤਮ ਹੋ ਗਈ ਹੈ। ਕੁਝ ਮਹੀਨੇ ਪਹਿਲਾਂ ਸਥਿਤੀ ਅਜਿਹੀ ਸੀ ਕਿ ਪਾਸਪੋਰਟ ਲਈ ਅਰਜ਼ੀ ਦੇਣ ਵਾਸਤੇ ਅਪੁਆਇੰਟਮੈਂਟ ਲੈਣ ਲਈ 2 ਤੋਂ 3 ਮਹੀਨਿਆਂ ਦਾ ਇੰਤਜ਼ਾਰ ਕਰਨਾ ਪੈਂਦਾ ਸੀ।



ਖੇਤਰੀ ਪਾਸਪੋਰਟ ਅਧਿਕਾਰੀ ਯਸ਼ਪਾਲ ਨੇ ਕਿਹਾ ਕਿ ਹੁਣ ਜੇਕਰ ਕੋਈ ਬਿਨੈਕਾਰ ਅੱਜ ਪਾਸਪੋਰਟ ਲਈ ਆਨਲਾਈਨ ਅਪਲਾਈ ਕਰਦਾ ਹੈ, ਤਾਂ ਉਸ ਨੂੰ ਅਗਲੇ ਦਿਨ ਲਈ ਅਪੁਆਇੰਟਮੈਂਟ ਮਿਲਦੀ ਹੈ। ਇਸ ਵੇਲੇ ਹਰ ਰੋਜ਼ ਲਗਭਗ 1800 ਨਵੇਂ ਪਾਸਪੋਰਟ ਜਾਰੀ ਕੀਤੇ ਜਾ ਰਹੇ ਹਨ। ਸਾਰੇ ਪਾਸਪੋਰਟ ਸੇਵਾ ਕੇਂਦਰਾਂ ਵਿਚ ਰੋਜ਼ਾਨਾ 2000 ਤੋਂ 2500 ਨਵੀਆਂ ਅਰਜ਼ੀਆਂ ਜਮ੍ਹਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਵਧੀਆ ਗੱਲ ਇਹ ਹੈ ਕਿ ਹੁਣ ਜੇਕਰ ਕਿਸੇ ਸਰਟੀਫਿਕੇਟ ਕਾਰਨ ਕਿਸੇ ਅਰਜ਼ੀ ਵਿਚ ਕੋਈ ਇਤਰਾਜ਼ ਲੱਗਦਾ ਹੈ, ਤਾਂ ਬਿਨੈਕਾਰ ਦੀ ਫਾਈਲ ਬੰਦ ਨਹੀਂ ਹੁੰਦੀ। ਲੋਕ ਵਾਕ-ਇਨ ਸਿਸਟਮ ਰਾਹੀਂ ਆਪਣੇ ਸਰਟੀਫਿਕੇਟ ਲੈ ਕੇ ਦਫ਼ਤਰ ਆ ਸਕਦੇ ਹਨ ਅਤੇ ਉਹ ਸਰਟੀਫਿਕੇਟ ਬਿਨਾਂ ਕਿਸੇ ਅਪੁਆਇੰਟਮੈਂਟ ਦੇ ਜਮ੍ਹਾਂ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਪਾਸਪੋਰਟ ਸੇਵਾ ਕੇਂਦਰ ਨਕੋਦਰ ਨੂੰ ਸੈਫਰਨ ਮਾਲ ਵਿਚ ਤਬਦੀਲ ਕਰਨ ਨਾਲ ਹੁਣ ਉਥੇ ਲੋਡ ਘੱਟ ਕਰਨ ਵਿਚ ਮਦਦ ਮਿਲੇਗੀ। ਜੇਕਰ ਜਲੰਧਰ ਦੇ ਗੁਰੂ ਨਾਨਕ ਮਿਸ਼ਨ ਪਾਸਪੋਰਟ ਸੇਵਾ ਕੇਂਦਰ ਵਿਚ ਪ੍ਰਤੀ ਦਿਨ 400 ਅਪੁਆਇੰਟਮੈਂਟਸ ਦੀ ਸਮਰੱਥਾ ਹੈ, ਤਾਂ ਨਵੇਂ ਬਣੇ ਸੈਫਰਨ ਮਾਲ ਪਾਸਪੋਰਟ ਸੇਵਾ ਕੇਂਦਰ ਵਿਚ 2000 ਅਪੁਆਇੰਟਮੈਂਟਸ ਦੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਦੇਸ਼ ਵਿਚ ਲੋਕਾਂ ਅੰਦਰ ਵਿਦੇਸ਼ ਜਾਣ ਦਾ ਝੁਕਾਅ ਘੱਟ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਖੇਤਰੀ ਪਾਸਪੋਰਟ ਦਫ਼ਤਰ ਵਲੋਂ 4 ਲੱਖ ਤੋਂ ਵੱਧ ਨਵੇਂ ਪਾਸਪੋਰਟ ਜਾਰੀ ਕੀਤੇ ਗਏ ਸਨ। ਨਵੇਂ ਪਾਸਪੋਰਟ ਜਾਰੀ ਕਰਨ ਨਾਲ ਪਾਸਪੋਰਟ ਦਫ਼ਤਰ ਦੇ ਮਾਲੀਏ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ। ਮੌਜੂਦਾ ਸਾਲ ਦੌਰਾਨ ਵੀ ਪਾਸਪੋਰਟ ਦਫ਼ਤਰ ਵਲੋਂ ਵੱਧ ਤੋਂ ਵੱਧ ਨਵੇਂ ਪਾਸਪੋਰਟ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਸਪੋਰਟ ਦਫ਼ਤਰ ਵਿਚ ਏਜੰਟਾਂ 'ਤੇ ਰੋਕ ਲਗਾ ਦਿੱਤੀ ਗਈ ਹੈ। ਪਾਸਪੋਰਟ ਦਫ਼ਤਰ ਬਿਨੈਕਾਰਾਂ ਦੇ ਜ਼ਿਆਦਾਤਰ ਕੰਮ ਆਪਣੇ-ਆਪ ਸੰਭਾਲ ਰਿਹਾ ਹੈ, ਤਾਂ ਜੋ ਲੋਕਾਂ ਨੂੰ ਏਜੰਟਾਂ ਪਿੱਛੇ ਭੱਜਣਾ ਨਾ ਪਵੇ।

# ਕੈਨੇਡਾ ਚੋਣਾਂ ’ਚ ਟੈਰਿਫ ਅਤੇ ਅਪਰਾਧ ਬਣੇ ਚੋਣ ਮੁੱਦੇ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਇਸ ਮਹੀਨੇ ਚੋਣਾਂ ਹੋਣ ਜਾ ਰਹੀਆਂ ਹਨ। ਇਸ ਵਾਰ ਦਹਾਕਿਆਂ ਵਿਚ ਇਹ ਪਹਿਲੀ ਵਾਰ ਹੋਵੇਗਾ, ਜਦੋਂ ਕੈਨੇਡੀਅਨ ਚੋਣਾਂ ਘਰੇਲੂ ਮੁੱਦਿਆਂ ’ਤੇ ਕੇਂਦਰਿਤ ਨਹੀਂ ਹਨ। ਹਾਲਾਂਕਿ ਕੁਝ ਦਿਨ ਪਹਿਲਾਂ ਕੈਨੇਡਾ ਵਿਚ ਇਮੀਗ੍ਰੇਸ਼ਨ ਦਾ ਮੁੱਦਾ ਲਿਬਰਲ ਪਾਰਟੀ ਲਈ ਕਾਫੀ ਮੁਸੀਬਤ ਪੈਦਾ ਕਰ ਰਿਹਾ ਸੀ ਅਤੇ ਵੀਜ਼ਿਆਂ ਦੀ ਮਿਆਦ ਪੁੱਗਣ ਅਤੇ ਪੰਜਾਬੀ ਨੌਜਵਾਨਾਂ ਨੂੰ ਡਿਪੋਰਟ ਕਰਨ ਦਾ ਰੌਲਾ ਪਿਆ ਸੀ। ਹੁਣ ਇਸ ਦੀ ਬਜਾਏ ਇਹ ਚੋਣ ਦੇਸ਼ ਲਈ ਵੱਡੇ ਸਵਾਲਾਂ ’ਤੇ ਟਿਕੀ ਹੋਈ ਹੈ, ਜਿਸ ਵਿਚ ਕੈਨੇਡਾ ਦੀ ਪ੍ਰਭੂਸੱਤਾ ਅਤੇ ਅਨਿਸ਼ਚਿਤ ਸਹਿਯੋਗੀਆਂ ਨਾਲ ਇੱਕ ਅਨਿਸ਼ਚਿਤ ਭਵਿੱਖ ਦਾ ਸਾਹਮਣਾ ਕਰਨ ਲਈ ਦੇਸ਼ ਨੂੰ ਕੀ ਕਰਨਾ ਚਾਹੀਦਾ ਹੈ।

ਕੈਨੇਡਾ ’ਚ ਪੰਜਾਬੀ ਮੂਲ ਦੇ ਸਿਆਸੀ ਵਿਸ਼ਲੇਸ਼ਕ ਖੁਦ ਹੈਰਾਨ ਹਨ ਕਿ ਜਿਨ੍ਹਾਂ ਮੁੱਦਿਆਂ ’ਤੇ ਜਸਟਿਨ ਟਰੂਡੋ ਨੂੰ ਅਸਤੀਫਾ ਦੇਣਾ ਪਿਆ ਸੀ। ਚੋਣਾਂ ਵਿਚ ਅਚਾਨਕ ਉਹ ਮੁੱਦੇ ਗਾਇਬ ਹੋ ਗਏ ਹਨ ਅਤੇ ਟਰੰਪ ਦੇ ਟੈਰਿਫ ਅਤੇ ਕੈਨੇਡਾ ਦੇ ਅਪਰਾਧ ਚੋਣ ਮੁੱਦੇ ਬਣ ਗਏ। ਕੈਨੇਡਾ ਦੇ ਇਕ ਸਿਆਸੀ ਵਿਸ਼ਲੇਸ਼ਕ ਦਾ ਕਹਿਣਾ ਹੈ ਕਿ ਇਸ ਸਮੇਂ ਪੰਜਾਬੀ ਭਾਈਚਾਰੇ ਦੀ ਵੱਡੀ ਭੂਮਿਕਾ ਹੈ। ਟੈਰਿਫ ਇੱਕ ਗੰਭੀਰ ਮਾਮਲਾ ਹੈ, ਜਿਸ ਨਾਲ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ ਤਬਾਹ ਹੋ ਜਾਵੇਗਾ। ਕੰਜ਼ਰਵੇਟਿਵ ਦੇ ਪਿਏਰੇ

**■ ਉਮੀਦਵਾਰਾਂ ਵੱਲੋਂ ਟੈਰਿਫ ਵਿਵਾਦ ’ਤੇ ਵੋਟਾਂ ਦੀ ਮੰਗ**

ਪੋਲੀਵਰੇ ਨੇ ਇਨ੍ਹਾਂ ਦਿਨਾਂ ਦੀ ਸਥਿਤੀ ਦੀ ਤੁਲਨਾ 1988 ਦੀਆਂ ਚੋਣਾਂ ਨਾਲ ਕੀਤੀ ਹੈ, ਜਦੋਂ ਕੈਨੇਡਾ ਦੇ ਸੰਯੁਕਤ ਰਾਜ ਅਮਰੀਕਾ ਨਾਲ ਸਬੰਧ ਕੇਂਦਰ ਵਿਚ ਸਨ ਕਿਉਂਕਿ ਦੇਸ਼ ਨੇ ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤੇ ਵਿਚ ਸ਼ਾਮਲ ਹੋਣ ਬਾਰੇ ਵਿਚਾਰ ਕੀਤਾ ਸੀ। ਮੌਜੂਦਾ ਹਾਲਾਤ ਵਿਚ ਇਮੀਗ੍ਰੇਸ਼ਨ ਛੋਟਾ ਮੁੱਦਾ ਹੈ ਅਤੇ ਉਹ ਕੈਨੇਡਾ ਦੀ ਅੰਦਰੂਨੀ ਸਮੱਸਿਆ ਹੈ।

ਵਿਸ਼ਲੇਸ਼ਕ ਅਨੁਸਾਰ ਇਸ ਵਾਰ ਦੋਵੇਂ ਪ੍ਰਮੁੱਖ ਪਾਰਟੀਆਂ ਦੇਸ਼ ਦੇ ਵਿਕਾਸ ਅਤੇ ਆਜ਼ਾਦੀ ਦੇ ਸੁਪਨੇ ’ਤੇ ਕੇਂਦਰਿਤ ਹਨ। ਇਸ ਵਿਚ ਲੋੜੀਂਦੇ ਘਰ ਬਣਾਉਣਾ, ਵੱਡੇ ਊਰਜਾ ਅਤੇ ਸਰੋਤ ਪ੍ਰੋਜੈਕਟਾਂ ’ਤੇ ਅੱਗੇ ਵਧਣਾ, ਅਮਰੀਕੀ ਟੈਰਿਫਾਂ ਦਾ ਜਵਾਬ ਦੇਣਾ ਅਤੇ ਕੈਨੇਡਾ ਦੇ ਰੱਖਿਆ ਬਲਾਂ ਨੂੰ ਮਜ਼ਬੂਤ ਕਰਨਾ ਵੀ ਸ਼ਾਮਲ ਹੈ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪਿਅਰੇ ਪੋਲੀਵਰੇ ਨੇ ਓਨਟਾਰੀਓ ਦੇ ਦੌਰੇ ਦੌਰਾਨ ਬਰੈਂਪਟਨ ਸਮੇਤ ਸੂਬੇ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕੀਤਾ ਅਤੇ




ਲਿਬਰਲ ਪਾਰਟੀ ਵਿਰੁੱਧ ਸਖ਼ਤ ਰੁਖ਼ ਅਪਣਾਇਆ। ਬੌਬ ਦੁਸਾਂਝ, ਅਮਰਜੀਤ ਗਿੱਲ, ਤਰਨ ਚਾਹਲ, ਟਿਮ ਇਕਬਾਲ, ਸੁਖਦੀਪ ਕੰਗ ਅਤੇ ਅਮਨਦੀਪ ਜੱਜ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਨੂੰ ਇੱਕ ਵਾਰ ਫਿਰ ਅਪਮਾਨਿਤ ਕੀਤਾ ਗਿਆ ਹੈ। ਉਨ੍ਹਾਂ ਪੰਜਾਬੀਆਂ ਦੀ ਨਬਜ਼ ’ਤੇ ਹੱਥ ਰੱਖਦਿਆਂ ਕਿਹਾ ਕਿ ਕੈਨੇਡਾ ਨੇ ਅਮਰੀਕਾ ਦੀਆਂ ਬਣੀਆਂ ਗੱਡੀਆਂ ’ਤੇ 25 ਫੀਸਦੀ ਟੈਰਿਫ ਲਗਾਇਆ ਹੈ। ਟਰੰਪ ਨੇ ਦਰਜਨਾਂ ਦੇਸ਼ਾਂ ’ਤੇ ਲਗਾਏ ਗਏ ਟੈਰਿਫ ’ਤੇ 90 ਦਿਨਾਂ ਦੀ ਰੋਕ ਲਗਾ ਦਿੱਤੀ ਹੈ, ਪਰ ਕੈਨੇਡਾ ’ਤੇ ਲਗਾਏ ਗਏ ਟੈਰਿਫਾਂ ਨੂੰ ਵਾਪਸ ਲੈਣ ਦਾ ਐਲਾਨ ਨਹੀਂ ਕੀਤਾ ਹੈ। ਜੇਕਰ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਬਣਦੀ ਹੈ, ਤਾਂ ਦੇਸ਼ ਦੇ ਇਤਿਹਾਸ ਵਿਚ ਅਪਰਾਧ ਅਤੇ ਅਪਰਾਧੀਆਂ ਖ਼ਿਲਾਫ਼ ਸਭ ਤੋਂ ਵੱਡੀ ਕਾਰਵਾਈ ਕੀਤੀ ਜਾਵੇਗੀ।

ਸਾਬਕਾ ਕੈਨੇਡੀਅਨ ਸੰਸਦ ਮੈਂਬਰ ਰਮੇਸ਼ ਸੰਘਾ ਦਾ ਕਹਿਣਾ ਹੈ ਕਿ ਮਾਰਕ ਕਾਰਨੀ ਨੇ ਲਿਬਰਲਾਂ ਨੂੰ ਸਿਆਸੀ ਕੇਂਦਰ ਵੱਲ ਧੱਕ ਦਿੱਤਾ ਹੈ ਕਿਉਂਕਿ ਉਹ ਟਰੂਡੋ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਨੇ ਬਹੁਤ ਹੀ ਅਪ੍ਰਸਿੱਧ ਤਰੀਕੇ ਨਾਲ ਅਹੁਦਾ ਛੱਡਿਆ ਸੀ। ਕਾਰਨੀ ਨੇ ਘੱਟ ਖਰਚ ਕਰਨ ਅਤੇ ਵਧੇਰੇ ਨਿਵੇਸ਼ ਕਰਨ ਅਤੇ ਹਾਊਸਿੰਗ, ਮਿਲਟਰੀ ਬੁਨਿਆਦੀ ਢਾਂਚੇ ਅਤੇ ਕੰਪਿਊਟਿੰਗ ਸਰੋਤਾਂ ਵਰਗੀਆਂ ਚੀਜ਼ਾਂ ਵਿਚ ਪੂੰਜੀ ਨਿਵੇਸ਼ ਵਧਾਉਣ ਦਾ ਵਾਅਦਾ ਕੀਤਾ ਹੈ। ਕੈਨੇਡੀਅਨਾਂ ਦੀਆਂ ਮੁੱਖ ਘਰੇਲੂ ਚਿੰਤਾਵਾਂ ਘੱਟ ਨਹੀਂ ਹੋਈਆਂ ਹਨ, ਪਰ ਅਮਰੀਕਾ ਨਾਲ ਵਪਾਰਕ ਯੁੱਧ ਦੇ ਸਦਾ-ਮੌਜੂਦਾ ਖ਼ਤਰੇ ਸਾਹਮਣੇ ਦਬ ਗਈਆਂ ਹਨ। ਸੰਘਾ ਨੇ ਕਿਹਾ ਕਿ ਤਿੰਨ ਕਾਰਕਾਂ ਨੇ ਮਤਦਾਨ ਨੂੰ ਪ੍ਰੇਰਿਤ ਕੀਤਾ: ਟਰੂਡੋ ਦਾ ਅਸਤੀਫਾ, ਨਤੀਜੇ ਵਜੋਂ ਲਿਬਰਲ ਲੀਡਰਸ਼ਿਪ ਦੀ ਦੌੜ ਅਤੇ ਡੋਨਾਲਡ ਟਰੰਪ ਦੀ ਵ੍ਹਾਈਟ ਹਾਊਸ ਵਿਚ ਵਾਪਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**

**www.punjabmailusa.com**

## ਮੈਟਰੀਮੋਨੀਅਲ

**ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5’-9”, ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ ’ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।**

**ਵਟਸਐਪ ਨੰਬਰ : (706) 206-2516**


845

# ਕੈਨੇਡਾ ਚੋਣਾਂ ਲਈ 65 ਪੰਜਾਬੀ ਚੋਣ ਮੈਦਾਨ ’ਚ

ਓਟਵਾ, (ਪੰਜਾਬ ਮੇਲ)- ਕੈਨੇਡਾ ’ਚ 28 ਅਪ੍ਰੈਲ ਨੂੰ ਹੋਣ ਵਾਲੀਆਂ ਫੈਡਰਲ ਚੋਣਾਂ ਲਈ ਮੈਦਾਨ ਭਖ਼ ਗਿਆ ਹੈ। ਦੇਸ਼ ’ਚ ਪੰਜਾਬੀ ਮੂਲ ਦੇ ਰਿਕਾਰਡ 65 ਉਮੀਦਵਾਰ ਚੋਣਾਂ ਲੜ ਰਹੇ ਹਨ, ਜਿਸ ਤੋਂ ਭਾਈਚਾਰੇ ਦੇ ਵਧਦੇ ਸਿਆਸੀ ਪ੍ਰਭਾਵ ਦਾ ਪਤਾ ਲੱਗਦਾ ਹੈ। ਇਨ੍ਹਾਂ ਉਮੀਦਵਾਰਾਂ ਨੂੰ ਵੱਖ-ਵੱਖ ਪਾਰਟੀਆਂ ਲਿਬਰਲ, ਕੰਜ਼ਰਵੇਟਿਵ, ਐੱਨ.ਡੀ.ਪੀ. ਅਤੇ ਗਰੀਨਜ਼ ਤੋਂ ਟਿਕਟਾਂ ਮਿਲੀਆਂ ਹਨ ਅਤੇ ਕੁਝ ਆਜ਼ਾਦ ਉਮੀਦਵਾਰ ਵਜੋਂ ਵੀ ਮੈਦਾਨ ’ਚ ਹਨ। ਸਾਲ 2021 ਦੀਆਂ ਚੋਣਾਂ ’ਚ 45 ਪੰਜਾਬੀ ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ ਸੀ, ਜਿਸ ’ਚੋਂ 17 ਹਾਊਸ ਆਫ਼ ਕਾਮਨਜ਼ ਲਈ ਚੁਣੇ ਗਏ ਸਨ।

ਇਸੇ ਤਰ੍ਹਾਂ 2019 ਦੀਆਂ ਚੋਣਾਂ ’ਚ 47 ਨੇ ਚੋਣ ਲੜੀ ਸੀ ਅਤੇ 22 ਜੇਤੂ ਰਹੇ ਸਨ। ਇਸ ਵਾਰ ਪੰਜਾਬੀ ਮੂਲ ਦੇ ਮੌਜੂਦਾ 16 ਸੰਸਦ ਮੈਂਬਰ ਮੁੜ ਤੋਂ ਮੈਦਾਨ ’ਚ ਹਨ। ਕਈ ਸੀਟਾਂ ’ਤੇ ਪੰਜਾਬੀ ਉਮੀਦਵਾਰਾਂ ਵਿਚਕਾਰ ਸਿੱਧਾ ਮੁਕਾਬਲਾ ਹੈ। ਲਿਬਰਲ ਪਾਰਟੀ ਦੇ ਆਗੂ ਤੇ ਸਿਹਤ ਮੰਤਰੀ ਕਮਲ ਖੇੜਾ ਬਰੈਂਪਟਨ ਵੈਸਟ ਅਤੇ ਇਨੋਵੇਸ਼ਨ, ਸਾਇੰਸ ਤੇ ਸਨਅਤ ਮੰਤਰੀ ਅਨਿਤਾ ਆਨੰਦ ਓਕਵਿਲੇ ਤੋਂ ਚੋਣ ਮੈਦਾਨ ’ਚ ਹਨ। ਸਾਬਕਾ ਮੰਤਰੀ ਅਤੇ ਮੌਜੂਦਾ ਸੰਸਦ ਮੈਂਬਰ ਬਰਡਿਸ਼ ਚੱਗਰ ਮੁੜ ਵਾਟਰਲੂ ਤੋਂ ਚੋਣ ਲੜ ਰਹੇ ਹਨ। ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਬਰਨਬੀ ਸੈਂਟਰਲ ਤੋਂ ਮੁੜ ਉਮੀਦਵਾਰ ਹਨ। ਲਿਬਰਲਜ਼ ਵੱਲੋਂ ਅੰਜੂ ਢਿੱਲੋਂ (ਡੋਰਵਾਲ-ਲਾਸ਼ਿਨੇ-ਲਾਸਾਲੇ), ਰੂਬੀ ਸਹੋਤਾ (ਬਰੈਂਪਟਨ ਨੌਰਥ), ਸੋਨੀਆ ਸਿੱਧੂ (ਬਰੈਂਪਟਨ ਸਾਊਥ), ਅਮਰਜੀਤ ਸਿੰਘ ਸੋਹੀ (ਐਡਮਿੰਟਨ ਸਾਊਥ ਈਸਟ), ਰਾਹੁਲ ਵਾਲੀਆ (ਵਿਨੀਪੈਗ ਸੈਂਟਰ), ਜੌਰਜ ਚਾਹਲ (ਕੈਲਗਰੀ ਮੈਕਨਾਈਟ), ਰਣਦੀਪ ਸਰਾਏ (ਸਰੀ ਸੈਂਟਰ) ਅਤੇ ਸੁਖ ਧਾਲੀਵਾਲ (ਸਰੀ ਨਿਊਟਨ) ਨੂੰ ਮੈਦਾਨ ’ਚ ਉਤਾਰਿਆ ਗਿਆ ਹੈ। ਇਸੇ ਤਰ੍ਹਾਂ ਕੰਜ਼ਰਵੇਟਿਵ ਪਾਰਟੀ ਨੇ ਗੁਰਮੀਤ ਸੰਧੂ (ਸਕਾਰਬੋਰੋਅ ਨੌਰਥ), ਟਿਮ ਉੱਪਲ (ਐਡਮਿੰਟਨ ਗੇਟਵੇਅ), ਜਸਰਾਜ ਹੱਲਣ (ਕੈਲਗਰੀ ਈਸਟ), ਤਰਨ ਚਾਹਲ (ਬਰੈਂਪਟਨ ਸੈਂਟਰ), ਦਲਵਿੰਦਰ ਗਿੱਲ (ਕੈਲਗਰੀ ਮੈਕਨਾਈਟ), ਅਮਨਪ੍ਰੀਤ ਐੱਸ. ਗਿੱਲ (ਕੈਲਗਰੀ ਸਕਾਈਵਿਊ), ਰਾਜਵੀਰ ਢਿੱਲੋਂ (ਸਰੀ ਸੈਂਟਰ) ਅਤੇ ਹਰਜੀਤ ਸਿੰਘ ਗਿੱਲ (ਸਰੀ ਨਿਊਟਨ) ਨੂੰ ਟਿਕਟ ਦਿੱਤੀ ਹੈ।



# ਚੀਨ ਵੱਲੋਂ ਅਮਰੀਕਾ ਨੂੰ ਟੈਰਿਫ ਨੀਤੀਆਂ ਪੂਰੀ ਤਰ੍ਹਾਂ ਖਤਮ ਕਰਨ ਦੀ ਅਪੀਲ

**ਬੀਜਿੰਗ, (ਪੰਜਾਬ ਮੇਲ)**- ਅਮਰੀਕਾ ਅਤੇ ਚੀਨ ਵਿਚਕਾਰ ਟੈਰਿਫ ਵਾਰ ਕਾਰਨ ਤਣਾਅ ਆਪਣੇ ਸਿਖਰ 'ਤੇ ਹੈ। ਚੀਨ ਦੇ ਵਣਜ ਮੰਤਰਾਲੇ ਨੇ ਐਤਵਾਰ ਨੂੰ ਕਿਹਾ ਕਿ ਅਮਰੀਕਾ ਨੂੰ ਪਰਸਪਰ ਟੈਰਿਫ ਵਰਗੀਆਂ ਗਲਤ ਨੀਤੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਚਾਹੀਦਾ ਹੈ ਅਤੇ ਆਪਸੀ ਸਤਿਕਾਰ ਅਤੇ ਬਰਾਬਰ ਗੱਲਬਾਤ ਰਾਹੀਂ ਮਤਭੇਦਾਂ ਨੂੰ ਹੱਲ ਕਰਨ ਦੇ ਸਹੀ ਰਸਤੇ 'ਤੇ ਵਾਪਸ ਆਉਣਾ ਚਾਹੀਦਾ ਹੈ।

ਕੁਝ ਪ੍ਰੋਡਕਟਸ ਨੂੰ 'ਪਰਸਪਰ ਟੈਰਿਫ' ਤੋਂ ਛੋਟ ਦੇਣ ਦੇ ਅਮਰੀਕਾ ਦੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮੰਤਰਾਲੇ ਨੇ ਕਿਹਾ ਕਿ ਚੀਨ ਨੇ ਦੇਖਿਆ ਹੈ ਕਿ 10 ਅਪ੍ਰੈਲ ਨੂੰ ਕੁਝ ਵਪਾਰਕ ਭਾਈਵਾਲਾਂ 'ਤੇ ਉੱਚ ਟੈਰਿਫ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਤੋਂ ਬਾਅਦ ਅਮਰੀਕਾ ਦੁਆਰਾ ਸੰਬੰਧਿਤ ਨੀਤੀਆਂ ਵਿੱਚ ਇਹ ਦੂਜਾ ਬਦਲਾਅ ਹੈ। ਪਰ ਮੰਤਰਾਲੇ ਨੇ ਇਸਨੂੰ 'ਆਪਣੀਆਂ ਗਲਤੀਆਂ ਨੂੰ ਸੁਧਾਰਨ ਵੱਲ ਅਮਰੀਕਾ ਦੁਆਰਾ ਚੁੱਕਿਆ ਗਿਆ ਇੱਕ ਛੋਟਾ ਜਿਹਾ ਕਦਮ' ਦੱਸਿਆ।

ਮੰਤਰਾਲੇ ਨੇ ਕਿਹਾ ਕਿ ਚੀਨ ਇਸ ਨੀਤੀ ਦੇ ਸੰਭਾਵਿਤ ਪ੍ਰਭਾਵਾਂ ਦਾ ਮੁਲਾਂਕਣ ਕਰ ਰਿਹਾ ਹੈ। 12 ਅਪ੍ਰੈਲ ਨੂੰ ਅਮਰੀਕਾ ਨੇ ਕੁਝ ਪ੍ਰੋਡਕਟਸ ਜਿਵੇਂ ਕਿ ਕੰਪਿਊਟਰ, ਸਮਾਰਟਫੋਨ, ਸੈਮੀਕੰਡਕਟਰ ਨਿਰਮਾਣ ਉਪਕਰਣ ਅਤੇ ਇੰਟੀਗ੍ਰੇਟਿਡ ਸਰਕਟਾਂ ਨੂੰ 'ਪਰਸਪਰ ਟੈਰਿਫ' ਤੋਂ ਛੋਟ ਦੇਣ ਵਾਲੇ ਮੈਮੋ ਜਾਰੀ ਕੀਤੇ। ਚੀਨ ਦੇ ਵਣਜ ਮੰਤਰਾਲੇ ਨੇ ਕਿਹਾ ਕਿ ਇੱਕ ਸਾਧਾਰਨ ਕਾਰਜਕਾਰੀ ਆਦੇਸ਼ ਰਾਹੀਂ ਅਜਿਹੇ ਟੈਰਿਫ ਲਗਾਉਣਾ ਨਾ ਸਿਰਫ਼ ਬੁਨਿਆਦੀ ਆਰਥਿਕ ਅਤੇ ਬਾਜ਼ਾਰ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ, ਸਗੋਂ ਦੇਸ਼ਾਂ ਵਿਚਕਾਰ ਸਪਲਾਈ ਅਤੇ ਮੰਗ ਦੇ ਸਹਿਜੀਵ ਸਬੰਧਾਂ ਨੂੰ ਵੀ ਨਜ਼ਰਅੰਦਾਜ਼ ਕਰਦਾ ਹੈ।

ਮੰਤਰਾਲੇ ਨੇ ਕਿਹਾ, '2 ਅਪ੍ਰੈਲ ਨੂੰ ਐਲਾਨੀ ਗਈ ਟੈਰਿਫ ਨੀਤੀ ਨੇ ਅਮਰੀਕਾ ਵਿਚ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਕੀਤਾ ਹੈ।' ਇਸ ਦੀ ਬਜਾਏ, ਇਸਨੇ ਅੰਤਰਰਾਸ਼ਟਰੀ ਆਰਥਿਕ ਅਤੇ ਵਪਾਰਕ ਨਿਯਮਾਂ ਦੀ ਗੰਭੀਰ ਉਲੰਘਣਾ ਕੀਤੀ ਹੈ, ਕਾਰੋਬਾਰਾਂ ਦੇ ਆਮ ਸੰਚਾਲਨ ਵਿਚ ਦਖਲ ਦਿੱਤਾ ਹੈ ਅਤੇ ਆਮ ਲੋਕਾਂ ਦੇ ਜੀਵਨ ਅਤੇ ਖਪਤ ਦੇ ਪੈਟਰਨਾਂ ਨੂੰ ਪ੍ਰਭਾਵਿਤ ਕੀਤਾ ਹੈ। ਇਹ ਨੀਤੀ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹੋਏ ਆਪਣੇ ਆਪ ਨੂੰ ਲਾਭ ਨਹੀਂ ਪਹੁੰਚਾਏਗੀ।

ਮੰਤਰਾਲੇ ਨੇ ਜ਼ੋਰ ਦੇ ਕੇ ਕਿਹਾ ਕਿ ਚੀਨ-ਅਮਰੀਕਾ ਆਰਥਿਕ ਅਤੇ ਵਪਾਰਕ ਸਬੰਧਾਂ ਬਾਰੇ ਚੀਨ ਦੀ ਸਥਿਤੀ ਸਪੱਸ਼ਟ ਅਤੇ ਸਥਿਰ ਹੈ। ਵਪਾਰ ਯੁੱਧ ਵਿਚ ਕੋਈ ਜੇਤੂ ਨਹੀਂ ਹੁੰਦਾ ਅਤੇ ਸੁਰੱਖਿਆਵਾਦ ਦਾ ਕੋਈ ਹੱਲ ਨਹੀਂ ਹੁੰਦਾ।

# ਅਮਰੀਕਾ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ




**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਯੂ.ਐੱਸ. ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਹਾਵਰਡ, ਟਫਟਸ ਤੇ ਸਟੈਨਫੋਰਡ ਸਮੇਤ ਪ੍ਰਮੁੱਖ ਯੂਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਖਬਰ ਹੈ। ਮਾਸ ਮੀਡੀਆ ਬਲੂਮਬਰਗ ਅਨੁਸਾਰ ਇਮੀਗ੍ਰੇਸ਼ਨ ਪ੍ਰਸ਼ਾਸਨ ਦੀ ਇਸ ਕਾਰਵਾਈ ਨੇ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ ਹੈ। ਜਿਨ੍ਹਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ, ਉਨ੍ਹਾਂ ਵਿਚ ਯੂਨੀਵਰਸਿਟੀਆਂ ਵਿਚ ਇਸ ਸਮੇਂ ਪੜ੍ਹ ਰਹੇ ਵਿਦਿਆਰਥੀ ਤੇ ਹਾਲ ਹੀ ਵਿਚ ਗ੍ਰੈਜੂਏਟ ਬਣੇ ਵਿਦਿਆਰਥੀ ਵੀ ਸ਼ਾਮਲ ਹਨ। ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਅਨੁਸਾਰ ਇਕੱਲੇ ਕੈਲੀਫੋਰਨੀਆ ਵਿਚ ਯੂ.ਸੀ.ਐੱਲ.ਏ., ਯੂ.ਸੀ. ਬਰਕਲੇ, ਯੂ.ਸੀ. ਡੇਵਿਸ, ਯੂ.ਸੀ. ਸੈਨ ਡਿਆਗੋ, ਯੂ.ਸੀ. ਸਾਂਤਾ ਕਰੂਜ਼ ਤੇ ਸਟੈਨਫੋਰਡ ਸਮੇਤ ਅਨੇਕਾਂ ਸਿੱਖਿਆ ਸੰਸਥਾਵਾਂ ਦੇ ਦਰਜ਼ਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਸਟੈਨਫੋਰਡ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ 6 ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਬਾਰੇ ਜਾਣਕਾਰੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਜੇਕਰ ਕਾਨੂੰਨੀ ਮਜਬੂਰੀ ਨਾ ਹੋਵੇ, ਤਾਂ ਉਹ ਇਮੀਗ੍ਰੇਸ਼ਨ ਪ੍ਰਸ਼ਾਸਨ ਨਾਲ ਵਿਦਿਆਰਥੀਆਂ ਦਾ ਨਿੱਜੀ ਰਿਕਾਰਡ ਸਾਂਝਾ ਨਹੀਂ ਕਰਦੇ। ਹਾਵਰਡ ਦੇ 3 ਮੌਜੂਦਾ ਤੇ 2 ਸਾਬਕਾ ਗ੍ਰੈਜੂਏਟ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਇਕ ਰਿਪੋਰਟ ਵਿਚ ਡਾਰਟਮਾਊਥ ਕਾਲਜ, ਮਿਨੀਸੋਟਾ ਸਟੇਟ ਯੂਨੀਵਰਸਿਟੀ, ਐਰੀਜ਼ੋਨਾ ਸਟੇਟ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਓਰੇਗਨ ਦੇ ਕਈ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਪੁਸ਼ਟੀ ਕੀਤੀ ਗਈ ਹੈ। ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਡਰਾਈਵਿੰਗ ਨਿਯਮਾਂ ਦੀ ਉਲੰਘਣਾ ਸਮੇਤ ਛੋਟੇ-ਮੋਟੇ ਅਪਰਾਧ ਤਹਿਤ ਵਿਦਿਆਰਥੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਤੋਂ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕ ਪ੍ਰੇਸ਼ਾਨ ਹਨ।

# ਵਿਜੇ ਮਾਲਿਆ ਯੂ.ਕੇ. ਦੇ ਦੀਵਾਲੀਆਪਨ ਦੇ ਹੁਕਮਾਂ ਵਿਰੁੱਧ ਅਪੀਲ ਹਾਰਿਆ

**ਲੰਡਨ, (ਪੰਜਾਬ ਮੇਲ)**- ਭਾਰਤੀ ਕਾਰੋਬਾਰੀ ਵਿਜੇ ਮਾਲਿਆ ਲੰਡਨ ਦੀ ਹਾਈ ਕੋਰਟ ਵੱਲੋਂ



ਸਟੇਟ ਬੈਂਕ ਆਫ਼ ਇੰਡੀਆ ਸਮੇਤ ਕਰਜ਼ਦਾਤਾਵਾਂ ਨੂੰ 1 ਅਰਬ ਪੌਂਡ ਤੋਂ ਵੱਧ ਦੇ ਕਰਜ਼ੇ 'ਤੇ ਦਿੱਤੇ ਗਏ ਦੀਵਾਲੀਆਪਨ ਦੇ ਹੁਕਮਾਂ ਵਿਰੁੱਧ ਅਪੀਲ ਹਾਰ ਗਿਆ। ਬਰਤਾਨੀਆ ਵਿਚ ਰਹਿਣ ਵਾਲਾ ਮਾਲਿਆ, 2012 ਵਿਚ ਆਪਣੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨਜ਼ ਦੇ ਬੰਦ ਹੋ ਜਾਣ ਤੋਂ ਬਾਅਦ ਕਰਜ਼ਦਾਤਾਵਾਂ ਤੇ ਭਾਰਤੀ ਅਧਿਕਾਰੀਆਂ ਨਾਲ ਇਕ ਲੰਬੀ ਕਾਨੂੰਨੀ ਲੜਾਈ ਵਿਚ ਉਲਝਿਆ ਹੋਇਆ ਹੈ। 2017 ਵਿਚ ਬੈਂਕਾਂ ਦੇ ਇਕ ਸਮੂਹ ਨੇ ਮਾਲਿਆ ਦੇ ਖਿਲਾਫ਼ ਜਿਸਨੇ ਕਿੰਗਫਿਸ਼ਰ ਏਅਰਲਾਈਨਜ਼ ਦੇ ਕਰਜ਼ੇ ਦੀ ਗਾਰੰਟੀ ਦਿੱਤੀ ਸੀ, ਭਾਰਤ ਵਿਚ 1 ਬਿਲੀਅਨ ਪੌਂਡ ਤੋਂ ਵੱਧ ਦੇ ਕਰਜ਼ੇ ਨੂੰ ਲੈ ਕੇ ਕੇਸ ਦਾਇਰ ਕੀਤੇ ਸਨ। 2021 ਵਿਚ ਮਾਲਿਆ ਦੇ ਖਿਲਾਫ਼ ਦੀਵਾਲੀਆਪਨ ਦਾ ਹੁਕਮ ਦਿੱਤਾ ਗਿਆ ਸੀ। ਮਾਲਿਆ ਨੇ ਫਰਵਰੀ ਵਿਚ ਇਕ ਸੁਣਵਾਈ 'ਚ ਦੀਵਾਲੀਆਪਨ ਦੇ ਹੁਕਮਾਂ ਵਿਰੁੱਧ ਅਪੀਲ ਕੀਤੀ, ਜਦੋਂ ਉਸ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਬੈਂਕਾਂ ਨੇ ਪਹਿਲਾਂ ਹੀ ਉਨ੍ਹਾਂ ਸੰਪਤੀਆਂ ਨੂੰ ਜ਼ਬਤ ਕਰ ਲਿਆ ਹੈ, ਜਿਨ੍ਹਾਂ ਨੇ ਕਰਜ਼ੇ ਦਾ ਨਿਪਟਾਰਾ ਕਰ ਦਿੱਤਾ ਸੀ। ਪਰ ਜੱਜ ਐਂਥਨੀ ਮਾਨ ਨੇ ਇਕ ਲਿਖਤੀ ਫੈਸਲੇ ਵਿਚ ਅਪੀਲ ਰੱਦ ਕਰਦਿਆਂ ਦੀਵਾਲੀਆਪਨ ਦਾ ਹੁਕਮਾਂ ਨੂੰ ਕਾਇਮ ਰੱਖਿਆ ਹੈ।

ਮਾਲਿਆ, ਜੋ ਕਿ ਫਾਰਮੂਲਾ ਵਨ ਮੋਟਰ ਰੇਸਿੰਗ ਟੀਮ ਫੋਰਸ ਇੰਡੀਆ ਦਾ ਸਹਿ-ਮਾਲਕ ਵੀ ਸੀ, ਕਿੰਗਫਿਸ਼ਰ ਏਅਰਲਾਈਨਜ਼ ਦੇ ਦੀਵਾਲੀਆ ਹੋ ਜਾਣ 'ਤੇ ਧੋਖਾਧੜੀ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਭਾਰਤ ਹਵਾਲਗੀ ਦੀ ਲੜਾਈ ਵੱਖਰੇ ਤੌਰ 'ਤੇ ਲੜ ਰਿਹਾ ਹੈ। ਉਸ ਦੀ ਹਵਾਲਗੀ ਵਿਰੁੱਧ ਅਪੀਲ 2020 'ਚ ਰੱਦ ਕਰ ਦਿੱਤੀ ਗਈ ਸੀ, ਪਰ ਜੱਜ ਐਂਥਨੀ ਮਾਨ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਹਵਾਲਗੀ ਦਾ ਹੁਕਮ ਅਜੇ ਵੀ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਡਾ. ਮਾਲਿਆ ਅਜੇ ਵੀ ਹੋਰ ਆਧਾਰਾਂ 'ਤੇ ਹਵਾਲਗੀ ਦਾ ਵਿਰੋਧ ਕਰ ਰਿਹਾ ਹੈ, ਜਿਨ੍ਹਾਂ ਦਾ ਅਜੇ ਹੱਲ ਨਹੀਂ ਹੋਇਆ ਹੈ।

■ **ਗੁਰਮਿੰਦਰ ਸਿੰਘ ਗੈਰੀ ਦਾ ਅਸਤੀਫ਼ਾ ਮਨਜ਼ੂਰ**

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ ਮਿਲੀ ਧਮਕੀ ਕਾਰਨ ਵਧਾਈ ਗਈ ਸੁਰੱਖਿਆ

**ਮੁੰਬਈ, (ਪੰਜਾਬ ਮੇਲ)**- ਅਦਾਕਾਰ ਸਲਮਾਨ ਖਾਨ ਨੂੰ ਜਾਨੋਂ ਮਾਰਨ ਦੀ



ਧਮਕੀ ਮਿਲਣ ਤੋਂ ਬਾਅਦ ਉਨ੍ਹਾਂ ਦੇ ਘਰ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ਮੁੰਬਈ ਪੁਲਿਸ ਅਨੁਸਾਰ, ਸਲਮਾਨ ਖਾਨ ਨੂੰ ਜਾਨੋਂ ਮਾਰਨ ਅਤੇ ਉਨ੍ਹਾਂ ਦੀ ਗੱਡੀ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਟਸਐਪ ਰਾਹੀਂ ਵਰਲੀ ਟਰਾਂਸਪੋਰਟ ਵਿਭਾਗ ਦੇ ਅਧਿਕਾਰਤ ਨੰਬਰ 'ਤੇ ਭੇਜੀ ਗਈ ਸੀ। ਇਸ ਮਾਮਲੇ 'ਚ ਪੁਲਿਸ ਨੇ ਕਾਰਵਾਈ ਕਰਦੇ ਹੋਏ ਅਦਾਕਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿਚ ਗੁਜਰਾਤ ਦੇ ਵਡੋਦਰਾ ਤੋਂ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ। ਦੋਸ਼ੀ ਦੀ ਪਛਾਣ ਮਯੰਕ ਪੰਡਯਾ (26) ਵਜੋਂ ਹੋਈ ਹੈ। ਸੂਤਰਾਂ ਨੇ ਦੱਸਿਆ ਪੰਡਯਾ ਨੇ ਮੁੰਬਈ ਟਰਾਂਸਪੋਰਟ ਵਿਭਾਗ ਦੀ ਵਟਸਐਪ ਹੈਲਪਲਾਈਨ 'ਤੇ ਇਕ ਧਮਕੀ ਭਰਿਆ ਸੰਦੇਸ਼ ਭੇਜਿਆ, ਜਿਸ ਵਿਚ ਕਿਹਾ ਗਿਆ ਸੀ, 'ਅਸੀਂ ਤੁਹਾਡੇ ਘਰ ਵੜ ਕੇ ਤੁਹਾਨੂੰ ਮਾਰ ਦੇਵਾਂਗੇ' ਅਤੇ ਸਲਮਾਨ ਖਾਨ ਦੀ ਕਾਰ ਵਿਚ ਬੰਬ ਰੱਖਣ ਦੀ ਧਮਕੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਭਾਵੇਂ ਮੈਸੇਜ ਵਿਚ ਲਾਰੇਂਸ ਬਿਸ਼ਨੋਈ ਗੈਂਗ ਦਾ ਨਾਮ ਨਹੀਂ ਲਿਆ ਗਿਆ ਸੀ, ਪਰ ਇਸਦਾ ਲਹਿਜਾ ਕਥਿਤ ਤੌਰ 'ਤੇ ਅਦਾਕਾਰ ਨੂੰ ਮਿਲੀਆਂ ਪਿਛਲੀਆਂ ਧਮਕੀਆਂ ਦੇ ਸਮਾਨ ਸੀ। ਸਲਮਾਨ ਖਾਨ ਆਪਣੇ ਪਰਿਵਾਰ ਨਾਲ ਮੁੰਬਈ ਦੇ ਬਾਂਦਰਾ ਦੇ ਗਲੈਕਸੀ ਅਪਾਰਟਮੈਂਟ ਵਿਚ ਰਹਿੰਦੇ ਹਨ ਅਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਰਾਡਾਰ 'ਤੇ ਹਨ। ਪਿਛਲੇ ਦੋ ਸਾਲਾਂ ਵਿਚ ਸਲਮਾਨ ਨੂੰ ਦਿੱਤੀ ਗਈ ਇਹ ਪੰਜਵੀਂ ਅਜਿਹੀ ਧਮਕੀ ਹੈ। ਪਿਛਲੇ ਸਾਲ, ਬਿਸ਼ਨੋਈ ਗੈਂਗ ਨਾਲ ਸਬੰਧਤ ਨਿਸ਼ਾਨੇਬਾਜ਼ਾਂ ਨੇ ਉਨ੍ਹਾਂ ਦੇ ਘਰ 'ਤੇ ਗੋਲੀਬਾਰੀ ਕੀਤੀ ਸੀ, ਜਿਸ ਤੋਂ ਬਾਅਦ ਅਦਾਕਾਰ ਦੀ ਸੁਰੱਖਿਆ ਵਧਾ ਦਿੱਤੀ ਗਈ ਸੀ।

# ਪੀ.ਐੱਨ.ਬੀ. ਘੁਟਾਲੇ ਦਾ ਮੁੱਖ ਦੋਸ਼ੀ ਭਗੌੜਾ ਮੇਹੁਲ ਚੋਕਸੀ ਬੈਲਜੀਅਮ 'ਚ ਗ੍ਰਿਫ਼ਤਾਰ

**ਬੈਲਜੀਅਮ, (ਪੰਜਾਬ ਮੇਲ)**- ਪੰਜਾਬ ਨੈਸ਼ਨਲ ਬੈਂਕ (ਪੀ.ਐੱਨ.ਬੀ.) ਘੁਟਾਲੇ ਦੇ ਮੁੱਖ ਦੋਸ਼ੀ ਅਤੇ ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਨੂੰ ਬੈਲਜੀਅਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਚੋਕਸੀ ਨੂੰ ਭਾਰਤੀ ਸੁਰੱਖਿਆ ਏਜੰਸੀਆਂ ਦੀ ਬੇਨਤੀ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਚੋਕਸੀ ਇਲਾਜ ਲਈ ਬੈਲਜੀਅਮ ਗਿਆ ਸੀ। ਬੈਲਜੀਅਮ ਪੁਲਿਸ ਨੇ ਮੇਹੁਲ ਚੋਕਸੀ ਨੂੰ 11 ਅਪ੍ਰੈਲ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਗ੍ਰਿਫ਼ਤਾਰੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਬੇਨਤੀ 'ਤੇ ਕੀਤੀ ਗਈ ਸੀ।

ਮੇਹੁਲ ਚੋਕਸੀ ਕਰੋੜਾਂ ਦੇ ਪੀ.ਐੱਨ.ਬੀ. ਘੁਟਾਲੇ ਦਾ ਮੁੱਖ ਦੋਸ਼ੀ ਹੈ। ਇਹ ਘੁਟਾਲਾ 13,500 ਕਰੋੜ ਰੁਪਏ ਤੋਂ ਵੱਧ ਦਾ ਹੈ। ਚੋਕਸੀ 2018 ਤੋਂ ਐਂਟੀਗੁਆ ਵਿਚ ਰਹਿ ਰਿਹਾ ਹੈ। ਈ.ਡੀ. ਨੇ ਚੋਕਸੀ ਵਿਰੁੱਧ ਤਿੰਨ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ। 2019 ਵਿਚ ਈ.ਡੀ. ਨੇ ਬੰਬੇ ਹਾਈ ਕੋਰਟ ਨੂੰ



ਦੱਸਿਆ ਸੀ ਕਿ ਚੋਕਸੀ 'ਭਗੌੜਾ ਅਤੇ ਫ਼ਰਾਰ' ਹੈ। 2018 ਵਿਚ ਪੀ.ਐੱਨ.ਬੀ. ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਚੋਕਸੀ ਭਾਰਤ ਤੋਂ ਭੱਜ ਗਿਆ ਸੀ। ਚੋਕਸੀ ਦਾ ਭਤੀਜਾ ਨੀਰਵ ਮੋਦੀ ਵੀ ਇਸ ਘੁਟਾਲੇ ਦਾ ਦੋਸ਼ੀ ਹੈ ਅਤੇ ਲੰਡਨ ਵਿਚ ਹਵਾਲਗੀ ਦੀ ਕਾਰਵਾਈ ਦਾ ਸਾਹਮਣਾ ਕਰ ਰਿਹਾ ਹੈ।

ਮਈ 2021 ਵਿਚ ਚੋਕਸੀ ਦੇ ਐਂਟੀਗੁਆ ਤੋਂ ਲਾਪਤਾ ਹੋਣ ਦੀਆਂ ਰਿਪੋਰਟਾਂ ਵੀ ਆਈਆਂ ਸਨ, ਪਰ ਬਾਅਦ ਵਿਚ ਉਸਦੇ ਡੋਮਿਨਿਕਾ ਵਿਚ ਹੋਣ ਦੀ ਰਿਪੋਰਟ ਆਈ। ਸੀ.ਬੀ.ਆਈ. ਨੇ ਇੰਟਰਪੋਲ ਨੂੰ ਮੇਹੁਲ ਚੋਕਸੀ ਵਿਰੁੱਧ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਦੀ ਅਪੀਲ ਕੀਤੀ ਸੀ। ਇਸ ਤੋਂ ਬਾਅਦ 2018 ਵਿਚ ਇੰਟਰਪੋਲ ਨੇ ਚੋਕਸੀ ਵਿਰੁੱਧ ਰੈੱਡ ਨੋਟਿਸ ਜਾਰੀ ਕੀਤਾ। ਚੋਕਸੀ ਵੱਲੋਂ ਇੰਟਰਪੋਲ ਵਿਚ ਰੈੱਡ ਨੋਟਿਸ ਹਟਾਉਣ ਲਈ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਵਿਚ ਉਸਨੇ ਦਾਅਵਾ ਕੀਤਾ ਸੀ ਕਿ 2021 ਵਿਚ ਭਾਰਤੀ ਜਾਂਚ ਏਜੰਸੀਆਂ ਨੇ ਉਸ ਨੂੰ 'ਅਗਵਾ' ਕੀਤਾ ਸੀ ਅਤੇ ਉਸ ਨੂੰ ਡੋਮਿਨਿਕਾ ਲੈ ਗਈਆਂ ਸਨ। ਇਸ ਕਾਰਨ ਇੰਟਰਪੋਲ ਨੇ ਉਸਦੇ ਖਿਲਾਫ ਰੈੱਡ ਨੋਟਿਸ ਹਟਾਉਣ ਦਾ ਫੈਸਲਾ ਕੀਤਾ ਹੈ।

2018 ਵਿਚ ਈ.ਡੀ. ਨੇ ਚੋਕਸੀ ਦੀਆਂ 1,217 ਕਰੋੜ ਰੁਪਏ ਦੀਆਂ 41 ਅਚੱਲ ਜਾਇਦਾਦਾਂ ਨੂੰ ਅਸਥਾਈ ਤੌਰ 'ਤੇ ਜ਼ਬਤ ਕੀਤਾ ਸੀ। ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਵਿਚ ਮੁੰਬਈ ਦੇ ਇੱਕ ਆਲੀਸ਼ਾਨ ਇਲਾਕੇ ਵਿਚ ਉਸਦੇ ਦੋ ਫਲੈਟ, ਕੋਲਕਾਤਾ ਵਿਚ ਇੱਕ ਮਾਲ, ਮੁੰਬਈ-ਗੋਆ ਹਾਈਵੇਅ 'ਤੇ 27 ਏਕੜ ਜ਼ਮੀਨ, ਤਾਮਿਲਨਾਡੂ ਵਿਚ 101 ਏਕੜ ਜ਼ਮੀਨ, ਨਾਸਿਕ, ਨਾਗਪੁਰ, ਆਂਧਰਾ ਪ੍ਰਦੇਸ਼ ਵਿਚ ਜ਼ਮੀਨਾਂ ਅਤੇ ਸੂਰਤ ਵਿਚ ਦਫ਼ਤਰ ਸ਼ਾਮਲ ਹਨ।

# ਕੈਨੇਡਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਵਿਦੇਸ਼ੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਖਾਧੀ ਸਹੁੰ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਵਿਚ ਵਿਰੋਧੀ ਧਿਰ ਦੇ ਕੰਜ਼ਰਵੇਟਿਵ ਨੇਤਾ ਪੀਅਰੇ ਪੌਲੀਏਵਰ ਨੇ ਅਪਰਾਧਿਕ ਨਫ਼ਰਤ ਫੈਲਾਉਣ 'ਤੇ ਵਿਦੇਸ਼ੀ ਲੋਕਾਂ ਨੂੰ ਕੈਨੇਡਾ ਤੋਂ ਦੇਸ਼ ਨਿਕਾਲਾ ਦੇਣ ਦੀ ਸਹੁੰ ਖਾਧੀ। ਉਨ੍ਹਾਂ ਨੇ ਫਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਦੇ "ਨਫ਼ਰਤ ਮਾਰਚਾਂ" 'ਤੇ ਯਹੂਦੀ ਵਿਰੋਧੀ ਭਾਵਨਾ ਵਿਚ ਵਾਧਾ ਕਰਨ ਦਾ ਦੋਸ਼ ਲਗਾਇਆ। ਪੌਲੀਏਵਰ ਸ਼ਨੀਵਾਰ ਨੂੰ ਓਟਾਵਾ ਦੇ ਇੱਕ ਚੋਣ ਜ਼ਿਲ੍ਹੇ ਵਿਚ ਚੋਣ ਪ੍ਰਚਾਰ ਕਰ ਰਹੇ ਸਨ, ਜਿੱਥੇ ਲਿਬਰਲ ਨੇਤਾ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਚੋਣ ਲੜ ਰਹੇ ਹਨ। ਪ੍ਰਧਾਨ ਮੰਤਰੀ ਕਾਰਨੀ ਨੇ ਇਸ ਹਫ਼ਤੇ ਗਾਜ਼ਾ ਵਿਚ ਯੁੱਧ 'ਤੇ ਟਿੱਪਣੀਆਂ ਕਰਕੇ ਆਪਣੇ ਇਜ਼ਰਾਈਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨੂੰ ਨਾਰਾਜ਼ ਕੀਤਾ ਸੀ।

ਪੌਲੀਏਵਰ ਨੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਭੰਨਤੋੜ, ਕਾਨੂੰਨਾਂ ਨੂੰ ਤੋੜਨ ਵਾਲੇ ਨਫ਼ਰਤ ਮਾਰਚਾਂ ਅਤੇ ਨਸਲੀ ਅਤੇ ਧਰਮ ਦੇ ਅਧਾਰ 'ਤੇ ਹਿੰਸਕ ਹਮਲਿਆਂ ਨੂੰ ਨਿਸ਼ਾਨਾ ਬਣਾਉਣ ਲਈ ਸਖ਼ਤ ਕਾਨੂੰਨ ਲਿਆਵਾਂਗੇ।" ਉਨ੍ਹਾਂ ਨੇ ਕਿਹਾ, "ਜੋ ਵੀ ਇੱਥੇ ਵਿਜ਼ਟਰ ਵੀਜ਼ਾ 'ਤੇ ਹੈ ਤੇ ਇਸ ਦੌਰਾਨ ਜੇਕਰ ਉਹ ਕਾਨੂੰਨ ਤੋੜਦਾ ਹੈ, ਤਾਂ ਉਸਨੂੰ ਇਸ ਦੇਸ਼ ਤੋਂ ਦੇਸ਼ ਨਿਕਾਲਾ ਦਿੱਤਾ ਜਾਵੇਗਾ।" ਪੌਲੀਏਵਰ ਨੇ ਪਿਛਲੇ ਸਮੇਂ ਤੋਂ ਟਰੰਪ ਤੋਂ ਆਪਣੇ ਆਪ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੇ ਆਰਥਿਕ ਹਮਲਿਆਂ ਅਤੇ ਸੰਯੁਕਤ ਰਾਜ ਦੇ ਉੱਤਰੀ ਗੁਆਂਢੀ ਨੂੰ ਆਪਣੇ ਨਾਲ ਜੋੜਨ ਦੀਆਂ ਧਮਕੀਆਂ ਨੇ ਕੈਨੇਡੀਅਨ ਵੋਟਰਾਂ ਨੂੰ ਨਾਰਾਜ਼ ਕੀਤਾ ਹੈ।

ਕੈਨੇਡਾ ਵਿਚ ਯਹੂਦੀ ਸੰਗਠਨ ਬਨਾਈ ਬ੍ਰਿਥ ਨੇ ਇੱਕ ਰਿਪੋਰਟ ਵਿੱਚ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ ਯਹੂਦੀ-ਵਿਰੋਧੀ ਕਾਰਵਾਈਆਂ ਦੀ ਗਿਣਤੀ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ।

# ਇੱਕ ਭਾਰਤੀ ਸਮੇਤ ਚਾਰ ਵਿਦਿਆਰਥੀਆਂ ਵੱਲੋਂ ਦੇਸ਼ ਨਿਕਾਲੇ ਵਿਰੁੱਧ ਮੁਕੱਦਮਾ ਦਾਇਰ

**ਨਿਊਯਾਰਕ, (ਪੰਜਾਬ ਮੇਲ)**- ਮਿਸ਼ੀਗਨ ਦੀ ਇੱਕ ਪਬਲਿਕ ਯੂਨੀਵਰਸਿਟੀ 'ਚ ਪੜ੍ਹ ਰਹੇ ਇੱਕ ਭਾਰਤੀ ਸਮੇਤ ਚਾਰ ਵਿਦਿਆਰਥੀਆਂ ਨੇ ਆਪਣੀ ਵਿਦਿਆਰਥੀ ਇਮੀਗ੍ਰੇਸ਼ਨ ਸਥਿਤੀ ਨੂੰ "ਗੈਰ-ਕਾਨੂੰਨੀ" ਤੌਰ 'ਤੇ ਖ਼ਤਮ ਕੀਤੇ ਜਾਣ ਤੋਂ ਬਾਅਦ ਅਮਰੀਕਾ ਤੋਂ ਸੰਭਾਵਿਤ ਦੇਸ਼ ਨਿਕਾਲੇ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਭਾਰਤ ਦੇ ਚਿਨਮਯ ਦਿਓਰ, ਚੀਨ ਦੇ ਜ਼ਿਆਂਗਯੁਨ ਬੂ ਅਤੇ ਕਿਉਈ ਯਾਂਗ ਅਤੇ ਨੇਪਾਲ ਦੇ ਯੋਗੇਸ਼ ਜੋਸ਼ੀ ਨੇ ਸ਼ੁੱਕਰਵਾਰ ਨੂੰ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਵਿਰੁੱਧ ਮੁਕੱਦਮਾ ਦਾਇਰ ਕੀਤਾ।

ਚਾਰ ਵਿਦਿਆਰਥੀਆਂ ਨੇ ਇੱਕ ਮੁਕੱਦਮਾ ਦਾਇਰ ਕੀਤਾ ਹੈ ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਉਨ੍ਹਾਂ ਦਾ ਵਿਦਿਆਰਥੀ ਇਮੀਗ੍ਰੇਸ਼ਨ ਦਰਜਾ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਇਨਫਰਮੇਸ਼ਨ ਸਿਸਟਮ (ਐੱਸ.ਈ.ਵੀ.ਆਈ.ਐੱਸ.) ਵਿਚ "ਬਿਨਾਂ ਢੁਕਵੇਂ ਨੋਟਿਸ ਅਤੇ ਸਪੱਸ਼ਟੀਕਰਨ ਦੇ" ਗੈਰ-ਕਾਨੂੰਨੀ ਤੌਰ 'ਤੇ ਖ਼ਤਮ ਕਰ ਦਿੱਤਾ ਗਿਆ ਸੀ। ਐੱਸ.ਈ.ਵੀ.ਆਈ.ਐੱਸ. ਇੱਕ ਡੇਟਾਬੇਸ ਹੈ ਜੋ ਸੰਯੁਕਤ ਰਾਜ ਅਮਰੀਕਾ ਵਿਚ ਗੈਰ-ਪ੍ਰਵਾਸੀ ਵਿਦਿਆਰਥੀਆਂ ਤੇ ਵਿਦਿਅਕ ਐਕਸਚੇਂਜ (ਐਕਸਚੇਂਜ ਵਿਜ਼ਟਰ) 'ਤੇ ਵਿਦਿਆਰਥੀਆਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਵਿਦਿਆਰਥੀਆਂ ਦੀ ਨੁਮਾਇੰਦਗੀ ਕਰ ਰਹੇ ਮਿਸ਼ੀਗਨ ਦੀ ਅਮੈਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ.ਸੀ.ਐੱਲ.ਯੂ.) ਨੇ ਵੀਰਵਾਰ ਨੂੰ ਕਿਹਾ ਕਿ ਉਸਨੇ ਉਨ੍ਹਾਂ ਵਿਦਿਆਰਥੀਆਂ ਵੱਲੋਂ ਐਮਰਜੈਂਸੀ ਹੁਕਮ ਜਾਰੀ ਕਰਨ ਦੀ ਮੰਗ ਕਰਦੇ ਹੋਏ ਇੱਕ ਸੰਘੀ ਮੁਕੱਦਮਾ ਦਾਇਰ ਕੀਤਾ ਹੈ ਜਿਨ੍ਹਾਂ ਦਾ ਐੱਫ-1 ਵਿਦਿਆਰਥੀ ਇਮੀਗ੍ਰੇਸ਼ਨ ਦਰਜਾ ਗੈਰ-ਕਾਨੂੰਨੀ ਅਤੇ ਅਚਾਨਕ ਟਰੰਪ ਪ੍ਰਸ਼ਾਸਨ ਦੁਆਰਾ ਬਿਨਾਂ ਕਿਸੇ ਜਾਇਜ਼ ਕਾਰਨ ਅਤੇ ਨੋਟਿਸ ਦੇ ਖ਼ਤਮ ਕਰ ਦਿੱਤਾ ਗਿਆ ਸੀ।

# ਅਮਰੀਕਾ 'ਚ ਹਰ ਪ੍ਰਵਾਸੀ ਨੂੰ 24 ਘੰਟੇ ਨਾਲ ਰੱਖਣੇ ਪੈਣਗੇ ਆਪਣੇ ਕਾਨੂੰਨੀ ਦਸਤਾਵੇਜ਼

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਇੱਕ ਨਵਾਂ ਨਿਯਮ ਲਾਗੂ ਕੀਤਾ ਹੈ, ਜਿਸ ਅਨੁਸਾਰ ਹਰ ਪ੍ਰਵਾਸੀ ਭਾਵੇਂ ਉਹ ਕਾਨੂੰਨੀ ਵੀਜ਼ਾ (ਜਿਵੇਂ ਕਿ ਐੱਚ-1ਬੀ ਜਾਂ ਵਿਦਿਆਰਥੀ ਵੀਜ਼ਾ) 'ਤੇ ਹੋਵੇ, ਨੂੰ ਹੁਣ ਆਪਣੇ ਕਾਨੂੰਨੀ ਦਸਤਾਵੇਜ਼ 24 ਘੰਟੇ ਆਪਣੇ ਕੋਲ ਰੱਖਣੇ ਪੈਣਗੇ। ਇਹ ਨਿਯਮ 11 ਅਪ੍ਰੈਲ ਤੋਂ ਲਾਗੂ ਹੋ ਗਿਆ ਹੈ। ਇਹ ਨਿਯਮ ਟਰੰਪ ਦੇ ਹੁਕਮ 'Protecting the American People Against Invasion' ਤਹਿਤ ਲਾਗੂ ਕੀਤਾ ਗਿਆ ਹੈ, ਜਿਸਦਾ ਉਦੇਸ਼ ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਕਾਰਵਾਈ ਕਰਨਾ ਹੈ। ਅਮਰੀਕੀ ਅਦਾਲਤ ਨੇ ਸਰਕਾਰ ਨੂੰ ਇਸ ਵਿਵਾਦਪੂਰਨ ਨਿਯਮ ਨੂੰ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਨਿਯਮ ਤਹਿਤ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਸਰਕਾਰ ਕੋਲ ਰਜਿਸਟਰ ਕਰਵਾਉਣਾ ਪਵੇਗਾ ਅਤੇ ਦਸਤਾਵੇਜ਼ ਆਪਣੇ ਕੋਲ ਰੱਖਣੇ ਪੈਣਗੇ।



ਇਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਮਰੀਕਾ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਲਏ ਗਏ ਤੇਜ਼ ਅਤੇ ਸਖ਼ਤ ਫੈਸਲਿਆਂ ਦੀ ਲੜੀ ਵਿਚ ਇੱਕ ਹੋਰ ਕਦਮ ਹੈ। ਟਰੰਪ ਪ੍ਰਸ਼ਾਸਨ ਦਾ ਉਦੇਸ਼ ਦੇਸ਼ ਤੋਂ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਲੋਕਾਂ ਨੂੰ ਬਾਹਰ ਕੱਢਣਾ ਹੈ। ਏਲੀਅਨ ਰਜਿਸਟ੍ਰੇਸ਼ਨ ਰਿਕਵਾਇਰਮੈਂਟ (ਏ.ਆਰ.ਆਰ.) ਦੀਆਂ ਜੜ੍ਹਾਂ 1940 ਦੇ ਏਲੀਅਨ ਰਜਿਸਟ੍ਰੇਸ਼ਨ ਐਕਟ ਵਿਚ ਹਨ।

**■ ਟਰੰਪ ਪ੍ਰਸ਼ਾਸਨ ਵੱਲੋਂ ਨਵਾਂ ਨਿਯਮ ਲਾਗੂ**

ਉਸ ਸਮੇਂ ਵੀ ਅਮਰੀਕਾ ਵਿਚ ਰਹਿਣ ਵਾਲੇ ਪ੍ਰਵਾਸੀਆਂ ਨੂੰ ਰਜਿਸਟਰ ਕਰਨਾ ਪੈਂਦਾ ਸੀ, ਪਰ ਉਸ ਨਿਯਮ ਨੂੰ ਲਗਾਤਾਰ ਅਤੇ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਗਿਆ ਸੀ। ਹੁਣ ਨਵੇਂ ਨਿਯਮਾਂ ਤਹਿਤ, ਇਸ ਰਜਿਸਟ੍ਰੇਸ਼ਨ ਦੀ ਸਖ਼ਤੀ ਨਾਲ ਨਿਗਰਾਨੀ ਕੀਤੀ ਜਾਵੇਗੀ ਅਤੇ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ।

ਇਹ ਨਵਾਂ ਨਿਯਮ ਮੁੱਖ ਤੌਰ 'ਤੇ ਉਨ੍ਹਾਂ ਪ੍ਰਵਾਸੀਆਂ ਨੂੰ ਪ੍ਰਭਾਵਿਤ ਕਰਦਾ ਹੈ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਜਾਂ ਬਿਨਾਂ ਵੈਧ ਦਸਤਾਵੇਜ਼ਾਂ ਦੇ ਰਹਿ ਰਹੇ ਹਨ। ਹੁਣ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਗੈਰ-ਨਾਗਰਿਕ, ਜਿਨ੍ਹਾਂ ਦੀ ਉਮਰ 14 ਸਾਲ ਤੋਂ ਵੱਧ ਹੈ ਅਤੇ ਜੋ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿੰਦੇ ਹਨ, ਨੂੰ ਫਾਰਮ ਜੀ-325ਆਰ ਭਰ ਕੇ ਸਰਕਾਰ ਨਾਲ ਲਾਜ਼ਮੀ ਤੌਰ 'ਤੇ ਰਜਿਸਟਰ ਕਰਨਾ ਹੋਵੇਗਾ।

ਜੇਕਰ ਕੋਈ ਬੱਚਾ 14 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਉਸਦੇ ਮਾਪਿਆਂ ਨੂੰ ਉਸ ਨੂੰ ਰਜਿਸਟਰ ਕਰਵਾਉਣਾ ਪਵੇਗਾ। ਇਸ ਤੋਂ ਇਲਾਵਾ 11 ਅਪ੍ਰੈਲ ਤੋਂ ਬਾਅਦ ਅਮਰੀਕਾ ਵਿਚ ਦਾਖਲ ਹੋਣ ਵਾਲਿਆਂ ਨੂੰ ਵੀ ਪਹੁੰਚਣ ਦੇ 30 ਦਿਨਾਂ ਦੇ ਅੰਦਰ ਰਜਿਸਟਰ ਕਰਵਾਉਣਾ ਲਾਜ਼ਮੀ ਹੈ। ਇਸ ਨਿਯਮ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਜੁਰਮਾਨਾ, ਜੇਲ੍ਹ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਜੇਕਰ ਕੋਈ ਵਿਅਕਤੀ ਆਪਣਾ ਪਤਾ ਬਦਲਦਾ ਹੈ, ਤਾਂ ਉਸ ਨੂੰ 10 ਦਿਨਾਂ ਦੇ ਅੰਦਰ ਸਰਕਾਰ ਨੂੰ ਨਵੇਂ ਪਤੇ ਬਾਰੇ ਸੂਚਿਤ ਕਰਨਾ ਪਵੇਗਾ, ਨਹੀਂ ਤਾਂ 5000 ਅਮਰੀਕੀ ਡਾਲਰ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਪ੍ਰਵਾਸੀਆਂ ਦੇ ਬੱਚੇ 14 ਸਾਲ ਦੇ ਹੋ ਰਹੇ ਹਨ, ਉਨ੍ਹਾਂ ਨੂੰ ਸਰਕਾਰ ਕੋਲ ਦੁਬਾਰਾ ਰਜਿਸਟਰ ਕਰਵਾਉਣਾ ਪਵੇਗਾ ਅਤੇ ਆਪਣੇ ਫਿੰਗਰਪ੍ਰਿੰਟ ਵੀ ਜਮ੍ਹਾ ਕਰਵਾਉਣੇ ਪੈਣਗੇ। ਹਾਲਾਂਕਿ, ਜਿਨ੍ਹਾਂ ਕੋਲ ਵੈਧ ਵੀਜ਼ਾ ਹੈ, ਜਿਵੇਂ ਕਿ ਐੱਚ-1ਬੀ ਵਰਕ ਵੀਜ਼ਾ, ਵਿਦਿਆਰਥੀ ਵੀਜ਼ਾ (ਐੱਫ1 ਆਦਿ) ਜਾਂ ਗ੍ਰੀਨ ਕਾਰਡ, ਨੂੰ ਦੁਬਾਰਾ ਫਾਰਮ ਜੀ-325ਆਰ ਭਰਨ ਦੀ ਲੋੜ ਨਹੀਂ ਹੈ। ਅਜਿਹੇ ਲੋਕਾਂ ਨੂੰ ਪਹਿਲਾਂ ਹੀ ਰਜਿਸਟਰਡ ਮੰਨਿਆ ਜਾਂਦਾ ਹੈ, ਇਸ ਲਈ ਉਨ੍ਹਾਂ ਨੂੰ ਰਜਿਸਟ੍ਰੇਸ਼ਨ ਪ੍ਰਕਿਰਿਆ ਤੋਂ ਛੋਟ ਦਿੱਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ ਭਾਰਤੀ ਨਾਗਰਿਕ ਜੋ ਐੱਚ-1ਬੀ ਵੀਜ਼ਾ 'ਤੇ ਅਮਰੀਕਾ ਵਿਚ ਕੰਮ ਕਰ ਰਹੇ ਹਨ ਜਾਂ ਪੜ੍ਹਾਈ ਕਰ ਰਹੇ ਹਨ (ਜਿਨ੍ਹਾਂ ਵਿਚੋਂ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੱਡੀ ਹੈ) ਨੂੰ ਦੁਬਾਰਾ ਰਜਿਸਟਰ ਨਹੀਂ ਕਰਨਾ ਪਵੇਗਾ। ਹਾਲਾਂਕਿ, ਉਨ੍ਹਾਂ ਨੂੰ ਆਪਣੇ ਵੈਧ ਦਸਤਾਵੇਜ਼ (ਜਿਵੇਂ ਕਿ ਵੀਜ਼ਾ, ਪਾਸਪੋਰਟ, ਆਈ-94, ਗ੍ਰੀਨ ਕਾਰਡ ਆਦਿ) ਹਰ ਸਮੇਂ ਆਪਣੇ ਕੋਲ ਰੱਖਣੇ ਚਾਹੀਦੇ ਹਨ ਅਤੇ ਜਦੋਂ ਵੀ ਅਮਰੀਕੀ ਸਰਕਾਰੀ ਅਧਿਕਾਰੀਆਂ ਦੁਆਰਾ ਮੰਗ ਕੀਤੀ ਜਾਵੇ, ਤਾਂ ਇਨ੍ਹਾਂ ਦਸਤਾਵੇਜ਼ਾਂ ਨੂੰ ਪੇਸ਼ ਕਰਨਾ ਚਾਹੀਦਾ ਹੈ।

ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਸੈਕਟਰੀ ਕ੍ਰਿਸਟੀ ਨੋਏਮ ਨੇ ਇੱਕ ਬਿਆਨ ਵਿਚ ਕਿਹਾ ਕਿ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਗੈਰ-ਨਾਗਰਿਕਾਂ ਕੋਲ ਇਹ ਰਜਿਸਟ੍ਰੇਸ਼ਨ ਦਸਤਾਵੇਜ਼ ਹਰ ਸਮੇਂ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਸ਼ਾਸਨ ਨੇ ਡੀ.ਐੱਚ.ਐੱਸ. ਨੂੰ ਇਸ ਨਿਯਮ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਹੁਣ ਤੋਂ ਕਿਸੇ ਨੂੰ ਵੀ ਪਾਲਣਾ ਨਾ ਕਰਨ 'ਤੇ ਸ਼ਰਨ ਨਹੀਂ ਮਿਲੇਗੀ।

2022 ਦੇ ਅੰਕੜਿਆਂ ਅਨੁਸਾਰ, ਇਨ੍ਹਾਂ ਵਿਚੋਂ 2,20,000 ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ, ਜੋ ਕਿ ਅਮਰੀਕਾ ਵਿਚ ਰਹਿ ਰਹੇ ਕੁੱਲ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਸਿਰਫ 2% ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਰਜਿਸਟ੍ਰੇਸ਼ਨ ਸਿਰਫ਼ ਇਹ ਯਕੀਨੀ ਬਣਾਉਂਦੀ ਹੈ ਕਿ ਸਰਕਾਰ ਤੁਹਾਡੀ ਮੌਜੂਦਗੀ ਤੋਂ ਜਾਣੂ ਹੈ।

# ਅਮਰੀਕੀ ਟੈਕਸਾਂ ਕਾਰਨ ਭਾਰਤ ਦੀ ਵਿਕਾਸ ਦਰ ਘਟਣ ਦੀ ਸੰਭਾਵਨਾ

**ਨਵੀਂ ਦਿੱਲੀ, (ਪੰਜਾਬ ਮੇਲ)**- ਅਮਰੀਕੀ ਜਵਾਬੀ ਟੈਕਸ ਲਾਗੂ ਹੋਣ ਨਾਲ ਅਗਲੇ ਦੋ ਸਾਲਾਂ ਅੰਦਰ ਭਾਰਤ, ਚੀਨ ਤੇ ਜਪਾਨ ਜਿਹੇ ਅਹਿਮ ਏਸ਼ੀਆ-ਪ੍ਰਸ਼ਾਂਤ ਮੁਲਕਾਂ ਦੇ ਅਰਥਚਾਰਿਆਂ ਦੀ ਵਿਕਾਸ ਦਰ 'ਚ 0.20 ਤੋਂ 0.40 ਫੀਸਦੀ ਤੱਕ ਦੀ ਗਿਰਾਵਟ ਆ ਸਕਦੀ ਹੈ। ਐੱਸ. ਐਂਡ ਪੀ. ਗਲੋਬਲ ਰੇਟਿੰਗਜ਼ ਨੇ ਕਿਹਾ ਕਿ ਅਮਰੀਕਾ ਦੀ ਜਵਾਬੀ ਟੈਕਸ ਲਾਉਣ ਦੀ ਧਮਕੀ ਨੇ ਆਲਮੀ ਵਪਾਰ ਤੇ ਭਰੋਸੇ ਨੂੰ ਘੱਟ ਕਰ ਦਿੱਤਾ ਹੈ। ਚੀਨ ਤੇ ਅਮਰੀਕਾ ਨਾਲ ਬਰਾਮਦ ਦੇ ਖੇਤਰ ਦੀ ਨਿਰਭਰਤਾ ਦਾ ਨਿਰਮਾਣਕਰਤਾਵਾਂ ਤੇ ਛੋਟੇ ਅਰਥਚਾਰਿਆਂ 'ਤੇ ਬਹੁਤ ਜ਼ਿਆਦਾ ਅਸਰ ਪਵੇਗਾ। ਐੱਸ. ਐਂਡ ਪੀ. ਗਲੋਬਲ ਰੇਟਿੰਗ ਦੇ ਖੋਜ ਮੁਖੀ (ਏਸ਼ੀਆ-ਪ੍ਰਸ਼ਾਂਤ) ਯੂਨਿਸ ਟੈਨ ਨੇ ਕਿਹਾ, 'ਜੇ ਦੋ ਅਪ੍ਰੈਲ, 2025 ਨੂੰ ਐਲਾਨੇ ਟੈਕਸ ਮੁੜ ਲਾਗੂ ਹੋ ਜਾਂਦੇ ਹਨ, ਤਾਂ ਇਸ ਦੇ ਭੂ-ਰਾਜਨੀਤਕ ਤੇ ਆਰਥਿਕ ਨਤੀਜੇ ਗੰਭੀਰ ਹੋਣਗੇ।' ਐੱਸ. ਐਂਡ ਪੀ. ਨੇ ਮਾਰਚ 2025 ਤੇ 2026 ਲਈ ਕ੍ਰਮਵਾਰ 6.5 ਫੀਸਦੀ ਤੇ 6.8 ਫੀਸਦੀ ਦੀ ਵਿਕਾਸ ਦਰ ਦਾ ਅਨੁਮਾਨ ਲਾਇਆ ਸੀ।

# ਟਰੰਪ ਸਰਕਾਰ ਵੱਲੋਂ ਹਾਰਵਰਡ ਯੂਨੀਵਰਸਿਟੀ ਨੂੰ ਮਿਲਣ ਵਾਲੀ 2.3 ਬਿਲੀਅਨ ਡਾਲਰ ਦੀ ਗ੍ਰਾਂਟ ਰੋਕੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀ ਮਸ਼ਹੂਰ ਹਾਰਵਰਡ ਯੂਨੀਵਰਸਿਟੀ ਨੇ ਵ੍ਹਾਈਟ ਹਾਊਸ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਨਾ ਮੰਨਣ ਕਾਰਨ ਵੱਡਾ ਝਟਕਾ ਲੱਗਾ ਹੈ। ਟਰੰਪ ਸਰਕਾਰ ਨੇ ਯੂਨੀਵਰਸਿਟੀ ਨੂੰ ਮਿਲਣ ਵਾਲੀ 2.3 ਬਿਲੀਅਨ ਡਾਲਰ ਦੀ ਗ੍ਰਾਂਟ ਰੋਕ ਦਿੱਤੀ ਹੈ। ਸਰਕਾਰ ਨੇ ਯੂਨੀਵਰਸਿਟੀ ਨੂੰ ਕੈਂਪਸ ਦੇ ਅੰਦਰ ਪ੍ਰਦਰਸ਼ਨਾਂ ਤੇ ਸਮਾਨਤਾ ਤੇ ਸਮਾਵੇਸ਼ ਪ੍ਰੋਗਰਾਮਾਂ ਨੂੰ ਰੋਕਣ ਲਈ ਕਿਹਾ ਸੀ, ਜੋ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।

ਟਰੰਪ ਸਰਕਾਰ ਨੇ ਸ਼ੁੱਕਰਵਾਰ ਨੂੰ ਹਾਰਵਰਡ ਨੂੰ ਇਕ ਪੱਤਰ ਭੇਜਿਆ ਸੀ, ਜਿਸ ਵਿਚ ਪ੍ਰਸ਼ਾਸਨ ਨੇ ਕੁਝ ਸੁਧਾਰਾਂ ਦੀ ਮੰਗ ਕੀਤੀ ਸੀ, ਜਿਸ ਵਿਚ ਇਸ ਦੇ ਸ਼ਾਸਨ, ਭਰਤੀ ਅਭਿਆਸਾਂ ਅਤੇ ਦਾਖਲਾ ਪ੍ਰਕਿਰਿਆਵਾਂ ਵਿਚ ਬਦਲਾਅ ਸ਼ਾਮਲ ਸਨ, ਪਰ ਯੂਨੀਵਰਸਿਟੀ ਨੇ ਆਪਣੀਆਂ ਨੀਤੀਆਂ 'ਚ ਬਦਲਾਅ ਕਰਨ ਦੀਆਂ ਮੰਗਾਂ ਨੂੰ ਰੱਦ ਕਰ ਦਿੱਤਾ ਹੈ। ਵ੍ਹਾਈਟ ਹਾਊਸ ਨੇ ਕਿਹਾ ਸੀ ਕਿ ਨੀਤੀਗਤ ਬਦਲਾਅ ਕੈਂਪਸ ਵਿਚ ਯਹੂਦੀ ਵਿਰੋਧੀ ਭਾਵਨਾ ਦਾ ਮੁਕਾਬਲਾ ਕਰਨ ਲਈ ਤਿਆਰ ਕੀਤੇ ਗਏ ਸਨ, ਪਰ ਹਾਰਵਰਡ ਯੂਨੀਵਰਸਿਟੀ ਦੇ ਪ੍ਰਧਾਨ ਐਲਨ ਗਾਰਬਰ ਨੇ ਸ਼ੁੱਕਰਵਾਰ ਨੂੰ ਹਾਰਵਰਡ ਭਾਈਚਾਰੇ ਨੂੰ ਲਿਖੇ ਇੱਕ ਪੱਤਰ ਵਿਚ ਕਿਹਾ ਸੀ ਕਿ ਵਿਆਪਕ ਮੰਗਾਂ ਯੂਨੀਵਰਸਿਟੀ ਦੇ ਪਹਿਲੇ ਸੋਧ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ ਅਤੇ ਟਾਈਟਲ 6 ਦੇ ਅਧੀਨ ਸਰਕਾਰ ਦੇ ਅਧਿਕਾਰ ਦੀਆਂ ਕਾਨੂੰਨੀ ਸੀਮਾਵਾਂ ਨੂੰ ਪਾਰ ਕਰਦੀਆਂ ਹਨ। ਇਸ ਮਾਮਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਹਾਰਵਰਡ ਯੂਨੀਵਰਸਿਟੀ ਨੇ 'ਐਕਸ' 'ਤੇ ਇਕ ਪੋਸਟ ਸਾਂਝੀ ਕਰ ਕੇ ਕਿਹਾ, "ਯੂਨੀਵਰਸਿਟੀ ਆਪਣੇ ਸੰਵਿਧਾਨਿਕ ਹੱਕਾਂ ਤੇ ਆਜ਼ਾਦੀ ਲਈ ਕਿਸੇ ਕੀਮਤ 'ਤੇ ਵੀ ਨਹੀਂ ਝੁਕੇਗੀ। ਹਾਰਵਰਡ ਜਾਂ ਕੋਈ ਵੀ ਹੋਰ ਪ੍ਰਾਈਵੇਟ ਯੂਨੀਵਰਸਿਟੀ ਆਪਣੇ ਆਪ 'ਤੇ ਸਰਕਾਰਾਂ ਨੂੰ ਹਾਵੀ ਨਹੀਂ ਹੋਣ ਦੇ ਸਕਦੀਆਂ।"

# ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਵਿਦੇਸ਼ੀਆਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਦਾ ਸੱਦਾ

**ਓਟਾਵਾ, (ਪੰਜਾਬ ਮੇਲ)**- ਕੈਨੇਡਾ ਵਿਚ ਸਥਾਈ ਨਿਵਾਸ (ਪੀ.ਆਰ.) ਦੀ ਇੱਛਾ ਰੱਖਣ ਵਾਲੇ ਭਾਰਤੀਆਂ ਲਈ ਖੁਸ਼ਖ਼ਬਰੀ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਨੇ ਵਿਦੇਸ਼ੀਆਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਦਾ ਸੱਦਾ ਦਿੱਤਾ ਹੈ। ਇਹ ਅਰਜ਼ੀਆਂ ਐਕਸਪ੍ਰੈਸ ਐਂਟਰੀ ਸਿਸਟਮ ਦੇ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ ਅਧੀਨ ਸਥਾਈ ਨਿਵਾਸ ਲਈ ਦਿੱਤੀਆਂ ਜਾਣਗੀਆਂ। ਕੈਨੇਡੀਅਨ ਸਰਕਾਰ ਹਰ ਦੋ ਹਫ਼ਤਿਆਂ ਵਿਚ ਐਕਸਪ੍ਰੈਸ ਐਂਟਰੀ ਸਿਸਟਮ ਅਧੀਨ ਬਿਨੈਕਾਰਾਂ ਲਈ ਚੋਣ ਪ੍ਰੋਗਰਾਮ ਆਯੋਜਿਤ ਕਰਦੀ ਹੈ। ਪਰ ਇਸ ਵਾਰ ਐਕਸਪ੍ਰੈਸ ਐਂਟਰੀ ਡਰਾਅ ਦੇ ਨਤੀਜੇ ਬਹੁਤ ਦੇਰੀ ਨਾਲ ਆਏ ਹਨ। ਲਗਭਗ ਇੱਕ ਮਹੀਨੇ ਦੀ ਉਡੀਕ ਤੋਂ ਬਾਅਦ ਆਈ.ਆਰ.ਸੀ.ਸੀ. (ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ) ਨੇ 14 ਅਪ੍ਰੈਲ ਨੂੰ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ ਲਈ ਅਰਜ਼ੀ ਦੇਣ ਲਈ 825 ਸੱਦੇ ਭੇਜੇ। ਆਖਰੀ ਐਕਸਪ੍ਰੈਸ ਐਂਟਰੀ ਡਰਾਅ 21 ਮਾਰਚ, 2025 ਨੂੰ ਫ੍ਰੈਂਚ ਭਾਸ਼ਾ ਦੀ ਮੁਹਾਰਤ ਸ਼੍ਰੇਣੀ ਲਈ ਆਯੋਜਿਤ ਕੀਤਾ ਗਿਆ ਸੀ। ਆਖਰੀ ਪ੍ਰੋਵਿੰਸ਼ੀਅਲ ਨਾਮਜ਼ਦਗੀ ਸਮਾਗਮ 17 ਮਾਰਚ, 2025 ਨੂੰ ਆਯੋਜਿਤ ਕੀਤਾ ਗਿਆ ਸੀ।

ਵਿਦੇਸ਼ੀ ਨਾਗਰਿਕ ਜੋ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿਣਾ ਚਾਹੁੰਦੇ ਹਨ, ਉਹ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (ਪੀ.ਐੱਨ.ਪੀ.) ਰਾਹੀਂ ਕੈਨੇਡਾ ਵਿਚ ਸਥਾਈ ਨਿਵਾਸੀ ਦਰਜੇ ਲਈ ਅਰਜ਼ੀ ਦੇ ਸਕਦੇ ਹਨ। ਇਹ ਪ੍ਰੋਗਰਾਮ ਲੋਕਾਂ ਨੂੰ ਕਿਸੇ ਖਾਸ ਸੂਬੇ ਜਾਂ ਖੇਤਰ ਵਿਚ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੰਦਾ ਹੈ। ਕੈਨੇਡਾ ਵਿਚ ਸੂਬੇ ਅਤੇ ਪ੍ਰਦੇਸ਼ ਸੂਬਾਈ ਨਾਮਜ਼ਦ ਪ੍ਰੋਗਰਾਮ ਤਹਿਤ ਸਥਾਈ ਨਿਵਾਸ ਲਈ ਪ੍ਰਵਾਸੀਆਂ ਦੀ ਚੋਣ ਕਰ ਸਕਦੇ ਹਨ। ਇੱਥੇ ਦੱਸ ਦਈਏ ਕਿ ਕੈਨੇਡਾ ਵਿਚ ਕਈ ਵੱਖ-ਵੱਖ ਪੀ.ਐੱਨ.ਪੀ. ਸਟ੍ਰੀਮਾਂ ਹਨ।

# ਲੁਧਿਆਣਾ ਵੈਸਟ ਜ਼ਿਮਣੀ ਚੋਣ ਲਈ ਕਾਂਗਰਸ ਵੱਲੋਂ ਦੋ ਮੈਂਬਰੀ ਕਮੇਟੀ ਦਾ ਗਠਨ

**ਲੁਧਿਆਣਾ, (ਪੰਜਾਬ ਮੇਲ)**- ਪੰਜਾਬ ਵਿਚ ਲੁਧਿਆਣਾ ਵੈਸਟ ਦੀ ਜ਼ਿਮਣੀ ਚੋਣ ਦੀਆਂ ਤਿਆਰੀਆਂ ਜ਼ੋਰਾਂ ਉੱਤੇ ਹਨ। ਇਸ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਇੰਚਾਰਜ ਜਨਰਲ ਸਕੱਤਰ ਭੁਪੇਸ਼ ਬਘੇਲ ਨੇ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਦੌਰਾਨ ਜਾਰੀ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਪੰਜਾਬ ਕਾਂਗਰਸ ਦੇ ਇੰਚਾਰਜ ਜਨਰਲ ਸਕੱਤਰ ਭੁਪੇਸ਼ ਬਘੇਲ ਨੇ ਪੀ.ਪੀ.ਸੀ.ਸੀ. ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸਲਾਹ ਨਾਲ ਲੁਧਿਆਣਾ ਪੱਛਮੀ ਉਪ ਚੋਣ ਲਈ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਲਈ ਰਾਣਾ ਗੁਰਜੀਤ ਸਿੰਘ ਤੇ ਸ਼ਾਮ ਸੁੰਦਰ ਅਰੋੜਾ ਦਾ ਨਾਂ ਦਿੱਤਾ ਗਿਆ ਹੈ।

# ਅਮਰੀਕਾ 'ਚ ਵਾਪਰੇ ਜਹਾਜ਼ ਹਾਦਸੇ 'ਚ ਪੰਜਾਬੀ ਮੂਲ ਦੀ ਸਰਜਨ ਦੀ ਮੌਤ

**ਨਿਊਯਾਰਕ, (ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ਵਿਚ ਜਹਾਜ਼ ਹਾਦਸਾ ਵਾਪਰਿਆ ਸੀ। ਇਸ ਜਹਾਜ਼ ਹਾਦਸੇ ਵਿਚ ਪੰਜਾਬ ਵਿਚ ਜਨਮੀ ਇੱਕ ਸਰਜਨ, ਉਸਦੇ ਦੋ ਬੱਚੇ ਅਤੇ ਉਨ੍ਹਾਂ ਦੇ ਸਾਥੀ ਉਸਦੇ ਪਤੀ ਸਮੇਤ ਮਾਰੇ ਗਏ, ਜੋ ਨਿਊਯਾਰਕ ਰਾਜ ਵਿਚ ਇੱਕ ਛੋਟੇ ਜਹਾਜ਼ ਨੂੰ ਚਲਾ ਰਿਹਾ ਸੀ। ਇਹ ਤਿੰਨ ਦਿਨਾਂ ਵਿਚ ਅਮਰੀਕਾ ਵਿਚ ਦੂਜਾ ਹਾਦਸਾ ਸੀ।

ਜੋਏ ਸੈਣੀ ਦੇ ਪਰਿਵਾਰ ਨੇ ਐਤਵਾਰ ਨੂੰ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿਚ ਉਨ੍ਹਾਂ ਦੀਆਂ ਮੌਤਾਂ ਦੀ ਪੁਸ਼ਟੀ ਕੀਤੀ। ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਜਾਂਚਕਰਤਾ ਅਲਬਰਟ ਨਿਕਸਨ ਨੇ ਐਤਵਾਰ ਨੂੰ ਕਿਹਾ ਕਿ ਇਹ ਹਾਦਸਾ ਸ਼ਨੀਵਾਰ ਨੂੰ ਉਦੋਂ ਵਾਪਰਿਆ, ਜਦੋਂ ਉਨ੍ਹਾਂ ਦਾ ਮਿਤਸੁਬੀਸ਼ੀ ਐੱਮ.ਯੂ.2ਬੀ ਜਹਾਜ਼ ਨਿਊਯਾਰਕ ਸ਼ਹਿਰ ਤੋਂ ਲਗਭਗ 200 ਕਿਲੋਮੀਟਰ ਦੂਰ ਕੋਲੰਬੀਆ ਕਾਉਂਟੀ ਹਵਾਈ ਅੱਡੇ 'ਤੇ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਲਬਾਨੀ ਵਿਚ ਇੱਕ ਨਿਊਜ਼ ਕਾਨਫਰੰਸ ਵਿਚ ਬੋਲਦੇ ਹੋਏ ਉਨ੍ਹਾਂ ਦੱਸਿਆ ਕਿ ਪਾਇਲਟ ਲੈਂਡਿੰਗ ਸਮੇਂ ਖੁੰਝ ਗਿਆ ਸੀ। ਨਿਊਯਾਰਕ ਸ਼ਹਿਰ ਦੇ ਇੱਕ ਉਪਨਗਰ ਵਿਚ ਵੈਸਟਚੇਸਟਰ ਹਵਾਈ ਅੱਡੇ ਤੋਂ ਉਡਾਣ ਭਰਿਆ ਜਹਾਜ਼, ਮੈਸੇਚਿਉਸੇਟਸ ਰਾਜ ਦੀ ਸਰਹੱਦ ਨੇੜੇ ਹਵਾਈ ਅੱਡੇ ਤੋਂ ਲਗਭਗ ਦਸ ਮੀਲ ਹੇਠਾਂ ਡਿੱਗ ਗਿਆ।

ਇੱਥੇ ਦੱਸ ਦਈਏ ਕਿ ਸੈਣੀ ਆਪਣੇ ਮਾਪਿਆਂ ਨਾਲ ਅਮਰੀਕਾ ਆ ਗਈ ਸੀ ਅਤੇ ਉਸ ਨੇ ਪਿਟਸਬਰਗ ਯੂਨੀਵਰਸਿਟੀ ਤੋਂ ਆਪਣੀ ਮੈਡੀਕਲ ਡਿਗਰੀ ਪ੍ਰਾਪਤ ਕੀਤੀ, ਜਿੱਥੇ ਉਹ ਆਪਣੇ ਪਤੀ, ਮਾਈਕਲ ਗ੍ਰੌਫ ਨੂੰ ਮਿਲੀ, ਜੋ ਕਿ ਇੱਕ ਨਿਊਰੋਸਰਜਨ ਸੀ। ਬੋਸਟਨ ਵਿਚ ਉਸਦੀ ਮੈਡੀਕਲ ਪ੍ਰੈਕਟਿਸ ਦੀ ਵੈੱਬਸਾਈਟ ਦੇ ਅਨੁਸਾਰ ਸੈਣੀ ਇੱਕ ਯੂਰੋਗਾਇਨੀਕੋਲੋਜਿਸਟ ਅਤੇ ਮਹਿਲਾ ਪੇਡੂ ਪੁਨਰ ਨਿਰਮਾਣ ਸਰਜਨ ਸੀ। ਪਰਿਵਾਰਕ ਬਿਆਨ ਵਿਚ ਕਿਹਾ ਗਿਆ ਕਿ ਗ੍ਰੌਫ "ਇੱਕ ਤਜਰਬੇਕਾਰ ਪਾਇਲਟ ਸੀ।"

**■ ਪੰਜਾਬੀ ਸਰਜਨ ਦੇ 3 ਪਰਿਵਾਰਕ ਮੈਂਬਰ ਵੀ ਹਾਦਸੇ 'ਚ ਹਲਾਕ**



ਉਨ੍ਹਾਂ ਦੀ ਧੀ ਕਰੇਨਾ ਗ੍ਰੌਫ ਇੱਕ ਮੈਡੀਕਲ ਵਿਦਿਆਰਥਣ ਸੀ ਅਤੇ ਉਸ ਦਾ ਸਾਥੀ ਜੇਮਜ਼ ਸੈਂਟੋਰੋ ਇੱਕ ਨਿਵੇਸ਼ ਬੈਂਕਰ, ਜਿਸਨੇ ਜਲਦੀ ਹੀ ਵਿਆਹ ਦਾ ਪ੍ਰਸਤਾਵ ਰੱਖਣ ਦੀ ਯੋਜਨਾ ਬਣਾਈ ਸੀ, ਦੀ ਹਾਦਸੇ ਵਿਚ ਮੌਤ ਹੋ ਗਈ। ਉਨ੍ਹਾਂ ਦਾ ਪੁੱਤਰ ਜੈਰੇਡ ਗ੍ਰੌਫ ਅਤੇ ਉਸਦੀ ਸਾਥੀ ਅਲੈਕਸੀਆ ਕੌਯੂਟਾਸ ਡੁਆਰਟੇ, ਜੋ ਕਿ ਇੱਕ ਕਾਨੂੰਨ ਦੀ ਵਿਦਿਆਰਥਣ ਸੀ, ਦੀ ਵੀ ਮੌਤ ਹੋ ਗਈ।

ਪਰਿਵਾਰ ਅਨੁਸਾਰ ਸੈਣੀ ਅਤੇ ਗ੍ਰੌਫ ਦੇ ਪਿੱਛੇ ਜੋੜੇ ਦੀ ਇੱਕ ਹੋਰ ਧੀ ਅਨਿਕਾ ਅਤੇ ਸੈਣੀ ਦੀ ਮਾਂ ਕੁਲਜੀਤ ਸਿੰਘ ਹੈ। ਇਹ ਘਟਨਾ ਸ਼ੁੱਕਰਵਾਰ ਨੂੰ ਦੱਖਣੀ ਫਲੋਰੀਡਾ ਵਿਚ ਹੋਏ ਹਾਦਸੇ ਤੋਂ ਬਾਅਦ ਵਾਪਰੀ, ਜਿੱਥੇ ਇੱਕ ਸੇਸਨਾ 310 ਜਹਾਜ਼ ਬੋਕਾ ਰੈਟਨ ਨੇੜੇ ਡਿੱਗ ਗਿਆ ਸੀ, ਜਿਸ ਵਿਚ ਸਵਾਰ ਤਿੰਨੋਂ ਲੋਕਾਂ ਦੀ ਮੌਤ ਹੋ ਗਈ ਸੀ।

# ਚੀਨ ਵੱਲੋਂ ਇਸ ਸਾਲ ਹੁਣ ਤੱਕ 85 ਹਜ਼ਾਰ ਭਾਰਤੀਆਂ ਨੂੰ ਵੀਜ਼ੇ ਜਾਰੀ

ਬੀਜਿੰਗ, (ਪੰਜਾਬ ਮੇਲ)- ਗੁਆਂਢੀ ਦੇਸ਼ ਚੀਨ ਨੇ ਭਾਰਤ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਮੱਦੇਨਜ਼ਰ ਚੀਨ ਆਪਣੇ ਦੇਸ਼ ਵਿਚ ਆਉਣ ਵਾਲੇ ਭਾਰਤੀ ਨਾਗਰਿਕਾਂ ਦਾ ਬਹੁਤ ਗਰਮਜੋਸ਼ੀ ਨਾਲ ਸਵਾਗਤ ਕਰ ਰਿਹਾ ਹੈ। ਭਾਰਤ ਵਿਚ ਚੀਨੀ ਦੂਤਘਰ ਅਨੁਸਾਰ ਚੀਨ ਨੇ ਇਸ ਸਾਲ 1 ਜਨਵਰੀ ਤੋਂ 9 ਅਪ੍ਰੈਲ ਦੇ ਵਿਚਕਾਰ ਭਾਰਤੀ ਨਾਗਰਿਕਾਂ ਨੂੰ 85,000 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ, ਜਿਸ ਨੂੰ ਸਬੰਧਾਂ ਵਿਚ ਸੁਧਾਰ ਦੇ ਇੱਕ ਮਹੱਤਵਪੂਰਨ ਸੰਕੇਤ ਵਜੋਂ ਦੇਖਿਆ ਜਾ ਸਕਦਾ ਹੈ। ਇਸ ਨੂੰ ਆਪਸੀ ਸਬੰਧਾਂ ਵਿਚ ਨਰਮੀ ਦੇ ਸੰਕੇਤ ਵਜੋਂ ਵੀ ਦੇਖਿਆ ਜਾ ਰਿਹਾ ਹੈ। ਇਹ ਕਦਮ ਚੀਨ ਦੇ ਉਨ੍ਹਾਂ ਭਾਰਤੀਆਂ ਲਈ ਯਾਤਰਾ ਪ੍ਰਕਿਰਿਆ ਨੂੰ ਸਰਲ ਬਣਾਉਣ ਦੇ ਯਤਨਾਂ ਦੇ ਹਿੱਸੇ ਵਜੋਂ ਵੀ ਆਇਆ ਹੈ, ਜੋ ਦੇਸ਼ ਦਾ ਦੌਰਾ ਕਰਨਾ ਚਾਹੁੰਦੇ ਹਨ।




ਇਹ ਪਹਿਲ ਦੋਵਾਂ ਦੇਸ਼ਾਂ ਵਿਚਕਾਰ ਸੱਭਿਆਚਾਰਕ, ਵਿਦਿਅਕ, ਵਪਾਰਕ ਅਤੇ ਸੈਰ-ਸਪਾਟਾ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਇੱਕ ਨਵੀਂ ਵਚਨਬੱਧਤਾ ਨੂੰ ਦਰਸਾਉਂਦੀ ਹੈ। ਜ਼ਿਕਰਯੋਗ ਹੈ ਕਿ ਭਾਰਤ ਅਤੇ ਚੀਨ ਵਿਚਕਾਰ ਕੂਟਨੀਤਕ ਸਬੰਧ ਗੁੰਝਲਦਾਰ ਹਨ। ਚੀਨੀ ਦੂਤਘਰ ਨੇ ਕਿਹਾ ਕਿ ਵੀਜ਼ੇ ਕਈ ਤਰ੍ਹਾਂ ਦੇ ਉਦੇਸ਼ਾਂ ਲਈ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿਚ ਕਾਰੋਬਾਰ, ਸੈਰ-ਸਪਾਟਾ, ਸਿੱਖਿਆ, ਕੰਮ ਅਤੇ ਪਰਿਵਾਰਕ ਪੁਨਰ-ਮਿਲਨ ਸ਼ਾਮਲ ਹਨ। ਭਾਰਤ ਵਿਚ ਚੀਨੀ ਰਾਜਦੂਤ ਜ਼ੂ ਫੇਈਹੋਂਗ ਨੇ ਹੋਰ ਭਾਰਤੀਆਂ ਨੂੰ ਚੀਨ ਦਾ ਦੌਰਾ ਕਰਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ 'ਦੋਸਤ' ਕਿਹਾ। ਉਸਨੇ ਐਤਵਾਰ ਨੂੰ ਐਕਸ 'ਤੇ ਇੱਕ ਪੋਸਟ ਵਿਚ ਲਿਖਿਆ, "9 ਅਪ੍ਰੈਲ, 2025 ਤੱਕ ਭਾਰਤ ਵਿਚ ਚੀਨੀ ਦੂਤਘਰ ਅਤੇ ਕੌਂਸਲੇਟਾਂ ਨੇ ਇਸ ਸਾਲ ਚੀਨ ਦੀ ਯਾਤਰਾ ਕਰਨ ਵਾਲੇ ਭਾਰਤੀ ਨਾਗਰਿਕਾਂ ਨੂੰ 85,000 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਚੀਨ ਆਉਣ ਲਈ ਹੋਰ ਭਾਰਤੀ ਦੋਸਤਾਂ ਦਾ ਸਵਾਗਤ ਹੈ, ਇੱਕ ਖੁੱਲ੍ਹੇ, ਸੁਰੱਖਿਅਤ, ਜੀਵੰਤ, ਸੁਹਿਰਦ ਅਤੇ ਦੋਸਤਾਨਾ ਚੀਨ ਦਾ ਅਨੁਭਵ ਕਰੋ।'

ਮਾਰਚ ਦੇ ਸ਼ੁਰੂ ਵਿਚ ਚੀਨੀ ਰਾਜਦੂਤ ਨੇ ਐਲਾਨ ਕੀਤਾ ਸੀ ਕਿ ਦੇਸ਼ ਨੇ ਭਾਰਤੀਆਂ ਨੂੰ 50,000 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਵੀਜ਼ਾ ਜਾਰੀ ਕਰਨ ਵਿਚ ਇਹ ਵਾਧਾ ਭਾਰਤ ਅਤੇ ਚੀਨ ਵਿਚਕਾਰ ਦੁਵੱਲੀ ਆਵਾਜਾਈ ਦੇ ਸਥਿਰ ਪੁਨਰ ਸੁਰਜੀਤੀ ਦਾ ਸੰਕੇਤ ਵੀ ਦਿੰਦਾ ਹੈ। ਇਹ ਤਣਾਅ ਦੇ ਬਾਵਜੂਦ ਨਾਗਰਿਕ ਅਤੇ ਪੇਸ਼ੇਵਰ ਸ਼ਮੂਲੀਅਤ ਲਈ ਇੱਕ ਸੁਧਰ ਰਹੇ ਵਾਤਾਵਰਣ ਵੱਲ ਵੀ ਇਸ਼ਾਰਾ ਕਰਦਾ ਹੈ। ਸੋਸ਼ਲ ਮੀਡੀਆ 'ਤੇ ਜਾਰੀ ਇੱਕ ਬਿਆਨ ਵਿਚ ਚੀਨੀ ਦੂਤਘਰ ਨੇ ਕਿਹਾ, '2024 ਦੀ ਸ਼ੁਰੂਆਤ ਤੋਂ ਭਾਰਤ ਵਿਚ ਚੀਨੀ ਦੂਤਘਰ ਅਤੇ ਕੌਂਸਲੇਟ ਜਨਰਲ ਨੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਆਦਾਨ-ਪ੍ਰਦਾਨ ਨੂੰ ਸਰਗਰਮੀ ਨਾਲ ਸੁਵਿਧਾਜਨਕ ਬਣਾਇਆ ਹੈ।'

# ਬਾਜਵਾ ਖਿਲਾਫ਼ ਦਰਜ ਕੇਸ ਨੇ ਪਾਟੋਧਾੜ ਹੋਈ ਪੰਜਾਬ ਕਾਂਗਰਸ ਵਿਚ ਨਵੀਂ ਰੂਹ ਫੂਕੀ

**■ ਹਾਈ ਕਮਾਨ ਦੇ ਦਬਕੇ ਨੇ ਕਾਂਗਰਸੀ ਆਗੂ ਚੁੱਪ ਕਰਾਏ; ਧਰਨੇ ਦੌਰਾਨ ਇੱਕੋ ਮੰਚ 'ਤੇ ਨਜ਼ਰ ਆਏ ਆਗੂ**



ਮੁਹਾਲੀ ਧਰਨੇ ਤੋਂ ਪਹਿਲਾਂ ਚੰਡੀਗੜ੍ਹ ਦੇ ਕਾਂਗਰਸ ਭਵਨ ਵਿੱਚ ਇਕੱਠੇ ਹੁੰਦੇ ਹੋਏ ਕਾਂਗਰਸ ਆਗੂ।

**ਚੰਡੀਗੜ੍ਹ, (ਪੰਜਾਬ ਮੇਲ)-** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਖ਼ਿਲਾਫ਼ ਦਰਜ ਪੁਲਿਸ ਕੇਸ ਨੇ ਪਾਟੋਧਾੜ ਹੋਈ ਪੰਜਾਬ ਕਾਂਗਰਸ 'ਚ ਰੂਹ ਫੂਕਣ ਦਾ ਮੌਕਾ ਦੇ ਦਿੱਤਾ ਹੈ। ਇੱਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਨੇ ਵੀ ਬਾਜਵਾ ਖ਼ਿਲਾਫ਼ ਦਰਜ ਕੇਸ ਦੇ ਮਾਮਲੇ 'ਚ ਹਾਅ ਦਾ ਨਾਅਰਾ ਮਾਰਿਆ ਹੈ। ਬੰਬਾਂ ਵਾਲੇ ਬਿਆਨ ਨੂੰ ਲੈ ਕੇ ਬਾਜਵਾ ਖ਼ਿਲਾਫ਼ ਦਰਜ ਕੇਸ ਦੇ ਕਾਨੂੰਨੀ ਨਤੀਜੇ ਕੁੱਝ ਵੀ ਨਿਕਲਣ ਪਰ ਪੰਜਾਬ ਕਾਂਗਰਸ ਦੇ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਇਸ ਕੇਸ ਨੇ ਸਿਆਸੀ ਜੱਫੀ ਪਵਾ ਦਿੱਤੀ ਹੈ। ਤਿੰਨ ਵਰ੍ਹਿਆਂ ਮਗਰੋਂ ਸ਼ਾਇਦ ਇਹ ਪਹਿਲਾ ਜਨਤਕ ਮੌਕਾ ਹੋਵੇਗਾ ਕਿ ਕਾਂਗਰਸੀ ਆਗੂ ਇੱਕ ਸਟੇਜ 'ਤੇ ਪਹਿਲੀ ਕਤਾਰ 'ਚ ਬੈਠੇ ਹਨ।

ਕਾਂਗਰਸ ਹਾਈਕਮਾਨ ਨੇ ਵੀ ਬਾਜਵਾ ਦੇ ਮਾਮਲੇ 'ਚ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਇਕਜੁੱਟ ਰਹਿਣ ਦਾ ਦਬਕਾ ਮਾਰਿਆ ਹੈ। ਦੋ ਦਿਨ ਪਹਿਲਾਂ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਨੇ ਆਗੂਆਂ ਨੂੰ ਇੱਕ-ਦੂਸਰੇ ਖ਼ਿਲਾਫ਼ ਕੋਈ ਵੀ ਬਿਆਨਬਾਜ਼ੀ ਨਾ ਕਰਨ ਦੀ ਨਸੀਹਤ ਦਿੱਤੀ ਸੀ। ਬਾਜਵਾ ਦੇ ਮਾਮਲੇ 'ਚ ਕਿਸੇ ਨੇਤਾ ਨੇ ਹਾਲੇ ਤੱਕ ਸਿਆਸੀ ਨਜ਼ਰੀਏ ਤੋਂ ਟੇਢੀ ਗੱਲ ਨਹੀਂ ਕੀਤੀ। ਜਦੋਂ ਮੁਹਾਲੀ ਥਾਣੇ ਅੱਗੇ ਕਾਂਗਰਸ ਨੇ ਧਰਨਾ ਮਾਰਿਆ, ਤਾਂ ਸਾਰੇ ਆਗੂ ਇੱਕੋ ਮੰਚ 'ਤੇ ਨਜ਼ਰ ਆਏ। ਇਕੱਲੇ ਭਾਰਤ ਭੂਸ਼ਨ ਆਸ਼ੂ ਇਸ ਮੌਕੇ ਹਾਜ਼ਰ ਨਹੀਂ ਸਨ।

ਸਾਬਕਾ ਮੁੱਖ ਮੰਤਰੀ ਤੇ ਸੰਸਦ ਮੈਂਬਰ ਚਰਨਜੀਤ ਚੰਨੀ ਅਕਸਰ ਘੱਟ ਨਜ਼ਰ ਆਉਂਦੇ ਹਨ ਪਰ ਉਹ ਵੀ ਸਟੇਜ 'ਤੇ ਮੌਜੂਦ ਸਨ। ਹਾਲਾਂਕਿ ਕਾਂਗਰਸ ਨੇ ਕੁੱਝ ਦਿਨ ਪਹਿਲਾਂ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਨੋਟਿਸ ਦਿੱਤਾ ਸੀ ਪਰ ਉਹ ਵੀ ਇਸ ਮੌਕੇ ਹਾਜ਼ਰ ਸਨ। ਪਹਿਲੀ ਕਤਾਰ ਦੇ ਨੇਤਾਵਾਂ 'ਚੋਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੰਤਰੀ ਪਰਗਟ ਸਿੰਘ, ਵਿਧਾਇਕ ਰਾਣਾ ਗੁਰਜੀਤ ਸਿੰਘ, ਬ੍ਰਹਮ ਮਹਿੰਦਰਾ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਆਦਿ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਹੋਏ।

ਸੂਤਰ ਦੱਸਦੇ ਹਨ ਕਿ ਦੋ ਦਿਨਾਂ ਤੋਂ ਕਾਂਗਰਸੀ ਆਗੂ ਰਾਹੁਲ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਇੰਚਾਰਜ ਭੂਪੇਸ਼ ਬਘੇਲ ਪੰਜਾਬ ਕਾਂਗਰਸ ਦੇ ਆਗੂਆਂ ਨਾਲ ਰਾਬਤੇ ਵਿਚ ਹਨ। ਮੁਹਾਲੀ ਜਾਣ ਤੋਂ ਪਹਿਲਾਂ ਕਾਂਗਰਸੀ ਆਗੂਆਂ ਨੇ ਇੱਥੇ ਕਾਂਗਰਸ ਭਵਨ 'ਚ ਮੀਟਿੰਗ ਕੀਤੀ ਅਤੇ ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਆਪਣੀ ਕਹੀ ਗੱਲ 'ਤੇ ਸਟੈਂਡ ਦੁਹਰਾਇਆ।

ਰਾਜਾ ਵੜਿੰਗ ਨੇ ਪੁਲਿਸ ਅਫ਼ਸਰਾਂ ਨੂੰ ਕਿਹਾ ਕਿ ਉਹ 'ਆਪ' ਦੇ ਸਿਆਸੀ ਦਬਾਅ ਅੱਗੇ ਨਾ ਝੁਕਣ ਅਤੇ ਕਾਂਗਰਸ ਹਰ ਉਸ ਅਧਿਕਾਰੀ ਨੂੰ ਨਹੀਂ ਭੁੱਲੇਗੀ, ਜਿਸ ਵੱਲੋਂ ਕਾਂਗਰਸੀ ਆਗੂਆਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੰਜੀਦਗੀ ਦਿਖਾਉਣੀ ਚਾਹੀਦੀ ਸੀ। ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਨੂੰ ਘੇਰਦਿਆਂ ਪੁੱਛਿਆ ਕਿ ਉਨ੍ਹਾਂ ਨੇ ਖ਼ਾਲਿਸਤਾਨ ਪੱਖੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਦੇ 2017 ਅਤੇ 2022 ਵਿਚ 'ਆਪ' ਮੁਹਿੰਮ ਨੂੰ ਵਿੱਤੀ ਸਹਾਇਤਾ ਦੇਣ ਦੇ ਖ਼ੁਲਾਸੇ ਦੀ ਹੁਣ ਤੱਕ ਕੋਈ ਜਾਂਚ ਕਿਉਂ ਨਹੀਂ ਕੀਤੀ।

# ਅਮਰੀਕਾ ਵੱਲੋਂ ਯੂਕਰੇਨ ਅਤੇ ਰੂਸ ਵਿਚਕਾਰ ਚੱਲ ਰਹੇ ਟਕਰਾਅ ਦੇ ਸੰਭਾਵੀ ਹੱਲ ਦਾ ਪ੍ਰਸਤਾਵ

**■ ਯੂਕਰੇਨ ਨੂੰ ਦੋ ਹਿੱਸਿਆਂ 'ਚ ਵੰਡਣ ਦੀ ਤਿਆਰੀ!**

**ਮਾਸਕੋ, (ਪੰਜਾਬ ਮੇਲ)-** ਅਮਰੀਕਾ ਵੱਲੋਂ ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਯੁੱਧ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਲ ਹੀ ਵਿਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਸ਼ੇਸ਼ ਦੂਤ ਨਾਲ ਮੁਲਾਕਾਤ ਕਰਕੇ ਯੂਕਰੇਨ ਸੰਘਰਸ਼ 'ਤੇ ਚਰਚਾ ਕੀਤੀ। ਯੂਕਰੇਨ ਲਈ ਅਮਰੀਕਾ ਦੇ ਵਿਸ਼ੇਸ਼ ਦੂਤ ਜਨਰਲ ਕੀਥ ਕੈਲੋਗ ਨੇ ਯੂਕਰੇਨ ਅਤੇ ਰੂਸ ਵਿਚਕਾਰ ਚੱਲ ਰਹੇ ਟਕਰਾਅ ਦੇ ਸੰਭਾਵੀ ਹੱਲ ਦਾ ਪ੍ਰਸਤਾਵ ਰੱਖਿਆ ਹੈ। ਟਰੰਪ ਦੇ ਰਾਜਦੂਤ ਨੇ ਸੁਝਾਅ ਦਿੱਤਾ ਹੈ ਕਿ ਸ਼ਾਂਤੀ ਯੋਜਨਾ ਦੇ ਹਿੱਸੇ ਵਜੋਂ ਯੂਕਰੇਨ ਨੂੰ "ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਰਲਿਨ ਵਾਂਗ" ਕੰਟਰੋਲ ਜ਼ੋਨਾਂ ਵਿਚ ਵੰਡਿਆ ਜਾ ਸਕਦਾ ਹੈ। ਦੂਤ ਨੇ ਯੂਕਰੇਨ ਦੇ ਕੁਝ ਅਹਿਮ ਇਲਾਕੇ ਰੂਸ ਨੂੰ ਦੇਣ ਦੀ ਵਕਾਲਤ ਕੀਤੀ ਹੈ। ਉਸ ਨੇ ਰੂਸ ਨੂੰ ਚਾਰ ਯੂਕਰੇਨੀ ਇਲਾਕੇ ਦੇਣ ਦਾ ਪ੍ਰਸਤਾਵ ਦਿੱਤਾ ਹੈ।

ਜਨਰਲ ਕੀਥ ਕੈਲੋਗ ਨੇ ਪ੍ਰਸਤਾਵ ਦਿੱਤਾ ਕਿ ਬ੍ਰਿਟੇਨ ਅਤੇ ਫਰਾਂਸ ਪੱਛਮੀ ਯੂਕਰੇਨ ਵਿਚ ਜ਼ੋਨਾਂ ਨੂੰ ਕੰਟਰੋਲ ਕਰਨ ਵਿਚ ਅਗਵਾਈ ਕਰ ਸਕਦੇ ਹਨ, ਜੋ ਰੂਸੀ ਹਮਲੇ ਨੂੰ ਰੋਕਣ ਲਈ ਇੱਕ "ਉਤਪ੍ਰੇਰਕ" ਵਜੋਂ ਕੰਮ ਕਰ ਸਕਦੇ ਹਨ। ਇਸਦਾ ਮਤਲਬ ਇਹ ਹੋਵੇਗਾ ਕਿ ਯੂਕਰੇਨ ਦੀ ਪੂਰਬੀ ਜ਼ਮੀਨ ਦਾ 20 ਪ੍ਰਤੀਸ਼ਤ, ਜਿਸ 'ਤੇ ਰੂਸ ਪਹਿਲਾਂ ਹੀ ਕਬਜ਼ਾ ਕਰ ਚੁੱਕਾ ਹੈ, ਪੁਤਿਨ ਦੇ ਨਿਯੰਤਰਣ ਵਿਚ ਰਹੇਗਾ। ਦੋਵਾਂ ਪਾਸਿਆਂ ਵਿਚਕਾਰ ਯੂਕਰੇਨੀ ਫੌਜਾਂ ਹੋਣਗੀਆਂ, ਜੋ ਲਗਭਗ 18 ਮੀਲ-ਚੌੜੇ ਡੀਮਿਲੀਟਰਾਈਜ਼ਡ ਜ਼ੋਨ (ਡੀ.ਐੱਮ.ਜ਼ੈਡ) ਦੇ ਪਿੱਛੇ ਕੰਮ ਕਰਨਗੀਆਂ।

80 ਸਾਲਾ ਕੈਲੋਗ ਨੇ ਕਿਹਾ ਕਿ ਡਨੀਪਰ ਦੇ ਪੱਛਮ ਵਿਚ ਇੱਕ ਐਂਗਲੋ-ਫਰਾਂਸੀਸੀ ਅਗਵਾਈ ਵਾਲੀ ਫੋਰਸ ਵਲਾਦੀਮੀਰ ਪੁਤਿਨ ਦੇ ਸ਼ਾਸਨ ਲਈ "ਬਿਲਕੁਲ ਵੀ ਰੁਕਾਵਟ ਨਹੀਂ ਹੋਵੇਗੀ"। ਉਨ੍ਹਾਂ ਕਿਹਾ ਕਿ ਯੂਕਰੇਨ ਇੰਨਾ ਵੱਡਾ ਹੈ ਕਿ ਜੰਗਬੰਦੀ ਲਾਗੂ ਕਰਨ ਲਈ ਲੋੜੀਂਦੀਆਂ ਬਹੁਤ ਸਾਰੀਆਂ ਫੌਜਾਂ ਨੂੰ ਸਮਾ ਸਕਦਾ ਹੈ। ਕੈਲੋਗ ਨੇ ਆਪਣੇ ਵਿਚਾਰ ਦੀ ਵਿਆਖਿਆ ਕੀਤੀ, "ਤੁਸੀਂ ਇਸਨੂੰ ਲਗਭਗ ਉਸੇ ਤਰ੍ਹਾਂ ਬਣਾ ਸਕਦੇ ਹੋ, ਜਿਵੇਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਰਲਿਨ ਨਾਲ ਹੋਇਆ ਸੀ, ਜਦੋਂ ਤੁਹਾਡੇ ਕੋਲ ਇੱਕ ਰੂਸੀ ਸੈਕਟਰ, ਇੱਕ ਫਰਾਂਸੀਸੀ ਸੈਕਟਰ ਅਤੇ ਇੱਕ ਬ੍ਰਿਟਿਸ਼ ਸੈਕਟਰ, ਇੱਕ ਅਮਰੀਕੀ ਸੈਕਟਰ ਸੀ।

ਉਸਨੇ ਕਿਹਾ ਕਿ ਯੂ.ਕੇ.-ਫਰਾਂਸੀਸੀ ਫੌਜਾਂ "ਡਨੀਪ੍ਰੋ ਨਦੀ ਦੇ ਪੱਛਮ ਵਿਚ ਹੋਣਗੀਆਂ, ਜੋ ਕਿ ਇੱਕ ਵੱਡੀ ਰੁਕਾਵਟ ਹੈ।" ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅਮਰੀਕਾ ਇਨ੍ਹਾਂ ਖੇਤਰਾਂ ਵਿਚ ਜ਼ਮੀਨੀ ਤੌਰ 'ਤੇ ਕੋਈ ਫੌਜ ਤਾਇਨਾਤ ਨਹੀਂ ਕਰੇਗਾ। ਉਸਨੇ ਇਹ ਵੀ ਕਿਹਾ ਕਿ 18-ਮੀਲ ਚੌੜਾ ਗੈਰ-ਮਿਲਟਰੀ ਜ਼ੋਨ, ਜੋ ਕਿ ਮੌਜੂਦਾ ਸਰਹੱਦੀ ਰੇਖਾਵਾਂ ਦੇ ਨਾਲ ਲਾਗੂ ਕੀਤਾ ਜਾਵੇਗਾ, ਦੀ ਨਿਗਰਾਨੀ "ਬਹੁਤ ਆਸਾਨੀ ਨਾਲ" ਕੀਤੀ ਜਾ ਸਕਦੀ ਹੈ। ਪਿਛਲੇ ਮਹੀਨੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ, ਜੋ ਕਿ ਪੁਤਿਨ ਦੇ ਵਿਸ਼ਵਾਸਪਾਤਰ ਹਨ, ਨੇ ਜ਼ੋਰ ਦੇ ਕੇ ਕਿਹਾ ਕਿ ਕ੍ਰੇਮਲਿਨ ਕਿਸੇ ਵੀ ਹਾਲਾਤ ਵਿਚ ਕਿਸੇ ਵੀ ਨਾਟੋ ਦੇਸ਼ ਤੋਂ ਸ਼ਾਂਤੀ ਸੈਨਾਵਾਂ ਨੂੰ ਸਵੀਕਾਰ ਨਹੀਂ ਕਰੇਗਾ।

ਇਸ ਪ੍ਰਸਤਾਵ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਯੂਕਰੇਨ ਵਿਚ ਸ਼ਾਂਤੀ ਯਕੀਨੀ ਬਣਾਉਣ ਦੇ ਦ੍ਰਿਸ਼ਟੀਕੋਣ ਨਾਲ ਜੋੜਿਆ ਗਿਆ ਮੰਨਿਆ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਇਹ ਮੰਨਿਆ ਜਾ ਰਿਹਾ ਹੈ ਕਿ ਜੰਗਬੰਦੀ ਹੋਣ ਤੋਂ ਬਾਅਦ ਡਨੀਪ੍ਰੋ ਨਦੀ ਇੱਕ ਹੱਦਬੰਦੀ ਰੇਖਾ ਬਣ ਸਕਦੀ ਹੈ। ਕੈਲੋਗ ਨੇ ਇਹ ਸੁਝਾਅ ਨਹੀਂ ਦਿੱਤਾ ਕਿ ਪੱਛਮੀ ਫੌਜਾਂ ਨੂੰ ਨਦੀ ਦੇ ਪੂਰਬ ਵੱਲ ਕੋਈ ਹੋਰ ਇਲਾਕਾ ਪੁਤਿਨ ਨੂੰ ਸੌਂਪ ਦੇਣਾ ਚਾਹੀਦਾ ਹੈ। ਹਾਲਾਂਕਿ ਉਸਨੇ ਬਾਅਦ ਵਿਚ ਐਕਸ 'ਤੇ ਆਪਣੀਆਂ ਟਿੱਪਣੀਆਂ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ ਭਰੋਸਾ ਦੇਣ ਵਾਲੀਆਂ ਤਾਕਤਾਂ ਅਜੇ ਵੀ ਯੂਕਰੇਨ ਦੀ ਪ੍ਰਭੂਸੱਤਾ ਦਾ ਸਮਰਥਨ ਕਰਨਗੀਆਂ ਅਤੇ ਉਸਦੀ ਯੋਜਨਾ "ਯੂਕਰੇਨ ਦੀ ਵੰਡ ਦਾ ਹਵਾਲਾ ਨਹੀਂ ਦਿੰਦੀ।"

# ਸਦੀ ਬੀਤਣ ਮਗਰੋਂ ਵੀ ਨਾ ਬਣ ਸਕੀ ਜੱਲ੍ਹਿਆਂਵਾਲਾ ਬਾਗ ਸਾਕਾ ਦੇ ਸ਼ਹੀਦਾਂ ਦੀ ਅਧਿਕਾਰਤ ਸੂਚੀ



ਜੱਲ੍ਹਿਆਂਵਾਲਾ ਬਾਗ ਸ਼ਹੀਦੀ ਸਮਾਰਕ ਵਿਖੇ ਸ਼ਰਧਾਂਜਲੀ ਭੇਟ ਕਰਦੇ ਹੋਏ ਸ਼ਹੀਦਾਂ ਦੇ ਪਰਿਵਾਰਕ ਮੈਂਬਰ।

**■ ਵੱਖ-ਵੱਖ ਜਥੇਬੰਦੀਆਂ ਕੋਲ ਸ਼ਹੀਦਾਂ ਦੀ ਗਿਣਤੀ ਸਬੰਧੀ ਵੱਖ-ਵੱਖ ਸੂਚੀਆਂ**

**ਅੰਮ੍ਰਿਤਸਰ, (ਪੰਜਾਬ ਮੇਲ)-** ਇਤਿਹਾਸਕ ਜੱਲ੍ਹਿਆਂਵਾਲਾ ਬਾਗ 'ਚ 106 ਸਾਲ ਪਹਿਲਾਂ ਵਾਪਰੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਪਰ 106 ਸਾਲ ਬੀਤਣ ਮਗਰੋਂ ਵੀ ਇਥੇ ਸ਼ਹੀਦ ਹੋਏ ਲੋਕਾਂ ਦੀ ਮਾਰੇ ਗਏ ਵਿਅਕਤੀਆਂ ਦੀ ਅਧਿਕਾਰਤ ਸੂਚੀ ਹਾਲੇ ਤਿਆਰ ਨਹੀਂ ਹੋ ਸਕੀ ਹੈ।

ਦੱਸਣਯੋਗ ਹੈ ਕਿ ਇੱਕ ਸਦੀ ਪਹਿਲਾਂ ਹੋਏ ਇਸ ਸਾਕੇ 'ਚ ਮਾਰੇ ਗਏ ਤੇ ਜ਼ਖ਼ਮੀ ਹੋਏ ਵਿਅਕਤੀਆਂ ਦੀ ਇੱਕ ਸੂਚੀ ਉਸ ਵੇਲੇ ਅੰਗਰੇਜ਼ੀ ਸ਼ਾਸਨ ਵੱਲੋਂ ਤਿਆਰ ਕੀਤੀ ਗਈ ਸੀ ਪਰ ਇਸ 'ਚ ਕਈ ਖਾਮੀਆਂ ਸਨ। ਤਤਕਾਲੀ ਬਰਤਾਨਵੀ ਸਰਕਾਰ ਨੇ 1921 'ਚ 381 ਸ਼ਹੀਦਾਂ ਦੀ ਸੂਚੀ ਬਣਾਈ ਸੀ। ਇਸ ਮਗਰੋਂ 501 ਨਾਵਾਂ ਵਾਲੀ ਸੂਚੀ ਸਾਹਮਣੇ ਆਈ ਸੀ ਤੇ ਜਾਂਚ ਮਗਰੋਂ 492 ਨਾਵਾਂ ਦੀ ਸੂਚੀ ਬਣੀ ਸੀ। ਵੱਖ-ਵੱਖ ਜਥੇਬੰਦੀਆਂ ਕੋਲ ਸ਼ਹੀਦਾਂ ਦੀ ਗਿਣਤੀ ਸਬੰਧੀ ਵੱਖ-ਵੱਖ ਸੂਚੀਆਂ ਹਨ।

ਪੰਜਾਬ ਵਿਚ 2021 'ਚ ਕੈਪਟਨ ਸਰਕਾਰ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ.ਐੱਨ.ਡੀ.ਯੂ.) ਨੂੰ ਸ਼ਹੀਦਾਂ ਦੀ ਸੂਚੀ ਤਿਆਰ ਕਰਨ ਦਾ ਜ਼ਿੰਮਾ ਦਿੱਤਾ ਗਿਆ ਸੀ। ਯੂਨੀਵਰਸਿਟੀ 'ਚ ਇਸ ਖੋਜ ਕਾਰਜ ਸਬੰਧੀ ਜੱਲ੍ਹਿਆਂਵਾਲਾ ਬਾਗ ਚੇਅਰ ਵੀ ਸਥਾਪਤ ਕੀਤੀ ਗਈ ਸੀ। ਜੀ.ਐੱਨ.ਡੀ.ਯੂ. ਵਿਚ ਸਥਾਪਤ ਜੱਲ੍ਹਿਆਂਵਾਲਾ ਬਾਗ ਚੇਅਰ ਦੀ ਮੁਖੀ ਪ੍ਰੋਫੈਸਰ ਅਮਨਦੀਪ ਬੱਲ ਅਤੇ ਡਾਕਟਰ ਦਿਲਬਾਗ ਸਿੰਘ ਨੇ ਇਸ ਮਾਮਲੇ 'ਚ ਅਪ੍ਰੈਲ 2024 ਵਿਚ ਆਪਣੀ ਖੋਜ ਮੁਕੰਮਲ ਕੀਤੀ ਸੀ, ਜਿਸ ਤਹਿਤ ਉਨ੍ਹਾਂ ਨੇ ਸ਼ਹੀਦਾਂ ਦੀ ਸੂਚੀ ਵਿਚ ਕੁਝ ਹੋਰ ਨਾਂਅ ਸ਼ਾਮਲ ਕੀਤੇ ਸਨ। ਉਨ੍ਹਾਂ ਕਿਹਾ ਕਿ ਸਰਕਾਰੀ ਸੂਚੀ ਮੁਤਾਬਕ ਸ਼ਹੀਦਾਂ ਦੀ ਗਿਣਤੀ 501 ਦੱਸੀ ਗਈ ਸੀ ਪਰ ਇਨ੍ਹਾਂ 'ਚ ਕਈ ਥਾਵਾਂ ਖਾਲੀ ਹਨ ਤੇ ਕਈ ਨਾਮ ਦੁਹਰਾਏ ਗਏ ਹਨ। ਉਨ੍ਹਾਂ ਦੱਸਿਆ ਕਿ ਉਸ ਸੂਚੀ 'ਚੋਂ 377 ਨਾਵਾਂ ਦੀ ਪੁਸ਼ਟੀ ਹੋਈ ਸੀ ਤੇ ਜਾਂਚ ਦੌਰਾਨ 57 ਹੋਰ ਸ਼ਹੀਦਾਂ ਦੇ ਨਾਂ ਸ਼ਾਮਲ ਹੋਏ ਹਨ। ਜੀ.ਐੱਨ.ਡੀ.ਯੂ. ਵੱਲੋਂ ਤਿਆਰ ਸੂਚੀ 'ਚ ਇਸ ਵੇਲੇ 434 ਸ਼ਹੀਦਾਂ ਦੇ ਨਾਮ ਸ਼ਾਮਲ ਹਨ।

ਅੰਮ੍ਰਿਤਸਰ ਦੀ ਡੀ.ਸੀ. ਸਾਕਸ਼ੀ ਸਾਹਨੀ ਨੇ ਆਖਿਆ ਕਿ ਇਸ ਮਾਮਲੇ 'ਚ ਉਨ੍ਹਾਂ ਵਧੇਰੇ ਜਾਣਕਾਰੀ ਨਹੀ ਹੈ। ਉਹ ਪਹਿਲਾਂ ਆਪਣੇ ਦਫ਼ਤਰ 'ਚ ਉਪਲਬਧ ਜਾਣਕਾਰੀ ਨੂੰ ਦੇਖਣਗੇ ਤੇ ਯੂਨੀਵਰਸਿਟੀ ਵੱਲੋਂ ਕੀਤੀ ਗਈ ਖੋਜ ਬਾਰੇ ਵੀ ਦੇਖਣਗੇ।

ਸਾਬਕਾ ਸੰਸਦ ਮੈਂਬਰ ਅਤੇ ਜੱਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਦੇ ਮੈਂਬਰ ਤਰਲੋਚਨ ਸਿੰਘ ਨੇ ਕਿਹਾ ਕਿ ਹਾਲੇ ਤੱਕ ਸ਼ਹੀਦਾਂ ਦੀ ਅਧਿਕਾਰਤ ਸੂਚੀ ਪ੍ਰਕਾਸ਼ਿਤ ਨਾ ਕਰ ਸਕਣਾ ਪੰਜਾਬ ਸਰਕਾਰ ਦੀ ਅਸਫਲਤਾ ਹੈ।






# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold #2867, Gem #375, TV Zon #6888, Glow TV #1828, Tashan #131, Real TV etc.*

*For any Information & Advertisement Call at*

**+1-916-320-9444**



# ਅੰਮ੍ਰਿਤਸਰ ਹਵਾਈ ਅੱਡੇ 'ਤੇ ਟਰਾਲੀਆਂ ਅਤੇ ਵ੍ਹੀਲਚੇਅਰ ਸਹਾਇਤਾ ਦੀ ਘਾਟ ਕਾਰਨ ਯਾਤਰੀ ਹੋ ਰਹੇ ਪਰੇਸ਼ਾਨ

■ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਵਿਕਾਸ ਮੰਚ ਨੇ ਸੁਵਿਧਾਵਾਂ ਵਿਚ ਸੁਧਾਰ ਦੀ ਮੰਗ ਦੁਹਰਾਈ





**ਅੰਮ੍ਰਿਤਸਰ, (ਪੰਜਾਬ ਮੇਲ)-** ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ 'ਤੇ ਬੁਨਿਆਦੀ ਯਾਤਰੀ ਸੁਵਿਧਾਵਾਂ ਦੀ ਘਾਟ — ਖਾਸ ਕਰਕੇ ਰਵਾਨਗੀ (ਡਿਪਾਰਚਰ) ਟਰਮੀਨਲ 'ਤੇ ਟਰਾਲੀਆਂ ਅਤੇ ਵ੍ਹੀਲਚੇਅਰ ਸਹਾਇਤਾ ਦੀ ਉਪਲਬਧਤਾ ਨਾ ਹੋਣ 'ਤੇ ਗੰਭੀਰ ਚਿੰਤਾ ਜਤਾਈ ਹੈ।

ਇਹ ਮਾਮਲਾ ਮੁੜ ਉਭਰ ਕੇ ਸਾਹਮਣੇ ਉਦੋਂ ਆਇਆ, ਜਦੋਂ ਹਵਾਈ ਅੱਡੇ ਦੇ ਵਿਕਾਸ ਅਤੇ ਵਧੇਰੇ ਉਡਾਣਾਂ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ, ਜੋ ਕਿ ਅਮਰੀਕਾ ਦੇ ਵਸਨੀਕ ਹਨ, ਬੀਤੇ ਦਿਨੀਂ ਅੰਮ੍ਰਿਤਸਰ ਤੋਂ ਦੁਬਈ ਦੀ ਉਡਾਣ ਲੈਣ ਲਈ ਸਵੇਰੇ 6:45 ਵਜੇ ਹਵਾਈ ਅੱਡੇ ਪਹੁੰਚੇ। ਉਹ ਆਪਣੇ ਇੱਕ ਪਰਿਵਾਰਕ ਮੈਂਬਰ ਨਾਲ ਤਿੰਨ ਵੱਡੇ, ਦੋ ਛੋਟੇ ਅਤੇ ਲੈਪਟਾਪ ਬੈਗ ਆਦਿ ਲੈ ਕੇ ਆਏ ਸੀ, ਪਰ ਡਿਪਾਰਚਰ ਟਰਮੀਨਲ ਦੇ ਬਾਹਰ ਕੋਈ ਵੀ ਟਰਾਲੀ ਉਪਲਬਧ ਨਾ ਹੋਣ ਕਰਕੇ, ਉਨ੍ਹਾਂ ਨੂੰ ਸਾਰਾ ਸਮਾਨ ਖੁਦ ਹੀ ਵਾਰੋ-ਵਾਰੀ ਖਿੱਚ ਕੇ ਅੰਦਰ ਲਿਜਾਣੇ ਪਏ।

ਗੁਮਟਾਲਾ ਨੇ ਕਿਹਾ, "ਇਹ ਦੇਖ ਕੇ ਹੈਰਾਨੀ ਹੋਈ ਕਿ ਕਈ ਯਾਤਰੀ ਆਗਮਨ (ਅਰਾਈਵਲ) ਟਰਮੀਨਲ ਵੱਲ ਟਰਾਲੀਆਂ ਲੱਭਣ ਜਾਂਦੇ ਦੇਖੇ ਗਏ। ਉੱਥੇ ਕੋਈ ਸਾਈਨਬੋਰਡ ਨਹੀਂ ਸੀ, ਜਿੱਥੇ ਇਹ ਦਰਸਾਇਆ ਗਿਆ ਹੋਵੇ ਕਿ ਟਰਾਲੀ ਜਾਂ ਵ੍ਹੀਲਚੇਅਰ ਦੀ ਕਿਹੜੀ ਥਾਂ ਹੈ ਤੇ ਉਹ ਕਿੱਥੇ ਮਿਲ ਸਕਦੀ ਹੈ। ਹਵਾਈ ਅੱਡੇ ਨਵੇਂ ਬਣਾਉਣ, ਉਨ੍ਹਾਂ ਦੇ ਵਿਕਾਸ 'ਤੇ ਕ੍ਰੋੜਾਂ ਰੁਪਏ ਖਰਚੇ ਜਾਂਦੇ ਹਨ ਅਤੇ ਯਾਤਰੀਆਂ ਤੋਂ ਟਿਕਟ ਦੇ ਕਿਰਾਏ ਵਿਚ ਉਪਭੋਗਤਾ ਫੀਸ ਦੀ ਵੀ ਵਸੂਲੀ ਕੀਤੀ ਜਾਂਦੀ ਹੈ, ਫਿਰ ਵੀ ਇਹ ਬੁਨਿਆਦੀ ਸੁਵਿਧਾਵਾਂ ਉਪਲੱਬਧ ਨਹੀਂ ਹੋ ਰਹੀਆਂ।"

ਉਨ੍ਹਾਂ ਨੇ ਰਵਾਨਗੀ ਟਰਮੀਨਲ ਵਾਲੇ ਪਾਸੇ ਇੱਕ ਵੱਖਰਾ, ਸਪੱਸ਼ਟ ਤੌਰ 'ਤੇ ਨਿਸ਼ਾਨਬੱਧ ਟਰਾਲੀ ਪਿਕਅੱਪ ਜ਼ੋਨ ਬਣਾਉਣ ਅਤੇ ਸਟਾਫ਼ ਨਿਯੁਕਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। "ਜੇ ਲੋੜ ਹੋਵੇ, ਤਾਂ ਟਰਾਲੀਆਂ ਦੇ ਕਿਰਾਏ ਲਈ ਆਟੋਮੈਟਿਕ ਭੁਗਤਾਨ ਮਸ਼ੀਨਾਂ ਲਗਾ ਦਿੱਤੀਆਂ ਜਾਣ, ਤਾਂ ਜੋ ਟਰਾਲੀਆਂ ਦਾ ਦੁਰਉਪਯੋਗ ਰੋਕਿਆ ਜਾ ਸਕੇ ਅਤੇ ਜਿਨ੍ਹਾਂ ਨੂੰ ਲੋੜ ਹੈ, ਸਿਰਫ ਉਹੀ ਹੀ ਪੈਸੇ ਪਾ ਕੇ ਇਨ੍ਹਾਂ ਨੂੰ ਲੈ ਸਕਣ।"

ਗੁਮਟਾਲਾ ਨੇ ਇੱਕ ਹੋਰ ਗੰਭੀਰ ਸਮੱਸਿਆ ਵੱਲ ਵੀ ਧਿਆਨ ਦਿਵਾਇਆ, ਰਵਾਨਗੀ ਵਾਲੇ ਪਾਸੇ 'ਤੇ ਵ੍ਹੀਲਚੇਅਰ ਸਹਾਇਤਾ ਲਈ ਕੋਈ ਵਿਸ਼ੇਸ਼ ਬੂਥ ਜਾਂ ਨਿਯਤ ਸਹਾਇਕ ਨਹੀਂ ਹੁੰਦੀ, ਜਿਸ ਨਾਲ ਵੱਡੇ ਉਮਰ ਵਾਲੇ ਅਤੇ ਅੰਗਹੀਣ ਯਾਤਰੀਆਂ ਨੂੰ ਕਾਫੀ ਮੁਸ਼ਕਿਲ ਆਉਂਦੀ ਹੈ। ਕਈ ਵਾਰ, ਜੋ ਸਹਾਇਤਾ ਕਰਮਚਾਰੀ ਮਿਲਦੇ ਹਨ, ਉਹ ਅਕਸਰ ਹੱਦ ਤੋਂ ਵੱਧ ਪੈਸੇ ਮੰਗਦੇ ਹਨ, ਅਤੇ ਲੋੜਵੰਦਾਂ ਦੀ ਲਾਚਾਰੀ ਦਾ ਫਾਇਦਾ ਚੁੱਕਦੇ ਹਨ।

ਇਸੇ ਸਮੱਸਿਆ ਸੰਬੰਧੀ ਜੱਸ ਸਿੰਘ, ਜੋ ਕਿ ਅਮਰੀਕਾ ਵਿਖੇ ਗੁਮਟਾਲਾ ਦੇ ਹੀ ਸ਼ਹਿਰ ਦੇ ਵਾਸੀ ਹਨ ਅਤੇ ਅੰਮ੍ਰਿਤਸਰ ਤੋਂ ਨਿਯਮਤ ਤੌਰ 'ਤੇ ਯਾਤਰਾ ਕਰਦੇ ਹਨ, ਨੇ ਵੀ ਹਾਲ ਹੀ 'ਚ ਗੁਮਟਾਲਾ ਨਾਲ ਸੰਪਰਕ ਕਰਕੇ ਟਰਾਲੀ ਦੀ ਉਪਲਬਧਤਾ ਨਾ ਹੋਣ 'ਤੇ ਨਾਰਾਜ਼ਗੀ ਜਤਾਈ। ਉਨ੍ਹਾਂ ਕਿਹਾ ਕਿ "ਇਹ ਅਫ਼ਸੋਸਜਨਕ ਹੈ ਕਿ ਆਪਣੇ ਹੀ ਸ਼ਹਿਰ ਦੇ ਹਵਾਈ ਅੱਡੇ ਤੋਂ ਯਾਤਰਾ ਕਰਦੇ ਹੋਏ ਲੋਕ ਇਨ੍ਹਾਂ ਮੁੱਢਲੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।"

ਗੁਮਟਾਲਾ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਏਅਰਪੋਰਟ ਅਧਿਕਾਰੀਆਂ ਨਾਲ ਹੋਈਆਂ ਮੀਟਿੰਗਾਂ ਵਿਚ ਇਹ ਮਸਲਾ ਕਈ ਵਾਰੀ ਚੁੱਕਿਆ ਗਿਆ ਸੀ। "ਸਾਨੂੰ ਕਿਹਾ ਗਿਆ ਕਿ ਨਵੀਆਂ ਟਰਾਲੀਆਂ ਖਰੀਦੀਆਂ ਜਾ ਰਹੀਆਂ ਹਨ, ਪਰ ਜੇ ਉਨ੍ਹਾਂ ਦਾ ਠੀਕ ਪ੍ਰਬੰਧ ਨਹੀਂ ਕੀਤਾ ਜਾਂਦਾ, ਤਾਂ ਕੁਝ ਸੌ ਟਰਾਲੀਆਂ ਕਿਸੇ ਕੰਮ ਦੀਆਂ ਨਹੀਂ।"

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਲਗਾਤਾਰ ਮੀਡੀਆ, ਚਿੱਠੀਆਂ ਆਦਿ ਰਾਹੀਂ ਹਵਾਈ ਅੱਡੇ ਦੀਆਂ ਸੁਵਿਧਾਵਾਂ ਵਿਚ ਸੁਧਾਰ ਦੀ ਮੰਗ ਕਰਦੇ ਆਏ ਹਨ। ਗੁਮਟਾਲਾ ਨੇ ਡਿਪਾਰਚਰ ਟਰਮੀਨਲ 'ਤੇ ਹੁਣ ਵਧੇਰੇ ਨਵੇਂ ਐਂਟਰੀ ਗੇਟ ਖੋਲ੍ਹਣ ਦੀ ਮੰਗ ਨੂੰ ਪੂਰਾ ਕਰਨ ਦੀ ਸ਼ਲਾਘਾ ਕੀਤੀ, ਜਿਸ ਨਾਲ ਯਾਤਰੀਆਂ ਦੇ ਅੰਦਰ ਜਾਣ ਦੀ ਪ੍ਰਕਿਰਿਆ ਸੁਖਾਲੀ ਹੋਈ ਹੈ।

ਉਨ੍ਹਾਂ ਕਿਹਾ ਕਿ "ਟਰਾਲੀਆਂ, ਵ੍ਹੀਲਚੇਅਰ ਸਹਾਇਤਾ ਅਤੇ ਵਾਈ-ਫਾਈ ਵਰਗੀਆਂ ਛੋਟੀਆਂ ਪਰ ਮਹੱਤਵਪੂਰਣ ਸੁਵਿਧਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।" ਮੰਚ ਵੱਲੋਂ ਏਅਰਪੋਰਟ ਡਾਇਰੈਕਟਰ ਸ਼੍ਰੀ ਐੱਸ.ਕੇ. ਕਪਾਹੀ ਅਤੇ ਏਅਰਪੋਰਟ ਅਥਾਰਿਟੀ ਆਫ ਇੰਡੀਆ ਨੂੰ ਇਸ ਮਾਮਲੇ ਬਾਰੇ ਲਿਖਤੀ ਤੌਰ 'ਤੇ ਅਪੀਲ ਕੀਤੀ ਜਾ ਰਹੀ ਹੈ, ਤਾਂ ਜੋ ਯਾਤਰੀਆਂ ਦੀ ਸੁਵਿਧਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

# ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਕਮੇਟੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ

■ ਸੁਖਬੀਰ ਬਾਦਲ ਨੂੰ ਅਕਾਲ ਤਖ਼ਤ ਤੋਂ ਸਿਰੋਪਾ ਮਿਲਣ ਮਗਰੋਂ ਉੱਠੇ ਸਵਾਲ

■ ਵਡਾਲਾ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਕੇ ਕਰਨ ਦੇ ਦੋਸ਼

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਵਜੋਂ ਮੁੜ ਚੋਣ ਕਰਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਨ੍ਹਾਂ ਨੂੰ ਸਿਰੋਪਾ ਦਿੱਤੇ ਜਾਣ ਤੋਂ ਬਾਅਦ ਦੋ ਦਸੰਬਰ ਨੂੰ ਅਕਾਲ ਤਖ਼ਤ ਦੀ ਫਸੀਲ ਤੋਂ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਕਮੇਟੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਦੂਜੇ ਪਾਸੇ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਅਕਾਲ ਤਖ਼ਤ ਤੋਂ ਬਣਾਈ ਗਈ ਕਮੇਟੀ ਵਿਚ ਇਸ ਵੇਲੇ ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ ਅਤੇ ਸਤਵੰਤ ਕੌਰ ਦੇ ਰੂਪ ਵਿਚ ਪੰਜ ਮੈਂਬਰ ਸ਼ਾਮਲ ਹਨ। ਕਮੇਟੀ ਨੇ 18 ਮਾਰਚ ਨੂੰ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਵਾਸਤੇ ਭਰਤੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਬਾਰੇ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਕਾਲ ਤਖ਼ਤ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਕੇ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਭਰਤੀ ਕਮੇਟੀ, ਜੋ ਅਕਾਲ ਤਖ਼ਤ ਤੋਂ ਬਣਾਈ ਗਈ ਸੀ, ਵੱਲੋਂ ਭਰਤੀ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 10 ਅਪ੍ਰੈਲ ਤੱਕ 15 ਲੱਖ ਤੋਂ ਵੱਧ ਮੈਂਬਰ ਰਜਿਸਟਰ ਕੀਤੇ ਜਾ ਚੁੱਕੇ ਹਨ ਅਤੇ ਲਗਪਗ 7 ਲੱਖ ਹੋਰ ਮੈਂਬਰਸ਼ਿਪ ਪਰਫਾਰਮਿਆਂ ਦੀ ਮੰਗ ਆ ਚੁੱਕੀ ਹੈ। ਭਰਤੀ ਕਮੇਟੀ ਨੇ ਸੰਭਾਵਨਾ ਪ੍ਰਗਟਾਈ ਕਿ ਇਹ ਮੁਹਿੰਮ ਜੂਨ ਮਹੀਨੇ ਤੱਕ ਮੁਕੰਮਲ ਹੋ ਜਾਵੇਗੀ ਅਤੇ ਇਸ ਤੋਂ ਬਾਅਦ ਇਸ ਮਾਮਲੇ ਵਿਚ ਅਕਾਲ ਤਖ਼ਤ ਤੋਂ ਅਗਲੇ ਹੁਕਮਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਕੁੱਝ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੁਕਾਬਲਾ ਕਰਨ ਲਈ ਪੰਥ ਪ੍ਰਵਾਨਿਤ ਅਜਿਹੀ ਵੱਡੀ ਜਥੇਬੰਦੀ ਦੀ ਲੋੜ ਹੈ, ਜਿਸ ਮੰਚ 'ਤੇ ਸਮੁੱਚਾ ਸਿੱਖ ਜਗਤ ਇਕੱਠਾ ਹੋਵੇ। ਸ਼੍ਰੋਮਣੀ ਅਕਾਲੀ ਦਲ ਨੇ ਲਗਪਗ 27 ਲੱਖ 68 ਹਜ਼ਾਰ ਮੈਂਬਰਾਂ ਦੀ ਭਰਤੀ ਕਰਨ ਦਾ ਦਾਅਵਾ ਕੀਤਾ ਹੈ।

ਸਫਾ 1 ਦਾ ਬਾਕੀ

## ਆਈ.ਸੀ.ਈ. ਵੱਲੋਂ ਗਰੀਨ ਕਾਰਡ ਹੋਲਡਰ ਅਤੇ ਸਟੱਡੀ ਵੀਜ਼ਾ...

ਉਹ ਪਿਛਲੇ 10 ਸਾਲ ਤੋਂ ਅਮਰੀਕਾ ਦਾ ਗਰੀਨ ਕਾਰਡ ਹੋਲਡਰ ਹੈ। ਮੋਹਸਿਨ ਤੋਂ ਪਹਿਲਾਂ ਮਹਿਮੂਦ ਖਲੀਲ ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਉਹ ਵੀ ਗਰੀਨ ਕਾਰਡ ਹੋਲਡਰ ਹੈ। ਫਲਤੀਨ ਹਮਾਇਤੀ ਮੁਜ਼ਾਹਰਿਆਂ ਵਿਚ ਸ਼ਾਮਲ ਹੋਣ ਵਾਲੇ ਹੋਰਨਾਂ ਵਿਦਿਆਰਥੀਆਂ ਨੂੰ ਟੈਕਸਸ ਅਤੇ ਲੁਸੀਆਨਾ ਦੇ ਡਿਟੈਨਸ਼ਨ ਸੈਂਟਰਾਂ ਵਿਚ ਰੱਖਿਆ ਗਿਆ ਹੈ। ਦੂਜੇ ਪਾਸੇ ਟੈਕਸਸ ਦੇ ਮਾਰਸ਼ਲ ਕਸਬੇ ਵਿਚ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਅਦਿਤਯਾ ਵਾਹਯੂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਨੂੰ ਜਾਰਜ ਫਲੋਇਡ ਦੀ ਮੌਤ ਮਗਰੋਂ ਹੋਏ ਰੋਸ ਵਿਖਾਵਿਆਂ ਵਿਚ ਸ਼ਮੂਲੀਅਤ ਦੇ ਦੋਸ਼ ਹੇਠ ਕਾਬੂ ਕੀਤਾ ਗਿਆ ਹੈ। ਇਮੀਗ੍ਰੇਸ਼ਨ ਅਦਾਲਤ ਵਿਚ ਉਸ ਦੀ ਅਗਲੀ ਪੇਸ਼ੀ 17 ਅਪ੍ਰੈਲ ਨੂੰ ਹੈ ਅਤੇ ਕੋਈ ਰਾਹਤ ਮਿਲਣ ਦੀ ਉਮੀਦ ਨਜ਼ਰ ਨਹੀਂ ਆਉਂਦੀ।

ਅਦਿਤਯਾ ਦੀ ਪਤਨੀ ਵੱਲੋਂ ਗੋਫੰਡਮੀ ਪੇਜ ਸਥਾਪਤ ਕਰਦਿਆਂ ਲੋਕਾਂ ਤੋਂ ਮਦਦ ਮੰਗੀ ਜਾ ਰਹੀ ਹੈ। ਉਸ ਨੇ ਦਲੀਲ ਦਿਤੀ ਹੈ ਕਿ 8 ਮਹੀਨੇ ਦੀ ਬੱਚੀ ਨੂੰ ਉਸ ਦੇ ਪਿਤਾ ਦੀ ਸਖ਼ਤ ਜ਼ਰੂਰਤ ਹੈ। ਦੱਸਿਆ ਜਾ ਰਿਹਾ ਹੈ ਕਿ ਆਦਿਤਯਾ ਦਾ ਸਟੂਡੈਂਟ ਵੀਜ਼ਾ 23 ਮਾਰਚ ਨੂੰ ਰੱਦ ਕਰਦਿਆਂ ਸੈਲਫ ਡਿਪੋਰਟ ਹੋਣ ਦੇ ਹੁਕਮ ਦਿੱਤੇ ਗਏ ਸਨ ਪਰ ਅਦਿਤਯਾ ਨੇ ਅਜਿਹਾ ਨਾ ਕੀਤਾ, ਤਾਂ ਉਸ ਨੂੰ ਕੰਮ ਵਾਲੀ ਥਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਅਦਿਤਯਾ ਦੇ ਸਟੱਡੀ ਵੀਜ਼ਾ ਦੀ ਮਿਆਦ 13 ਜੂਨ 2026 ਤੱਕ ਸੀ ਅਤੇ ਸਾਊਥ ਵੈਸਟ ਮਿਨੇਸੋਟਾ ਸਟੇਟ ਯੂਨੀਵਰਸਿਟੀ ਵਿਚ ਬਿਜ਼ਨਸ ਐਡਮਨਿਸਟ੍ਰੇਸ਼ਨ ਐਂਡ ਮੈਨੇਜਮੈਂਟ ਦਾ ਕੋਰਸ ਕਰਨ ਪੁੱਜਾ।

ਸਫਾ 1 ਦਾ ਬਾਕੀ

## ਟਰੰਪ ਵੱਲੋਂ ਅਮਰੀਕਾ 'ਚੋਂ ਇਨਕਮ ਟੈਕਸ ਨੂੰ ਖਤਮ ਕਰਨ ਦੀ ਤਿਆਰੀ!...

ਦੀ ਗੱਲ ਦੱਸਦਿਆਂ ਕਿਹਾ ਕਿ ਅਮਰੀਕਾ ਨੇ ਰੋਜ਼ਾਨਾ ਦੋ ਤੋਂ ਤਿੰਨ ਅਰਬ ਡਾਲਰ ਤੱਕ ਟੈਰਿਫ ਰਾਹੀਂ ਕਮਾਏ। ਅਸੀਂ ਕਦੇ ਵੀ ਇੰਨਾ ਪੈਸਾ ਨਹੀਂ ਕਮਾਇਆ ਸੀ। ਇਹ ਸਾਲਾਨਾ ਸੈਂਕੜੇ ਅਰਬ ਡਾਲਰ ਹੁੰਦੇ ਹਨ।

ਟਰੰਪ ਦੇ ਇਹ ਬਿਆਨ ਚੋਣ ਰਣਨੀਤੀ ਦੇ ਤੌਰ 'ਤੇ ਵੀ ਵੇਖੇ ਜਾ ਰਹੇ ਹਨ। ਉਹ "ਅਮਰੀਕਾ ਫਸਟ" ਨੀਤੀ ਅਨੁਸਾਰ ਟੈਕਸ ਸਿਸਟਮ 'ਚ ਵੱਡਾ ਬਦਲਾਅ ਕਰਕੇ ਆਮ ਜਨਤਾ ਨੂੰ ਅਪੀਲ ਕਰਨਾ ਚਾਹੁੰਦੇ ਹਨ। ਹਾਲਾਂਕਿ ਟੈਕਸ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਟੈਰਿਫ 'ਤੇ ਨਿਰਭਰ ਕਰਨਾ ਨਾ ਸਿਰਫ਼ ਆਰਥਿਕ ਤੌਰ 'ਤੇ ਚੁਣੌਤੀਪੂਰਨ ਹੋਵੇਗਾ, ਸਗੋਂ ਇਸ ਵਿਚ ਕਾਨੂੰਨੀ ਰੁਕਾਵਟਾਂ ਵੀ ਆ ਸਕਦੀਆਂ ਹਨ। ਟਰੰਪ ਦੇ ਇਰਾਦੇ ਆਕਰਸ਼ਕ ਅਤੇ ਵਿਵਾਦਪੂਰਨ ਦੋਹਾਂ ਹਨ। ਜਦੋਂ ਕਿ ਉਹ ਆਮਦਨ ਕਰ ਖਤਮ ਕਰਕੇ ਮਧਿਆਮ ਵਰਗ ਨੂੰ ਲਾਭ ਦੇਣਾ ਚਾਹੁੰਦੇ ਹਨ, ਇਹ ਨੀਤੀ ਅਮਲ ਵਿਚ ਲਿਆਉਣੀ ਕਿੰਨੀ ਹਕੀਕਤ ਬਣ ਸਕੇਗੀ, ਇਹ ਅਗਲੇ ਚੋਣ ਨਤੀਜਿਆਂ ਤੇ ਕਾਂਗਰਸ ਦੀ ਸਹਿਮਤੀ 'ਤੇ ਨਿਰਭਰ ਕਰੇਗਾ। ਇਸ ਤੋਂ ਪਹਿਲਾਂ ਟਰੰਪ ਨੇ ਕਈ ਦੇਸ਼ਾਂ 'ਤੇ ਲੱਗੇ ਅਨੁਕੂਲਿਤ ਟੈਰਿਫ 'ਤੇ 90 ਦਿਨਾਂ ਲਈ ਰੋਕ ਲਗਾ ਦਿੱਤੀ ਹੈ।

ਸਫਾ 1 ਦਾ ਬਾਕੀ

## ਹਾਈ ਕੋਰਟ ਵੱਲੋਂ ਪ੍ਰਤਾਪ ਬਾਜਵਾ ਦੀ ਗ੍ਰਿਫ਼ਤਾਰੀ 'ਤੇ 22 ਅਪ੍ਰੈਲ ਤੱਕ ਰੋਕ...

ਜ਼ਿਕਰਯੋਗ ਹੈ ਕਿ ਪ੍ਰਤਾਪ ਬਾਜਵਾ ਨੇ ਇੱਕ ਨਿੱਜੀ ਟੀ.ਵੀ. ਚੈਨਲ 'ਤੇ ਇੰਟਰਵਿਊ ਵਿਚ ਸੂਤਰਾਂ ਦੇ ਹਵਾਲੇ ਨਾਲ ਪੰਜਾਬ ਵਿਚ 50 ਬੰਬ ਆਉਣ ਦਾ ਦਾਅਵਾ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਇਨ੍ਹਾਂ 'ਚੋਂ 18 ਬੰਬ ਚੱਲ ਚੁੱਕੇ ਹਨ ਅਤੇ 32 ਅਜੇ ਚੱਲਣੇ ਬਾਕੀ ਹਨ। ਇਸ ਸਬੰਧੀ ਬਾਜਵਾ ਖ਼ਿਲਾਫ਼ ਇੱਕ ਮਹਿਲਾ ਸਿਪਾਹੀ ਤਰਨਪ੍ਰੀਤ ਕੌਰ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਸਾਈਬਰ ਅਪਰਾਧ ਥਾਣਾ ਫੇਜ਼-7 ਵਿਚ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ।

ਸਫਾ 1 ਦਾ ਬਾਕੀ

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਸਜ਼ਾ ਮੁਆਫ਼ੀ ਬਾਰੇ ਫੌਰੀ...

ਨੂੰ ਆਦੇਸ਼ ਕਰੇ, ਤਾਂ ਜੋ 2007 ਤੋਂ ਫਾਂਸੀ ਦੀ ਚੱਕੀ 'ਚ ਸਜ਼ਾ ਕੱਟ ਰਹੇ ਭਾਈ ਰਾਜੋਆਣਾ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਪਣੇ ਫ਼ੈਸਲਿਆਂ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ ਹੈ ਅਤੇ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮੇਂ ਜਾਰੀ ਨੋਟੀਫਿਕੇਸ਼ਨ ਨੂੰ ਪੂਰਨ ਰੂਪ ਵਿਚ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਦਖ਼ਲ ਦੇਣ ਅਤੇ ਸਿੱਖ ਭਾਵਨਾਵਾਂ ਅਨੁਸਾਰ ਭਾਈ ਰਾਜੋਆਣਾ ਦੀ ਸਜ਼ਾ ਮੁਆਫ਼ੀ ਸਬੰਧੀ ਫ਼ੈਸਲਾ ਲੈਣ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਕੌਮ ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰ ਪਾਸੋਂ ਇਨਸਾਫ਼ ਦੀ ਮੰਗ ਕਰ ਰਹੀ ਹੈ, ਨਾ ਕਿ ਭੀਖ ਮੰਗ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ 'ਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਵਾਸਤੇ ਵੀ ਸਮਾਂ ਮੰਗੇਗੀ, ਜਿਸ ਲਈ ਸਕੱਤਰ ਪੱਧਰ ਦੇ ਅਧਿਕਾਰੀ ਨੂੰ ਗ੍ਰਹਿ ਮੰਤਰਾਲੇ ਭੇਜਿਆ ਜਾਵੇਗਾ।

ਸਫਾ 1 ਦਾ ਬਾਕੀ

## ਟੈਰਿਫ ਯੁੱਧ: ਅਮਰੀਕਾ ਵੱਲੋਂ ਹੁਣ ਚੀਨ 'ਤੇ 245 ਫੀਸਦੀ ਟੈਰਿਫ ਲਾਉਣ...

ਰਾਸ਼ਟਰਪਤੀ ਟਰੰਪ ਦੇ ਅਨੁਸਾਰ, ਚੀਨ ਲਗਾਤਾਰ ਬਦਲਾ ਲੈਂਦਾ ਰਿਹਾ ਹੈ ਅਤੇ ਗੱਲਬਾਤ ਦੀ ਮੇਜ਼ 'ਤੇ ਆਉਣ ਦੀ ਬਜਾਏ ਉਸਨੇ ਹੋਰ ਟੈਰਿਫ ਲਗਾਏ ਹਨ। ਇਸ ਲਈ ਇੱਥੇ ਕੋਈ ਰਿਆਇਤ ਨਹੀਂ ਦਿੱਤੀ ਜਾਵੇਗੀ।

ਵ੍ਹਾਈਟ ਹਾਊਸ ਨੇ ਕਿਹਾ ਕਿ 75 ਤੋਂ ਵੱਧ ਦੇਸ਼ ਪਹਿਲਾਂ ਹੀ ਨਵੇਂ ਵਪਾਰ ਸਮਝੌਤਿਆਂ 'ਤੇ ਚਰਚਾ ਕਰਨ ਲਈ ਸੰਪਰਕ ਕਰ ਚੁੱਕੇ ਹਨ। ਇਸ ਦੇ ਮੱਦੇਨਜ਼ਰ, ਚੀਨ ਨੂੰ ਛੱਡ ਕੇ ਹੋਰ ਦੇਸ਼ਾਂ 'ਤੇ ਜਵਾਬੀ ਟੈਰਿਫ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਅਮਰੀਕਾ ਦੇ ਅਨੁਸਾਰ, ਚੀਨ ਨੇ ਜਵਾਬੀ ਕਾਰਵਾਈ ਕੀਤੀ ਹੈ ਅਤੇ ਇਸ ਲਈ ਅਮਰੀਕਾ ਵਿਚ ਆਯਾਤ ਕੀਤੇ ਜਾਣ ਵਾਲੇ ਚੀਨੀ ਉਤਪਾਦਾਂ 'ਤੇ 245 ਫੀਸਦੀ ਤੱਕ ਦਾ ਟੈਰਿਫ ਲਗਾਇਆ ਜਾਵੇਗਾ।

ਚੀਨ ਨੇ ਅਮਰੀਕਾ ਵੱਲੋਂ ਲਗਾਏ ਗਏ 245 ਫੀਸਦੀ ਟੈਰਿਫ 'ਤੇ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੂੰ ਟੈਰਿਫ ਦੇ ਅੰਕੜਿਆਂ ਦਾ ਸਪੱਸ਼ਟ ਵੇਰਵਾ ਦੇਣਾ ਚਾਹੀਦਾ ਹੈ। ਅਮਰੀਕਾ ਨੇ ਚੀਨੀ ਦਰਾਮਦਾਂ 'ਤੇ 245 ਫੀਸਦੀ ਤੱਕ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਕਿਹਾ ਕਿ ਅਮਰੀਕੀ ਪੱਖ ਨੂੰ "ਵਿਸ਼ੇਸ਼ ਟੈਕਸ ਦਰ ਦੇ ਅੰਕੜੇ" ਦਾ ਖੁਲਾਸਾ ਕਰਨਾ ਚਾਹੀਦਾ ਹੈ।

ਬੁੱਧਵਾਰ ਨੂੰ ਇੱਕ ਪ੍ਰੈਸ ਬ੍ਰੀਫਿੰਗ ਨੂੰ ਸੰਬੋਧਨ ਕਰਦਿਆਂ, ਲਿਨ ਨੇ ਕਿਹਾ ਕਿ ਚੀਨ ਨੇ ਟੈਰਿਫ ਮੁੱਦੇ 'ਤੇ ਆਪਣੀ ਸਥਿਤੀ ਵਾਰ-ਵਾਰ ਸਪੱਸ਼ਟ ਕੀਤੀ ਹੈ। ਉਨ੍ਹਾਂ ਕਿਹਾ ਕਿ ਟੈਰਿਫ ਯੁੱਧ ਅਮਰੀਕਾ ਦੁਆਰਾ ਸ਼ੁਰੂ ਕੀਤਾ ਗਿਆ ਸੀ ਅਤੇ ਬੀਜਿੰਗ ਨੇ ਆਪਣੇ ਜਾਇਜ਼ ਅਧਿਕਾਰਾਂ ਅਤੇ ਹਿੱਤਾਂ ਅਤੇ ਅੰਤਰਰਾਸ਼ਟਰੀ ਨਿਰਪੱਖਤਾ ਅਤੇ ਨਿਆਂ ਦੀ ਰੱਖਿਆ ਲਈ ਜਵਾਬੀ ਉਪਾਅ ਕੀਤੇ ਹਨ। ਇਹ ਕਦਮ ਪੂਰੀ ਤਰ੍ਹਾਂ "ਵਾਜਬ ਅਤੇ ਕਾਨੂੰਨੀ" ਹਨ। ਉਨ੍ਹਾਂ ਕਿਹਾ ਕਿ ਟੈਰਿਫ ਅਤੇ ਵਪਾਰ ਯੁੱਧਾਂ ਵਿਚ ਕੋਈ ਜੇਤੂ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਚੀਨ ਇਨ੍ਹਾਂ ਜੰਗਾਂ ਨੂੰ ਲੜਨਾ ਨਹੀਂ ਚਾਹੁੰਦਾ ਪਰ ਇਨ੍ਹਾਂ ਤੋਂ ਡਰਦਾ ਵੀ ਨਹੀਂ ਹੈ। ਉਨ੍ਹਾਂ ਨੇ ਹੱਥ ਮਿਲਾਉਣ ਅਤੇ ਰੁਕਾਵਟਾਂ ਨੂੰ ਦੂਰ ਕਰਨ ਲਈ ਚੀਨ ਦੀ ਵਚਨਬੱਧਤਾ ਪ੍ਰਗਟ ਕੀਤੀ।

# ਅਮਰੀਕੀ ਅਦਾਲਤ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਝਟਕਾ

**ਨਿਊਯਾਰਕ, (ਪੰਜਾਬ ਮੇਲ)-** ਇੱਕ ਭਾਰਤੀ ਵਿਦਿਆਰਥੀ ਦਾ ਵੀਜ਼ਾ ਰੱਦ ਕਰਨ ਦੇ ਮਾਮਲੇ ਵਿਚ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੱਤਾ ਹੈ। ਇੱਕ ਸੰਘੀ ਜੱਜ ਨੇ 21 ਸਾਲਾ ਭਾਰਤੀ ਵਿਦਿਆਰਥੀ ਦੇ ਵੀਜ਼ਾ ਰੱਦ ਕਰਨ ਅਤੇ ਦੇਸ਼ ਨਿਕਾਲਾ ਦੇਣ 'ਤੇ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਗ੍ਰਹਿ ਸੁਰੱਖਿਆ ਵਿਭਾਗ ਨੂੰ ਹੁਕਮ ਲਾਗੂ ਕਰਨ ਦਾ ਹੁਕਮ ਦਿੱਤਾ ਹੈ। ਕ੍ਰਿਸ਼ ਲਾਲ ਇਸਰਦਾਸਾਨੀ 2021 ਤੋਂ ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ ਵਿਚ ਐੱਫ-1 ਵਿਦਿਆਰਥੀ ਵੀਜ਼ਾ ਨਾਲ ਕੰਪਿਊਟਰ ਇੰਜੀਨੀਅਰਿੰਗ ਵਿਚ ਬੈਚਲਰ ਦੀ ਡਿਗਰੀ ਕਰ ਰਿਹਾ ਹੈ। ਉਸਨੂੰ ਮਈ ਵਿਚ ਕੰਪਿਊਟਰ ਇੰਜੀਨੀਅਰਿੰਗ ਵਿਚ ਆਪਣੀ ਬੈਚਲਰ ਡਿਗਰੀ ਪ੍ਰਾਪਤ ਹੋਣੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸਰਦਾਸਾਨੀ ਦਾ ਵਿਦਿਆਰਥੀ ਵੀਜ਼ਾ 4 ਅਪ੍ਰੈਲ ਨੂੰ ਰੱਦ ਕਰ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ 22 ਨਵੰਬਰ, 2024 ਨੂੰ ਜਦੋਂ ਇਸਾਰਦਾਨੀ ਆਪਣੇ ਦੋਸਤਾਂ ਨਾਲ ਬਾਹਰ ਜਾ ਰਿਹਾ ਸੀ, ਤਾਂ ਉਸਦੀ ਇੱਕ ਹੋਰ ਸਮੂਹ ਨਾਲ ਬਹਿਸ ਹੋ ਗਈ। ਇਸ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਾਅਦ ਵਿਚ ਉਸਨੂੰ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਬਾਅਦ ਵੀਜ਼ਾ ਰੱਦ ਕਰਨ ਦੀ ਕਾਰਵਾਈ ਕੀਤੀ ਗਈ। ਇਸ ਸਬੰਧੀ ਮੈਡੀਸਨ ਦੀ ਵਕੀਲ ਸ਼ਬਨਮ ਲੋਤਫੀ ਨੇ ਅਸਥਾਈ ਰੋਕ ਦੇ ਹੁਕਮ ਲਈ ਅਦਾਲਤ ਵਿਚ ਅਪੀਲ ਦਾਇਰ ਕੀਤੀ। ਵਕੀਲ ਨੇ ਕਿਹਾ ਕਿ ਇਸਾਰਦਾਸਾਨੀ ਦਾ ਰਿਕਾਰਡ ਸਰਕਾਰ ਦੇ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ (ਐੱਸ.ਈ.ਵੀ.ਆਈ.ਐੱਸ.) ਡੇਟਾਬੇਸ ਤੋਂ ਹਟਾ ਦਿੱਤਾ ਗਿਆ ਸੀ। ਉਸਨੂੰ ਇਸ ਸੰਬੰਧੀ ਕੋਈ ਚਿਤਾਵਨੀ ਨਹੀਂ ਦਿੱਤੀ ਗਈ ਸੀ, ਨਾ ਹੀ ਉਸਨੂੰ ਆਪਣਾ ਪੱਖ ਰੱਖਣ ਜਾਂ ਬਚਾਅ ਕਰਨ ਦਾ ਮੌਕਾ ਦਿੱਤਾ ਗਿਆ ਸੀ। ਐੱਸ.ਈ.ਵੀ.ਆਈ.ਐੱਸ. ਵਿਖੇ ਉਨ੍ਹਾਂ ਦੇ ਐੱਫ-1 ਵਿਦਿਆਰਥੀ ਵੀਜ਼ਾ ਰਿਕਾਰਡਾਂ ਨੂੰ ਖ਼ਤਮ ਕਰਨ ਤੋਂ ਪਹਿਲਾਂ ਕਿਸੇ ਵੀ ਸੰਭਾਵੀ ਗਲਤਫਹਿਮੀ ਨੂੰ ਦੂਰ ਕਰਨ ਦਾ ਕੋਈ ਮੌਕਾ ਨਹੀਂ ਦਿੱਤਾ ਗਿਆ।

# ਸਾਹਿਤ ਸਭਾਵਾਂ ਅਤੇ ਸਹਿਤ ਧਾਰਾਵਾਂ

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਾਹਿਤ ਸਭਾਵਾਂ ਹਮੇਸ਼ਾ ਕੋਸ਼ਿਸ਼ ਕਰਦੀਆਂ ਰਹੀਆਂ ਹਨ। ਪੰਜਾਬੀ ਪਰਚਾਰਣੀ ਸਭਾ ਕਾਇਮ ਕਰਨ ਦਾ ਵਿਚਾਰ ਤਾਂ 1925 ਈ. ਵਿਚ ਹੀ ਪੈਦਾ ਹੋ ਗਿਆ ਸੀ ਪਰ ਇਹ 10 ਜਨਵਰੀ, 1926 ਨੂੰ ਸਰ ਸ਼ਹਾਬੁੱਦੀਨ ਦੀ ਪ੍ਰਧਾਨਗੀ ਹੇਠ ਸਥਾਪਤ ਹੋਈ। ਇਸ ਸਬੰਧ ਵਿਚ ਹੋਈ ਇਕੱਤਰਤਾ ਵਿਚ ਲਾਲਾ ਕਿਰਪਾ ਸਾਗਰ, ਸ਼੍ਰੀ ਬ੍ਰਿਜ ਲਾਲ ਸ਼ਾਸਤਰੀ, ਬਾਵਾ ਬੁੱਧ ਸਿੰਘ, ਪ੍ਰਿੰ. ਤੇਜਾ ਸਿੰਘ ਆਦਿ ਸ਼ਾਮਲ ਹੋਏ ਅਤੇ ਨਾਲ ਹੀ ਕੇਂਦਰੀ ਸਭਾ ਕਾਇਮ ਕਰਨ ਲਈ ਆਰਜ਼ੀ ਕਮੇਟੀ ਸਥਾਪਤ ਕਰ ਦਿੱਤੀ ਗਈ। ਸੰਨ 1926 ਵਿਚ ਹੀ ਕੇਂਦਰੀ ਸਭਾ ਦੇ ਹੋਂਦ ਵਿਚ ਆਉਣ ਨਾਲ ਹਰ ਥਾਂ ਪੰਜਾਬੀ ਸਾਹਿਤ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ। 23 ਅਕਤੂਬਰ, 1926 ਨੂੰ ਅੰਮ੍ਰਿਤਸਰ ਵਿਖੇ ਇਕ ਸਾਹਿਤ ਸਭਾ ਬਣੀ, ਜਿਸ ਦੇ ਪ੍ਰਧਾਨ ਲਾਲਾ ਧਨੀ ਰਾਮ ਚਾਤ੍ਰਿਕ ਅਤੇ ਸਕੱਤਰ ਗਿਆਨੀ ਹੀਰਾ ਸਿੰਘ ਦਰਦ ਸਨ। ਇਸ ਦੀ ਪਹਿਲੀ ਕਾਨਫ਼ਰੰਸ ਨਵੰਬਰ, 1927 ਵਿਚ ਹੋਈ, ਜਿਸ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਸਾਰੇ ਹੀ ਸ਼ਾਮਲ ਹੋਏ। ਸੰਨ 1929 ਵਿਚ ਲਾਹੌਰ ਵਿਖੇ ਪੰਜਾਬੀ ਲਿਟਰੇਰੀ ਲੀਗ ਸਥਾਪਤ ਹੋਈ ਅਤੇ 1931 ਵਿਚ ਕੇਂਦਰੀ ਪੰਜਾਬੀ ਸਭਾ ਦੀ ਦੋਬਾਰਾ ਚੋਣ ਹੋਈ। ਇਸ ਸਾਲ ਸ਼ਿਮਲੇ ਵਿਖੇ ਇਕ ਸ਼ਾਨਦਾਰ ਸਰਬ ਹਿੰਦ ਪੰਜਾਬੀ ਕਵੀ ਦਰਬਾਰ ਹੋਇਆ। ਸੰਨ 1938 ਵਿਚ ਪੰਜਾਬੀ ਸਭਾ ਪੰਜਾਬ ਦੀ ਸਥਾਪਨਾ ਹੋਈ। ਮਾਰਚ, 1940 'ਚ ਪੰਜਾਬੀ ਕਾਨਫਰੰਸ ਕਮੇਟੀ ਸਥਾਪਤ ਹੋਈ ਅਤੇ ਅਪ੍ਰੈਲ ਵਿਚ ਸੀ ਜੋਸ਼ਵਾ ਫਜ਼ਲਦੀਨ ਦੀ ਪ੍ਰਧਾਨਗੀ ਵਿਚ ਪੰਜਾਬੀ ਕਾਨਫਰੰਸ ਹੋਈ।

ਲਾਹੌਰ ਵਿਚ ਵੀ ਇਕ ਅਗਾਂਹਵਧੂ ਪੰਜਾਬੀ ਲੇਖਕ ਸਭਾ ਬਣੀ, ਜਿਸ ਦੇ ਸਰਗਰਮ ਮੈਂਬਰਾਂ ਵਿਚ ਪ੍ਰੋ. ਮੋਹਨ ਸਿੰਘ, ਸ. ਸੋਹਨ ਸਿੰਘ ਜੋਸ਼, ਡਾ. ਭਾਗ ਸਿੰਘ, ਸ. ਸਰਿੰਦਰ ਸਿੰਘ ਨਰੂਲਾ ਆਦਿ ਸ਼ਾਮਲ ਸਨ। ਦੇਸ਼ ਦੀ ਵੰਡ ਤੋਂ ਪਿੱਛੋਂ 1949-50 ਵਿਚ ਅੰਮ੍ਰਿਤਸਰ ਵਿਖੇ ਲੋਕ ਲਿਖਾਰੀ ਸਭਾ ਸਥਾਪਤ ਹੋਈ। ਇਸ ਤੋਂ ਪਿੱਛੋਂ ਜਲੰਧਰ, ਲੁਧਿਆਣਾ, ਰਾਮਪੁਰ, ਨਾਭਾ, ਗੋਬਿੰਦਗੜ੍ਹ, ਪਟਿਆਲਾ ਆਦਿ ਵਿਖੇ ਸਥਾਨਕ ਤੌਰ 'ਤੇ ਸਾਹਿਤ ਸਭਾਵਾਂ ਕਾਇਮ ਹੋਈਆਂ ਅਤੇ 1956 ਵਿਚ ਇਨ੍ਹਾਂ ਦੀ ਇਕ ਕੇਂਦਰੀ ਪੰਜਾਬੀ ਲੇਖਕ ਸਭਾ ਬਣੀ। ਇਸ ਸਭਾ ਦੀ ਪਹਿਲੀ ਕਾਨਫਰੰਸ ਜਲੰਧਰ ਵਿਖੇ ਹੋਈ, ਜਿਸ ਵਿਚ ਰੂਸੀ, ਚੀਨੀ ਤੇ ਵੀਅਤਨਾਮੀ ਪ੍ਰਤੀਨਿਧ ਵੀ ਸ਼ਾਮਲ ਹੋਏ। ਕੇਂਦਰੀ ਸਭਾ ਦੀਆਂ ਕੋਸ਼ਿਸ਼ਾਂ ਨਾਲ ਬਰਨਾਲਾ, ਰਾਮਪੁਰਾ ਫੂਲ, ਨਾਭਾ, ਮੋਗਾ, ਫਰੀਦਕੋਟ ਆਦਿ ਵਿਖੇ ਵੀ ਸਾਹਿਤ ਸਭਾਵਾਂ ਕਾਇਮ ਹੋਈਆਂ ਅਤੇ ਇਨ੍ਹਾਂ ਦੀ ਗਿਣਤੀ ਲਗਾਤਾਰ ਵਧਦੀ ਗਈ। ਇਸ ਤੋਂ ਬਾਅਦ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੀ ਸਥਾਪਨਾ ਹੋਈ ਅਤੇ ਇਹ ਲਗਾਤਾਰ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਉੱਨਤ ਕਰਨ ਵਿਚ ਆਪਣਾ ਪੂਰਾ-ਪੂਰਾ ਹਿੱਸਾ ਪਾਉਂਦੀ ਰਹੀ ਹੈ। ਇਹ ਵੱਖ-ਵੱਖ ਥਾਵਾਂ 'ਤੇ ਸਮਾਗਮ ਕਰਾਉਂਦੀ ਹੈ ਅਤੇ ਇਨਾਮ ਦੇ ਹੱਕਦਾਰ ਸਾਹਿਤਕਾਰਾਂ ਨੂੰ ਇਨਾਮ ਵੀ ਦਿੰਦੀ ਹੈ। ਇਹ ਪੰਜਾਬੀ ਸਾਹਿਤ ਨੂੰ ਮੌਲਿਕ ਅਤੇ ਅਨੁਵਾਦਤ ਰਚਨਾਵਾਂ ਰਾਹੀਂ ਅਮੀਰ ਕਰਨ ਵਿਚ ਆਪਣਾ ਹਿੱਸਾ ਪਾ ਰਹੀ ਹੈ ਅਤੇ ਆਲੋਚਨਾਤਮਕ ਲੇਖਾਂ ਨਾਲ ਭਰਪੂਰ ਆਲੋਚਨਾ ਮੈਗਜ਼ੀਨ ਦੀ ਪ੍ਰਕਾਸ਼ਤ ਕਰਦੀ ਹੈ।

ਪੰਜਾਬੀ ਸਾਹਿਤ ਸਭਾਵਾਂ ਨੇ ਨਵੇਂ ਉਭਰਦੇ ਸਾਹਿਤਕਾਰਾਂ ਨੂੰ ਹਮੇਸ਼ਾ ਉਤਸ਼ਾਹਿਤ ਕੀਤਾ ਹੈ, ਤਾਂ ਕਿ ਉਹ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਰਹਿਣ। ਇਨ੍ਹਾਂ ਨੇ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਨੂੰ ਅਮੀਰ ਕਰਨ ਵਿਚ ਪੂਰਾ-ਪੂਰਾ ਹਿੱਸਾ ਪਾਇਆ ਹੈ। ਕਈ ਸਾਹਿਤ ਸਭਾਵਾਂ ਪੰਜਾਬੀ ਦੇ ਮੈਗਜ਼ੀਨ ਦੀ ਪ੍ਰਕਾਸ਼ਿਤ ਕਰਦੀਆਂ ਰਹੀਆਂ ਹਨ। ਚੰਡੀਗੜ੍ਹ ਵਿਚ 'ਕਲਾ ਦਰਪਣ, ਨੌਜਵਾਨ ਪੰਜਾਬੀ ਲੇਖਕ ਸਭਾ' ਪੰਜਾਬੀ ਦਰਬਾਰ ਆਦਿ ਸਥਾਪਤ ਰਹੇ ਹਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਵਿਚ ਕਾਫੀ ਹਿੱਸਾ ਪਾਇਆ ਹੈ। ਅੰਮ੍ਰਿਤਸਰ ਦੇ ਛੇਹਰਟਾ ਕਸਬੇ ਵਿਚ ਬੇਦੀ ਲਾਲ ਸਿੰਘ ਸਾਹਿਤਕਾਰ ਨੇ ਲੋਕ ਸੰਪਰਕ ਸਾਹਿਤ ਕਲਾ ਕੇਂਦਰ ਸਥਾਪਤ ਕੀਤਾ।

ਪੰਜਾਬ ਤੋਂ ਬਾਹਰ ਵੀ ਸਾਹਿਤ ਸਭਾਵਾਂ ਕਾਇਮ ਹਨ। ਸੰਨ 1962 ਵਿਚ ਦਿੱਲੀ ਵਿਖੇ ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਸਭਾਵਾਂ ਕਾਇਮ ਹੋਈਆਂ। ਹੈਦਰਾਬਾਦ ਵਿਚ ਪੰਜਾਬੀ ਸਾਹਿਤ ਸਭਾ 1956 ਈ. ਵਿਚ ਸਥਾਪਤ ਹੋਈ ਅਤੇ ਕਾਨਪੁਰ ਵਿਚ 'ਰਾਈਟਰ ਵਿੰਗ ਅਤੇ 'ਪੰਜਾਬੀ ਸਾਹਿਤ ਸਭਾ, ਉੱਤਰ ਪ੍ਰਦੇਸ਼' ਸਰਗਰਮੀ ਨਾਲ ਪੰਜਾਬੀ ਸਾਹਿਤ ਵਿਚ ਆਪਣਾ ਹਿੱਸਾ ਪਾਉਂਦੀਆਂ ਰਹੀਆਂ ਹਨ। ਹਰਿਆਣਾ ਵਿਚ ਪੰਜਾਬੀ ਸਾਹਿਤ ਸਭਾ ਕਰਨਾਲ, ਕਲਾਕਾਰ ਲੇਖਕ ਮੰਡਲ, ਕਰਨਾਲ ਅਤੇ ਪੰਜਾਬੀ ਸਾਹਿਤ ਸਭਾ, ਸਿਰਸਾ, ਪੰਜਾਬੀ ਸਾਹਿਤ ਦੇ ਵਿਕਾਸ ਲਈ ਯਤਨਸ਼ੀਲ ਰਹੀਆਂ ਹਨ। ਮਦਰਾਸ ਅਤੇ ਕਲਕੱਤਾ ਵਿਚ ਕ੍ਰਮਵਾਰ ਪੰਜਾਬੀ ਐਸੋਸੀਏਸਨ, ਅਤੇ 'ਪੰਜਾਬੀ ਕਲਾ ਕੇਂਦਰ' 1937 ਤੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਉੱਨਤ ਕਰਨ ਵਿਚ ਆਪਣਾ ਹਿੱਸਾ ਪਾ ਰਹੀਆਂ ਹਨ। ਸਵਰਗਵਾਸੀ ਸ਼੍ਰੀ ਬਲਰਾਜ ਸਾਹਨੀ ਬੰਬਈ ਦੀ ਸਭਾ ਦੇ ਪ੍ਰਧਾਨ ਰਹੇ। ਕਲਕੱਤਾ ਵਿਚ ਵੀ 'ਪੰਜਾਬੀ ਸਾਹਿਤ ਸਭਾ, ਕਲਕੱਤਾ' ਕਾਇਮ ਹੈ। ਜੰਮੂ ਕਸ਼ਮੀਰ ਰਾਜ ਵਿਚ ਸ੍ਰੀਨਗਰ ਅਤੇ ਬਾਰਾਮੂਲਾ ਵਿਖੇ ਸਾਹਿਤ ਸਭਾਵਾਂ ਕਾਇਮ ਹਨ। ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ ਸ੍ਰੀ ਨਗਰ, ਪੰਜਾਬ ਸਾਹਿਤ ਸਭਾ ਬਾਰਾਂਮੂਲਾ, ਪੰਜਾਬੀ ਲਿਖਾਰੀ ਸਭਾ ਤਰਾਲ, ਪੰਜਾਬੀ ਲੇਖਕ ਸਭਾ ਪੁੰਣਛ, ਪੰਜਾਬੀ ਸਭਾ ਰਣਬੀਰ ਸਿੰਘ ਪੁਰਾ ਆਦਿ ਹਨ।

ਵਿਦੇਸ਼ਾਂ ਵਿਚ ਵਸਦੇ ਪੰਜਾਬੀ ਸਾਹਿਤ ਦੇ ਰਸੀਆਂ ਨੇ ਦੇਸ਼ ਤੋਂ ਬਾਹਰ ਵੀ ਸਾਹਿਤ ਸਭਾਵਾਂ ਕਾਇਮ ਕੀਤੀਆਂ ਹਨ । ਇੰਗਲੈਂਡ ਵਿਚ 'ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ, ਯੂ.ਕੇ' (ਲੰਡਨ) ਅਤੇ 'ਪ੍ਰਗਤੀਸ਼ੀਲ ਲਿਖਾਰੀ ਸਭਾ, ਗ੍ਰੇਟ ਬ੍ਰਿਟੇਨ' (ਸਾਉਥ ਹਾਲ ਬ੍ਰਾਂਚ) ਸਰਗਰਮ ਹੋ ਕੇ ਕੰਮ ਕਰ ਰਹੀਆਂ ਹਨ। ਕੈਨੇਡਾ ਵਿਖੇ ਰਵਿੰਦਰ ਰਵੀ ਦੀਆਂ ਕੋਸ਼ਿਸ਼ਾਂ ਨਾਲ 'ਇਆਪਾ' ਨਾਂ ਦੀ ਸੰਸਥਾ ਕਾਇਮ ਹੋਈ, ਜਿਸ ਦਾ ਉਦੇਸ਼ ਪੰਜਾਬੀ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੀ ਸੇਵਾ ਲਈ ਤਿਆਰ ਕਰਨਾ ਸੀ।

ਭਾਸ਼ਾ ਵਿਭਾਗ, ਪੰਜਾਬ ਪੰਜਾਬੀ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਸਾਹਿਤ ਸਭਾਵਾਂ ਨੂੰ ਮਾਲੀ ਸਹਾਇਤਾ ਦਿੰਦਾ ਰਿਹਾ ਹੈ। ਪੰਜਾਬੀ ਦੁਨੀਆਂ ਦਾ ਸਾਹਿਤ ਸਭਾਵਾਂ ਦਾ ਅੰਕ ਵੀ ਪ੍ਰਕਾਸ਼ਿਤ ਕੀਤਾ ਸੀ ਅਤੇ ਇਸ ਤੋਂ ਇਲਾਵਾ ਇਹ ਸਾਹਿਤ ਸਭਾਵਾਂ ਦੀਆਂ ਸਰਗਰਮੀਆਂ ਵੀ ਛਾਪਦਾ ਰਿਹਾ ਹੈ। ਇਸ ਨਾਲ ਨਵੀਆਂ ਸਾਹਿਤ ਸਭਾਵਾਂ ਕਾਇਮ ਕਰਨ ਲਈ ਉਤਸ਼ਾਹ ਪੈਦਾ ਹੁੰਦਾ ਹੈ।

ਸਾਹਿਤ ਉੱਪਰ ਵਿਚਾਰ ਕਰਦੇ ਸਮੇਂ ਨਾ ਕੇਵਲ ਸਾਹਿਤ ਦੇ ਖੇਤਰ ਨਾਲ ਸਬੰਧਤ ਵਿਅਕਤੀਗਤ ਅਤੇ ਸਮੁੱਚੀਆਂ ਰਚਨਾਵਾਂ ਉੱਪਰ ਹੀ ਵਿਚਾਰ ਕੀਤੀ ਜਾਂਦੀ ਹੈ, ਸਗੋਂ ਵੱਖ-ਵੱਖ ਕਾਲਾਂ ਅੰਦਰ ਰਚੇ ਗਏ ਸਾਹਿਤ ਅੰਦਰਲੀਆਂ ਮੁੱਖ ਪ੍ਰਵਿਰਤੀਆਂ ਨੂੰ ਸਾਹਮਣੇ ਰੱਖਦਿਆਂ ਸਾਹਿਤ ਦੀਆਂ ਵੱਖ-ਵੱਖ ਧਾਰਾਵਾਂ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੰਜਾਬੀ ਸਾਹਿਤ ਦਾ ਆਰੰਭ ਨੌਵੀਂ ਸਦੀ ਵਿਚ ਹੋਇਆ ਅਤੇ ਹੁਣ ਤੱਕ ਲਿਖੇ ਜਾ ਚੁੱਕੇ ਪੰਜਾਬੀ ਸਾਹਿਤ ਨੂੰ ਧਾਰਾਵਾਂ ਦੇ ਅਧਿਐਨ ਲਈ ਕਾਲ-ਕ੍ਰਮ ਅਨੁਸਾਰ ਦੋ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਪੁਰਾਣਾ ਸਾਹਿਤ (1900 ਈ. ਤੱਕ ਦਾ) ਅਤੇ ਵੀਹਵੀਂ ਸਦੀ ਵਿਚ ਲਿਖਿਆ ਗਿਆ ਸਾਹਿਤ। 1900 ਈ. ਤੱਕ ਦੇ ਪੰਜਾਬੀ ਸਾਹਿਤ ਅੰਦਰਲੀ ਮੁੱਖ ਧਾਰਾ ਉਸ ਕਾਵਿ ਨਾਲ ਸਬੰਧਤ ਹੈ, ਜਿਸ ਦਾ ਪ੍ਰਮੁੱਖ ਵਿਸ਼ਾ ਆਤਮਾ ਅਤੇ ਪ੍ਰਮਾਤਮਾ ਦਾ ਸਬੰਧ ਹੈ। ਇਸ ਕਾਲ ਦੌਰਾਨ ਲਿਖੀ ਗਈ ਧਾਰਮਿਕ ਕਿਸਮ ਦੀ ਕਵਿਤਾ ਅੰਦਰ ਜੋਗੀ ਕਾਵਿ ਧਾਰਾ, ਸੂਫੀ ਕਾਵਿ ਧਾਰਾ ਅਤੇ ਭਗਤੀ ਕਾਵਿ ਧਾਰਾ ਸ਼ਾਮਲ ਹਨ। ਇਸ ਸਾਰੀ ਸਾਹਿਤਯ ਦਰਪਣ ਕਵਿਤਾ ਅੰਦਰ ਗਿਣੇ-ਮਿਥੇ ਅਲੰਕਾਰਾਂ ਅਤੇ ਲੋਕ ਕਹਾਣੀਆਂ ਦੀ ਵਰਤੋਂ ਕੀਤੀ ਗਈ ਹੈ।

ਜੋਗੀ ਕਾਵਿ ਧਾਰਾ ਨਾਲ ਸਬੰਧਤ ਮੁੱਖ ਕਵੀ ਗੋਰਖ ਨਾਥ, ਚਰਪਟ ਨਾਥ ਅਤੇ ਚੰਰੰਗੀ ਨਾਥ ਹਨ ਅਤੇ ਇਨ੍ਹਾਂ ਦੀ ਕਵਿਤਾ ਦਾ ਮੁੱਖ ਵਿਸ਼ਾ ਜੋਗ ਮਤ ਦਾ ਪ੍ਰਚਾਰ ਹੈ। ਸੂਫ਼ੀ ਕਾਵਿ ਧਾਰਾ (1175-1265) ਵਿਅਕਤੀ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਅਹਿਸਾਸ ਕਰਾ ਕੇ ਪ੍ਰਮਾਤਮਾ ਦਾ ਨਾਂ ਲੈਣ ਅਤੇ ਚੰਗੇ ਕਰਮ ਕਰਨ ਲਈ ਪ੍ਰੇਰਿਆ। ਇਨ੍ਹਾਂ ਹੀ ਵਿਚਾਰਾਂ ਨੂੰ ਪ੍ਰਗਟਾਉਣ ਵਾਲੇ ਅਤੇ ਸੂਫ਼ੀ ਪ੍ਰੰਪਰਾ ਨੂੰ ਅੱਗੇ ਤੋਰਨ ਵਾਲੇ ਕਵੀਆਂ ਵਿਚ ਸ਼ਾਹ ਹੁਸੈਨ, ਅਲੀ ਹੈਦਰ, ਸੁਲਤਾਨ ਬਾਹੂ, ਬਾਬਾ ਵਜੀਦ ਬੁੱਲ੍ਹੇ ਸ਼ਾਹ, ਹਾਸ਼ਮ, ਗੁਲਾਮ ਫਰੀਦ ਆਦਿ ਹਨ। ਇਨ੍ਹਾਂ ਸਾਰਿਆਂ ਨੇ ਹੀ ਆਮ ਘਰੋਗੀ ਜੀਵਨ ਵਿਚੋਂ ਅਲੰਕਾਰ ਲਏ ਹਨ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਇਨ੍ਹਾਂ ਨੇ ਸਲੋਕਾਂ, ਕਾਫ਼ੀਆਂ, ਬਾਰਾਮਾਹ, ਅੱਠ ਵਾਰਾਂ, ਸੀਹਰਫ਼ੀ ਆਦਿ ਦੀ ਵਰਤੋਂ ਕੀਤੀ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਪਹਿਲਾਂ ਸੁਧਾਰਵਾਦੀ ਧਾਰਾ ਆਉਂਦੀ ਹੈ, ਜਿਸ ਦੇ ਮੁੱਖ ਪ੍ਰਵਰਤਕ ਭਾਈ ਵੀਰ ਸਿੰਘ ਸਨ। ਸਮਾਜ ਸੁਧਾਰਵਾਦੀ ਧਾਰਾ ਅੰਦਰ ਭਾਈ ਮੋਹਨ ਸਿੰਘ ਵੈਦ, ਸ. ਚਰਨ ਸਿੰਘ ਸ਼ਹੀਦ, ਧਨੀ ਰਾਮ ਚਾਤ੍ਰਿਕ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਰਾਸ਼ਟਰਵਾਦੀ ਧਾਰਾ ਵਿਚ ਗਿਆਨੀ ਹੀਰਾ ਸਿੰਘ ਦਰਦ, ਸ. ਗੁਰਮੁਖ ਸਿੰਘ ਮੁਸਾਫ਼ਰ, ਲਾਲ ਕਿਰਪਾ ਸਾਗਰ ਆਦਿ ਗਿਣੇ ਜਾਂਦੇ ਹਨ। ਰੋਮਾਂਸਵਾਦੀ ਧਾਰਾ ਵਿਚ ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਸ਼ਿਵ ਕੁਮਾਰ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਗਤੀਵਾਦੀ ਧਾਰਾ ਵੀ ਕਵਿਤਾ ਦੇ ਖੇਤਰ ਅੰਦਰ ਮਿਲਦੀ ਹੈ ਅਤੇ ਪ੍ਰੋ. ਮੋਹਨ ਸਿੰਘ, ਸੰਤੋਖ ਸਿੰਘ ਧੀਰ ਆਦਿ ਨੇ ਇਸ ਪ੍ਰਕਾਰ ਦੀ ਕਵਿਤਾ ਲਿਖੀ। ਹੌਲੇ ਹੌਲੇ ਪ੍ਰਯੋਗਵਾਦੀ ਧਾਰਾ ਜ਼ੋਰ ਫੜ ਗਈ ਅਤੇ ਇਸ ਵਿਚ ਜਸਬੀਰ ਸਿੰਘ ਆਹਲੂਵਾਲੀਆ, ਸੁਖਪਾਲਵੀਰ ਸਿੰਘ ਹਸਰਤ, ਰਵਿੰਦਰ ਰਵੀ, ਸੋਹਨ ਸਿੰਘ ਮੀਸ਼ਾ ਆਦਿ ਨੇ ਆਪਣਾ ਹਿੱਸਾ ਪਾਇਆ। ਸੁਹਜਵਾਦੀ ਧਾਰਾ ਵਿਚ ਡਾ. ਹਰਿਭਜਨ ਸਿੰਘ ਸ਼ਾਮਲ ਹੈ।

ਬੌਧਿਕ ਕਾਵਿ ਧਾਰਾ ਵਿਚ ਪ੍ਰੀਤਮ ਸਿੰਘ ਸਫ਼ੀਰ, ਜਸਵੰਤ ਸਿੰਘ ਨੇਕੀ, ਅਜਾਇਬ ਚਿਤ੍ਰਕਾਰ, ਗੁਰਚਰਨ ਰਾਮਪੁਰੀ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਜੁਝਾਰੂ ਕਾਵਿ ਧਾਰਾ ਵਿਚ ਸੁਰਜੀਤ ਪਾਤਰ ਅਤੇ ਪਾਸ਼ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਕਵਿਤਾ ਦੇ ਖੇਤਰ ਵਿਚ ਪਿਛਲੀ ਪੀੜ੍ਹੀ ਦੇ ਕਵੀ ਭਾਈ ਵੀਰ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਬਾਬੂ ਫੀਰੋਜ਼ਦੀਨ ਸ਼ਰਫ, ਦਰਸ਼ਨ ਸਿੰਘ ਆਵਾਰਾ ਅਤੇ ਜਸਵੰਤ ਸਿੰਘ ਵੰਤਾ ਆਦਿ ਨਾਲ-ਨਾਲ ਚਲਦੇ ਰਹੇ।

ਨਾਵਲ, ਕਹਾਣੀਆਂ, ਨਾਟਕ ਆਦਿ ਦੇ ਖੇਤਰ ਵਿਚ ਵੀ ਲਗਭਗ ਸਾਰੀਆਂ ਉਪਰੋਕਤ ਧਾਰਾਵਾਂ ਮਿਲਦੀਆਂ ਹਨ। ਨਾਨਕ ਸਿੰਘ ਨਾਵਲਿਸਟ ਨੂੰ ਸੁਧਾਰਵਾਦੀ ਧਾਰਾ ਨਾਲ ਜੋੜਿਆ ਜਾਂਦਾ ਹੈ ਅਤੇ ਸੁਰਿੰਦਰ ਸਿੰਘ ਨਰੂਲਾ ਅਤੇ ਗੁਰਦਿਆਲ ਸਿੰਘ ਨੂੰ ਯਥਾਰਥਵਾਦੀ ਮੰਨਿਆ ਜਾਂਦਾ ਹੈ। ਜਸਵੰਤ ਸਿੰਘ ਕੰਵਲ ਨਾਵਲਿਸਟ ਆਰੰਭ ਵਿਚ ਸਮਾਜ ਸੁਧਾਰਕ ਸੀ ਪਰ ਪਿੱਛੋਂ ਜਾ ਕੇ ਉਹ ਖੱਬੇਪੱਖੀ ਹੋ ਗਿਆ। ਕਰਨਲ ਨਰਿੰਦਰ ਪਾਲ ਸਿੰਘ ਨੇ ਚੇਤਨਾ ਪ੍ਰਵਾਹ ਨਾਲ ਸਬੰਧਤ ਨਾਵਲ ਲਿਖੇ ਅਤੇ ਸੁਰਜੀਤ ਸਿੰਘ ਸੇਠੀ ਨੂੰ ਵੀ ਇਸੇ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਕਰਤਾਰ ਸਿੰਘ ਦੁੱਗਲ ਕਹਾਣੀਕਾਰ ਦੇ ਤੌਰ 'ਤੇ ਮਨੋਵਿਗਿਆਨਕ ਧਾਰਾ ਨਾਲ, ਕੁਲਵੰਤ ਸਿੰਘ ਵਿਰਕ ਯਥਾਰਥਵਾਦੀ ਧਾਰਾ ਨਾਲ ਅਤੇ ਸੁਜਾਨ ਸਿੰਘ ਸਮਾਜਵਾਦੀ ਧਾਰਾ ਨਾਲ ਜੁੜਿਆ ਹੋਇਆ ਹੈ। ਅੰਮ੍ਰਿਤਾ ਪ੍ਰੀਤਮ ਅਤੇ ਸੁਖਬੀਰ ਦੀਆਂ ਕਹਾਣੀਆਂ ਕਾਵਿ ਅੰਸ਼ ਪ੍ਰਧਾਨ ਕਹਾਣੀਆਂ ਹੁੰਦੀਆਂ ਹਨ, ਭਾਵੇਂ ਇਹ ਦੋਵੇਂ ਜੀਵਨ ਦੇ ਯਥਾਰਥ ਨੂੰ ਆਪਣੀਆਂ ਕਹਾਣੀਆਂ ਵਿਚ ਪ੍ਰਗਟਾਉਂਦੇ ਹਨ। ਨਾਟਕ ਦੇ ਖੇਤਰ ਅੰਦਰ ਆਈ.ਸੀ. ਨੰਦਾ ਯਥਾਰਥਵਾਦੀ ਧਾਰਾ ਨਾਲ ਜੁੜਿਆ ਹੋਇਆ ਹੈ ਅਤੇ ਪ੍ਰਿੰ. ਸੇਖੋਂ ਨੂੰ ਸਮਾਜਵਾਦੀ ਖਿਆਲ ਕੀਤਾ ਜਾਂਦਾ ਹੈ। ਰੌਸ਼ਨ ਲਾਲ ਆਹੂਜਾ, ਗੁਰਦਿਆਲ ਸਿੰਘ ਖੋਸਲਾ ਅਤੇ ਗੁਰਦਿਆਲ ਸਿੰਘ ਫੁੱਲ ਆਦਿ ਨੇ ਨੰਦਾ ਸਾਹਿਬ ਦੀਆਂ ਲੀਹਾਂ ਨੂੰ ਅਪਣਾਇਆ, ਜਦੋਂਕਿ ਸੁਰਜੀਤ ਸਿੰਘ ਸੇਠੀ ਅਤੇ ਕਪੂਰ ਸਿੰਘ ਘੁੰਮਣ ਨੇ ਕਈ ਨਵੇਂ ਤਜ਼ਰਬੇ ਵੀ ਕੀਤੇ। ਹਰਚਰਨ ਸਿੰਘ ਨੂੰ ਉਸ ਦੇ ਨਾਟਕਾਂ 'ਅਨਜੋੜ', 'ਦੋਸ਼', 'ਰੱਤਾ ਸਾਲੂ', 'ਸੋਭਾ ਸਕਤੀ' ਆਦਿ ਨੂੰ ਸਾਹਮਣੇ ਰੱਖਦਿਆਂ ਇਸਤਰੀਵਾਦੀ ਕਹਿ ਦਿੱਤਾ ਜਾਂਦਾ ਹੈ। ਪੰਜਾਬੀ ਸਾਹਿਤ ਕਈ ਨਵੀਆਂ ਦਿਸ਼ਾਵਾਂ ਵੱਲ ਵੱਧ ਰਿਹਾ ਪ੍ਰਤੀਤ ਹੁੰਦਾ ਹੈ ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਮਾਂ ਬੀਤਣ ਦੇ ਨਾਲ ਬਹੁਤ ਸਾਰੀਆਂ ਨਵੀਆਂ ਧਾਰਾਵਾਂ ਸਾਹਮਣੇ ਆਉਣਗੀਆਂ।




ਪੰਜਾਬੀ ਸਾਹਿਤ ਸਭਾ ਦਿੱਲੀ ਦੇ ਸੱਚੇ ਪਾਤਸ਼ਾਹ ਮਾਸਿਕ ਰਸਾਲੇ ਦੇ ਸਾਲਾਨਾ ਸਨਮਾਨ ਸਮਾਰੋਹ ਸਮੇਂ ਉੱਘੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਸੰਬੋਧਨ ਕਰਦੇ ਹੋਏ।



ਗੁਜਰਾਂਵਾਲਾ ਕਾਲਜ ਲੁਧਿਆਣਾ ਵਿਖੇ ਪੰਜਾਬੀ ਦੇ ਨਾਮਵਰ ਲੇਖਕ ਡਾ. ਪ੍ਰਿਥੀਪਾਲ ਸਿੰਘ ਕਪੂਰ, ਸ. ਅਵਤਾਰ ਸਿੰਘ ਮੱਕੜ, ਸ. ਬਲਜੀਤ ਸਿੰਘ ਬਰਾੜ, ਡਾ. ਧਰਮਿੰਦਰ ਸਿੰਘ ਉਭਾ ਅਤੇ ਸ. ਦਿਲਜੀਤ ਸਿੰਘ ਬੇਦੀ, ਸ. ਅਵਤਾਰ ਸਿੰਘ ਮੱਕੜ, ਸ਼ਖ਼ਸ਼ ਤੇ ਸ਼ਖ਼ਸ਼ੀਅਤ ਅਭਿਨੰਦਨ ਗ੍ਰੰਥ ਸਬੰਧੀ ਵਿਚਾਰ ਗੋਸ਼ਟੀ ਕਰਦੇ ਹੋਏ।




ਜਨਵਾਦੀ ਲੇਖਕ ਸੰਘ ਅੰਮ੍ਰਿਤਸਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਵਿਚਾਰ ਚਰਚਾ ਸਮੇਂ ਪੁਸਤਕ ਰਲੀਜ਼ ਕਰਦੇ ਹੋਏ ਉਘੇ ਲੇਖਕ ਸ਼੍ਰੀ ਦੇਵ ਦਰਦ, ਮਨਮੋਹਨ ਢਿੱਲੋਂ, ਦਿਲਜੀਤ ਸਿੰਘ ਬੇਦੀ, ਦੀਪਦਵਿੰਦਰ ਸਿੰਘ, ਮਲਵਿੰਦਰ ਸਿੰਘ ਛੱਜਲਵਿੰਡੀ, ਸ਼੍ਰੀ ਸੁਰਿੰਦਰ ਚੋਹਕਾ ਆਦਿ ਦਿਖਾਈ ਦੇਂਦੇ ਹੋਏ।

# ਸੁਖਬੀਰ ਸਿੰਘ ਬਾਦਲ ਮੁੜ ਅਕਾਲੀ ਦਲ ਦੇ ਮੁੜ ਪ੍ਰਧਾਨ : ਸਿੱਖ ਸੰਸਥਾਵਾਂ ਦਾ ਭਵਿੱਖ.....?




ਅਕਾਲੀ ਦਲ ਬਾਦਲ ਧੜੇ ਦੇ ਅੰਮ੍ਰਿਤਸਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਡੈਲੀਗੇਟ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਸਰਬਸੰਮਤੀ ਨਾਲ ਮੁੜ ਪ੍ਰਧਾਨ ਚੁਣੇ ਗਏ ਹਨ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸਥਾਪਤ ਹੋਣ ਦਾ ਪਤਾ 2027 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਤੋਂ ਬਾਅਦ ਲੱਗੇਗਾ, ਅਕਾਲੀ ਦਲ ਦਾ ਕਿਹੜਾ ਧੜਾ ਪੰਜਾਬ ਦੇ ਲੋਕਾਂ ਨੇ ਪ੍ਰਵਾਨ ਕੀਤਾ ਹੈ। ਅਕਾਲੀ ਦਲ ਦੇ ਤਾਂ ਪਹਿਲਾਂ ਹੀ ਅਨੇਕ ਧੜੇ ਹਨ, ਜਿਨ੍ਹਾਂ ਵਿਚ ਹੁਣੇ-ਹੁਣੇ ਬਣਿਆਂ ਵਾਰਿਸ ਪੰਜਾਬ ਦੇ ਸ਼ਾਮਲ ਹੋਇਆ ਹੈ। ਇੱਕ ਕਹਾਵਤ ਹੈ 'ਕੁੰਡੀਆਂ ਦੇ ਸਿੰਗ ਫਸਗੇ ਕੋਈ ਨਿਤਰੂ ਵੜੇਵੇਂ ਖਾਣੀ', ਭਾਵ ਅਸਲ ਸ਼੍ਰੋਮਣੀ ਅਕਾਲੀ ਦਲ ਦਾ ਫ਼ੈਸਲਾ ਪੰਜਾਬ ਦੇ ਲੋਕ ਕਰਨਗੇ। ਲੋਕ ਸਭਾ ਦੀਆਂ ਚੋਣਾਂ ਵਿਚ ਜਦੋਂ ਅਕਾਲੀ ਇੱਕਮੁੱਠ ਸੀ, ਤਾਂ 11 ਲੋਕ ਸਭਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ ਪ੍ਰੰਤੂ ਹੁਣ ਤਾਂ ਸੁਧਾਰ ਲਹਿਰ ਵਾਲੇ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਸ਼ੀਰਵਾਦ ਪ੍ਰਾਪਤ ਹੈ, ਉਹ ਬਾਹਰ ਰਹਿ ਗਏ ਹਨ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਕਿਹੜੀ ਜਾਦੂ ਦੀ ਛੜੀ ਨਾਲ ਜਿੱਤੀਆਂ ਜਾ ਸਕਣਗੀਆਂ? ਬਾਦਲ ਧੜਾ 27 ਲੱਖ ਮੈਂਬਰਸ਼ਿਪ ਦੀ ਗੱਲ ਕਰਦਾ ਹੈ, ਇਤਨੀਆਂ ਵੋਟਾਂ ਨਾ ਤਾਂ 2022 ਦੀਆਂ ਵਿਧਾਨ ਸਭਾ ਵਿਚ ਅਤੇ ਨਾ ਹੀ ਲੋਕ ਸਭਾ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਈਆਂ ਸਨ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ 'ਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ, ਜਿਹੜੀ ਦੋ ਧੜਿਆਂ ਦਾਗ਼ੀ ਅਤੇ ਬਾਗ਼ੀ ਵਿਚ ਵੰਡੀ ਗਈ ਸੀ, ਨੂੰ ਤਨਖ਼ਾਹ ਲਗਾਈ ਗਈ ਸੀ। ਉਸ ਸਮੇਂ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਰਕਾਰ ਦੇ ਹੁੰਦਿਆਂ ਹੋਏ ਬਜ਼ਰ ਗੁਨਾਹਾਂ ਨੂੰ ਪ੍ਰਵਾਨ ਕੀਤਾ ਸੀ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੂੰ ਕਿਹਾ ਸੀ ਕਿ ਉਨ੍ਹਾਂ ਦੇ ਬਜ਼ਰ ਗੁਨਾਹਾਂ ਕਾਰਨ ਉਹ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਦੇ ਯੋਗ ਨਹੀਂ ਹਨ, ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨਵੇਂ ਸਿਰੇ ਤੋਂ ਕਰਕੇ ਨਵਾਂ ਪ੍ਰਧਾਨ ਚੁਣਿਆਂ ਜਾਵੇ। ਉਸ ਨਵੀਂ ਭਰਤੀ ਲਈ ਵੀ ਕੁਝ ਨਿਯਮਾਂ ਦਾ ਐਲਾਨ ਕੀਤਾ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਸਤੀਫ਼ਾ ਦੇ ਦੇਵੇ ਅਤੇ ਹੋਰ ਸਾਰੇ ਦਾਗ਼ੀ ਤੇ ਬਾਗੀ ਵੀ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦੇਣ ਤੇ ਫਿਰ ਇਹ ਸਾਰਿਆਂ ਦਾ ਇੱਕੋ ਅਕਾਲੀ ਦਲ ਨਵੀਂ ਭਰਤੀ ਨਾਲ ਬਣਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਦੀ ਨਿਗਰਾਨੀ ਲਈ ਸੱਤ ਮੈਂਬਰੀ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਬਣਾਈ ਗਈ। ਸੁਖਬੀਰ ਸਿੰਘ ਬਾਦਲ ਉਦੋਂ ਵੀ ਅਸਤੀਫਾ ਦੇਣ ਲਈ ਆਨਾਕਾਨੀ ਕਰਦਾ ਰਿਹਾ ਸੀ। ਸੁਖਬੀਰ ਸਿੰਘ ਬਾਦਲ ਦਾ ਸੱਤ ਮੈਂਬਰੀ ਕਮੇਟੀ ਦੀ ਭਰਤੀ ਤੋਂ ਬਿਨਾ ਹੀ ਅਕਾਲੀ ਦਲ ਦਾ ਪ੍ਰਧਾਨ ਆਪਣੇ ਧੜੇ ਵੱਲੋਂ ਬਣਾਏ ਗਏ ਡੈਲੀਗਟਾਂ ਰਾਹੀਂ ਬਣਨਾ ਸਿੱਖ ਕੌਮ ਲਈ ਹੈਰਾਨੀਜਨਕ ਤੇ ਸ਼ਰਮਨਾਕ ਗੱਲ ਹੈ। ਇੱਕ ਕਿਸਮ ਨਾਲ ਸੁਖਬੀਰ ਸਿੰਘ ਬਾਦਲ ਨੇ ਪੰਥਕ ਸੋਚ ਨੂੰ ਅਲਵਿਦਾ ਕਹਿ ਦਿੱਤਾ ਹੈ, ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੰਤਵ ਹੀ ਪੰਥਕ ਸੋਚ 'ਤੇ ਪਹਿਰਾ ਦੇਣਾ ਹੈ। ਇੱਕ ਪਾਸੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਟੀਮ ਹੀ ਪੰਥ ਦੀ ਅਗਵਾਈ ਕਰਨ ਦੇ ਯੋਗ ਨਹੀਂ, ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਅਵੱਗਿਆ ਕਰਕੇ ਆਪਣੇ ਆਪ ਹੀ ਆਪਣੇ ਧੜੇ ਵੱਲੋਂ ਪ੍ਰਧਾਨ ਚੁਣੇ ਜਾਣਾ, ਇੱਕ ਕਿਸਮ ਨਾਲ ਸ੍ਰੀ ਅਕਾਲ ਤਖ਼ਤ ਨੂੰ ਵੰਗਾਰਨਾ ਹੈ, ਜਿਸਨੂੰ ਸਮੁੱਚੇ ਸੰਸਾਰ ਵਿਚ ਵਸਦੇ ਪੰਥਕ ਸੋਚ ਵਾਲੇ ਸਿੱਖਾਂ ਨੇ ਬੁਰਾ ਮਨਾਇਆ ਹੈ। ਇਸ ਡੈਲੀਗੇਟ ਇਜਲਾਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ 2 ਦਸੰਬਰ ਨੂੰ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਦੇ ਖ਼ਿਤਾਬ ਨੂੰ ਰੱਦ ਕਰਨ ਦੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਅਪੀਲ ਕੀਤੀ ਗਈ। ਇਸ ਅਪੀਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਫ਼ਖ਼ਰ-ਏ-ਕੌਮ ਵਾਲਾ ਵਾਪਸ ਲੈਣ ਦਾ ਫ਼ੈਸਲਾ ਵੀ ਰੱਦ ਕੀਤਾ ਜਾਵੇਗਾ। ਸਿੱਖ ਕੌਮ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਤ੍ਰਾਸਦੀ ਰਹੀ ਹੈ ਕਿ ਉਹ ਹਮੇਸ਼ਾ ਆਪਸ ਵਿਚ ਉਲਝਕੇ ਹੀ ਸਿੱਖ ਕੌਮ ਤੇ ਪੰਥ ਦਾ ਨੁਕਸਾਨ ਕਰਦੇ ਆ ਰਹੇ ਹਨ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਏਕਤਾ ਦਾ ਰਾਹ ਸਾਫ਼ ਕੀਤਾ ਸੀ, ਤਾਂ ਇਹ ਛੋਟੇ-ਛੋਟੇ ਅਹੁਦਿਆਂ ਕਰਕੇ ਪੰਥ ਦੀ ਬੇੜੀ ਵਿਚ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਵੱਟੇ ਪਾ ਰਹੇ ਹਨ। ਦੋਹਾਂ ਧੜਿਆਂ ਦੀ ਇਸ ਆਪਸੀ ਲੜਾਈ ਨੇ ਸਿੱਖ ਪੰਥ ਦਾ ਵਕਾਰ ਸਮੁੱਚੇ ਸੰਸਾਰ ਵਿਚ ਡਾਵਾਂਡੋਲ ਕਰ ਦਿੱਤਾ ਹੈ। ਇੱਕ ਪਾਸੇ ਸਿੱਖ ਆਪਣੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਵੋਤਮ ਤੇ ਸਾਰੀ ਕੌਮ ਦਾ ਰਹਿਨੁਮਾ ਕਹਿੰਦੇ ਹਨ, ਜਿਸ 'ਤੇ ਦੇਸ਼ ਦਾ ਕੋਈ ਕਾਨੂੰਨ ਲਾਗੂ ਹੀ ਨਹੀਂ ਹੁੰਦਾ, ਦੂਜੇ ਪਾਸੇ ਆਪ ਹੀ ਉਸਨੂੰ ਵੰਗਾਰ ਰਹੇ ਹਨ। ਜੇਕਰ ਅਕਾਲੀ ਦਲ ਦੇ ਦੋਵੇਂ ਧੜੇ ਦਾਗ਼ੀ ਤੇ ਬਾਗੀ ਇਸੇ ਤਰ੍ਹਾਂ ਲੜਦੇ ਰਹੇ, ਤਾਂ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਦਲ ਦਾ ਅਜਿਹਾ ਨੁਕਸਾਨ ਹੋ ਜਾਵੇਗਾ, ਜਿਸਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਹੋ ਸਕਦਾ ਤੀਜਾ ਧੜਾ ਬਾਜ਼ੀ ਮਾਰ ਜਾਵੇ। ਦੋਵੇਂ ਧੜੇ ਇੱਕ ਦੂਜੇ ਨੂੰ ਭਾਰਤੀ ਜਨਤਾ ਪਾਰਟੀ ਦੀ ਅੰਦਰਖਾਤੇ ਸਪੋਰਟ ਦਾ ਇਲਜ਼ਾਮ ਲਗਾ ਰਹੇ ਹਨ। ਹਾਲਾਂਕਿ ਅਕਾਲੀ ਦਲ ਨੂੰ ਪਤਾ ਹੈ ਕਿ ਉਹ ਪੰਜਾਬ ਵਿਚ ਕਿਸੇ ਦੂਜੀ ਧਿਰ ਦੀ ਸਪੋਰਟ ਤੋਂ ਬਿਨਾ ਸਰਕਾਰ ਨਹੀਂ ਬਣਾ ਸਕਦੇ, ਫਿਰ ਵੀ ਇੱਕ ਦੂਜੇ ਨੂੰ ਕੋਸੀ ਜਾ ਰਹੇ ਹਨ। ਹਰਜਿੰਦਰ ਸਿੰਘ ਧਾਮੀ ਨੇ ਸੁਖਬੀਰ ਸਿੰਘ ਬਾਦਲ ਨੂੰ ਵਧਾਈ ਦੇ ਕੇ ਉਹ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਤੋਂ ਮੁਨਕਰ ਹੋ ਗਏ ਹਨ।

ਸੁਖਬੀਰ ਸਿੰਘ ਬਾਦਲ ਨੂੰ ਪਹਿਲੀ ਵਾਰ ਆਪਣੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਛਤਰ-ਛਾਇਆ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ 2007 ਵਿਚ ਬਣੀ ਸਾਂਝੀ ਸਰਕਾਰ ਤੋਂ ਤੁਰੰਤ ਬਾਅਦ ਐਕਟਿੰਗ ਪ੍ਰਧਾਨ ਬਣਾਇਆ ਗਿਆ ਸੀ। ਉਦੋਂ ਪ੍ਰਕਾਸ਼ ਸਿੰਘ ਬਾਦਲ ਨੇ ਉਸਨੂੰ ਐਕਟਿੰਗ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਬਣਾਕੇ ਇੱਕ ਕਿਸਮ ਨਾਲ ਆਪਣਾ ਰਾਜਨੀਤਿਕ ਵਾਰਸ ਬਣਾਉਣ ਦਾ ਐਲਾਨ ਕਰ ਦਿੱਤਾ ਸੀ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਬਣ ਗਏ ਸਨ। ਉਸ ਸਮੇਂ ਡੈਲੀਗੇਟ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਦੇ ਨਾਮ ਦੀ ਤਜਵੀਜ਼ ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਤੇ ਇਸਦੀ ਤਾਈਦ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਕੀਤੀ ਸੀ। ਇਸ ਤੋਂ ਬਾਅਦ 30 ਜਨਵਰੀ 2008 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਵਿਚ ਹੋਏ ਇਜਲਾਸ ਵਿਚ ਸੁਖਬੀਰ ਸਿੰਘ ਬਾਦਲ ਨੂੰ ਰੈਗੂਲਰ ਪ੍ਰਧਨ ਚੁਣ ਲਿਆ ਸੀ। ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਵਿਚ ਬੜੇ ਉਤਰਾਅ ਚੜ੍ਹਾਅ ਆਏ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੀ ਬਣੀ ਅਤੇ ਸਭ ਤੋਂ ਨੀਵੇਂ ਪੱਧਰ ਤੱਕ ਵੀ ਸ਼੍ਰੋਮਣੀ ਅਕਾਲੀ ਦਲ ਪਹੁੰਚ ਗਿਆ, ਜਦੋਂ ਉਸਦੇ ਲੋਕ ਸਭਾ ਦੇ 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਹੀ ਜ਼ਬਤ ਹੋ ਗਈਆਂ ਸਨ। ਵਿਧਾਨ ਸਭਾ ਵਿਚ ਵੀ ਤਿੰਨ ਹੀ ਵਿਧਾਨਕਾਰ ਜਿੱਤੇ ਸਨ। ਸੁਖਬੀਰ ਸਿੰਘ ਬਾਦਲ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿਚ ਡਿਪਟੀ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਮੰਤਰੀ ਵੀ ਰਹੇ। ਉਨ੍ਹਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ, ਸਿਰਸਾ ਡੇਰਾ ਦੇ ਮੁੱਖੀ ਰਾਮ ਰਹੀਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਬਸਤਰ ਪਹਿਨਕੇ ਅੰਮ੍ਰਿਤ ਛਕਾਉਣ ਦੇ ਇਲਜ਼ਾਮ ਦੀ ਮੁਆਫੀ ਦੇ ਕੇ ਮੁੜ ਪੰਥ ਵਿਚ ਸ਼ਾਮਲ ਕਰ ਲਿਆ ਸੀ। ਰਾਮ ਰਹੀਮ ਵਿਰੁੱਧ ਕੇਸ ਬਾਦਲ ਸਰਕਾਰ ਨੇ ਬਠਿੰਡਾ ਦੀ ਕਚਹਿਰੀ ਵਿਚੋਂ ਵਾਪਸ ਲੈ ਲਿਆ। ਜਿਸਦਾ ਸਮੁੱਚੇ ਪੰਜਾਬ ਨੇ ਵਿਰੋਧ ਕੀਤਾ, ਜਿਸ ਕਰਕੇ ਅਕਾਲੀ ਦਲ ਦੇ ਵਜ਼ੀਰਾਂ ਅਤੇ ਹੋਰ ਅਹੁਦੇਦਾਰਾਂ ਨੂੰ ਪਿੰਡਾਂ ਵਿਚ ਵੜਨਾ ਅਸੰਭਵ ਹੋ ਗਿਆ। ਫਿਰ ਉਸ ਹੁਕਮਨਾਮੇ ਨੂੰ ਸਹੀ ਸਾਬਤ ਕਰਨ ਲਈ 90 ਲੱਖ ਦੇ ਇਸ਼ਤਿਹਾਰ ਅਖ਼ਬਾਰਾਂ ਨੂੰ ਦਿੱਤੇ ਗਏ। ਇਸ ਸਮੇਂ ਬਹਿਬਲ ਕਲਾਂ ਵਿਖੇ ਪੁਲਿਸ ਵੱਲੋਂ ਦੋ ਸਿੰਘ ਧਰਨਾ ਦਿੰਦੇ ਸ਼ਹੀਦ ਕਰ ਦਿੱਤੇ ਗਏ। ਕਹਿਣ ਤੋਂ ਭਾਵ ਪੰਥਕ ਸਰਕਾਰ ਨੇ ਗ਼ੈਰ ਪੰਥਕ ਕੰਮ ਕੀਤੇ। ਸੁਖਬੀਰ ਸਿੰਘ ਬਾਦਲ ਨੇ ਮੁੜ ਪ੍ਰਧਾਨ ਬਣਨ ਲਈ ਬੜੇ ਵੇਲਣ ਵੇਲੇ ਹਨ। ਜਿਹੜੇ ਜਥੇਦਾਰਾਂ ਨੇ ਸੁਖਬੀਰ ਬਾਦਲ ਨੂੰ ਸਜ਼ਾ ਲਗਾਈ ਅਤੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਵਾਪਸ ਲਿਆ ਸੀ, ਉਨ੍ਹਾਂ ਨੂੰ ਪੜਾਅਵਾਰ ਅਹੁਦਿਆਂ ਤੋਂ ਆਪਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਤੋਂ ਅਹੁਦਿਆਂ ਤੋਂ ਹਟਾ ਦਿੱਤਾ ਗਿਆ, ਤਾਂ ਜੋ ਉਹ ਮੁੜਕੇ ਪ੍ਰਧਾਨ ਬਣ ਸਕੇ ਅਤੇ ਫ਼ਖ਼ਰ-ਏ-ਕੌਮ ਦਾ ਫ਼ੈਸਲਾ ਰੱਦ ਕੀਤਾ ਜਾ ਸਕੇ। ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਸਾਫ਼ ਜ਼ਾਹਰ ਹੋ ਗਿਆ ਹੈ ਕਿ ਅਕਾਲੀ ਦਲ ਦਾ ਭਵਿੱਖ ਅਤਿਅੰਤ ਖ਼ਤਰੇ ਵਿਚ ਹੈ। ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਸਿਆਸੀ ਤਾਕਤ ਤੋਂ ਬਿਨਾ ਰਹਿਣ ਲਈ ਅਜਿਹੇ ਬਜ਼ਰ ਗੁਨਾਹ ਦੁਬਾਰਾ ਕਰਨ ਲਈ ਮਜਬੂਰ ਹੋ ਰਿਹਾ ਹੈ। ਹੁਣ ਤਾਂ ਅਕਾਲੀ ਦਲ ਅਤੇ ਪੰਥ ਦਾ ਵਾਹਿਗੁਰੂ ਹੀ ਰਾਖਾ ਹੈ ਪ੍ਰੰਤੂ ਸਿੱਖਾਂ ਨੇ ਉਸਨੂੰ ਖ਼ਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।



# ਅਕਾਲੀ ਦਲ ਵੱਲੋਂ ਮੁੱਖ ਪੰਜਾਬ ਮੁੱਦਿਆਂ ਨੂੰ ਤਿਆਗਣਾ: ਇੱਕ ਆਲੋਚਨਾਤਮਕ ਵਿਸ਼ਲੇਸ਼ਣ

- ਸਤਨਾਮ ਸਿੰਘ ਚਾਹਲ
ਮਿਲਪੀਟਸ
408-221-5732
ਪੰਜਾਬ ਮੇਲ USA



ਸ਼੍ਰੋਮਣੀ ਅਕਾਲੀ ਦਲ ਜੋ ਕਦੇ ਪੰਜਾਬ ਦੀਆਂ ਵੱਖਰੀਆਂ ਖੇਤਰੀ ਇੱਛਾਵਾਂ ਅਤੇ ਸਿੱਖ ਹਿੱਤਾਂ ਦਾ ਮੁੱਖ ਚੈਂਪੀਅਨ ਸੀ, ਨੇ ਦਹਾਕਿਆਂ ਤੋਂ ਹੌਲੀ-ਹੌਲੀ ਆਪਣੇ ਆਪ ਨੂੰ ਕਈ ਬੁਨਿਆਦੀ ਮੁੱਦਿਆਂ ਤੋਂ ਦੂਰ ਕਰ ਲਿਆ ਹੈ, ਜੋ ਕਦੇ ਇਸਦੀ ਰਾਜਨੀਤਿਕ ਪਛਾਣ ਅਤੇ ਲਾਮਬੰਦੀ ਰਣਨੀਤੀ ਦਾ ਮੁੱਖ ਹਿੱਸਾ ਬਣਦੇ ਸਨ। ਇਹ ਰਾਜਨੀਤਿਕ ਵਿਕਾਸ ਪਾਰਟੀ ਦੀ ਲੰਬੇ ਸਮੇਂ ਤੋਂ ਚੱਲ ਰਹੀਆਂ ਪੰਜਾਬ-ਵਿਸ਼ੇਸ਼ ਚਿੰਤਾਵਾਂ ਪ੍ਰਤੀ ਵਚਨਬੱਧਤਾ ਬਾਰੇ ਡੂੰਘੇ ਸਵਾਲ ਖੜ੍ਹੇ ਕਰਦਾ ਹੈ, ਜੋ ਸਾਲਾਂ ਦੀ ਵਕਾਲਤ ਦੇ ਬਾਵਜੂਦ ਅਣਸੁਲਝੀਆਂ ਹਨ। ਵਧੇਰੇ ਰਾਜ ਦੀ ਖੁਦਮੁਖਤਿਆਰੀ ਦੀਆਂ ਮੰਗਾਂ ਤੋਂ ਲੈ ਕੇ ਸਿੱਖ ਵਿਰੋਧੀ ਹਿੰਸਾ ਦੇ ਪੀੜਤਾਂ ਲਈ ਨਿਆਂ ਤੱਕ, ਸ਼੍ਰੋਮਣੀ ਅਕਾਲੀ ਦਲ ਨੇ ਕਈ ਮੋਰਚਿਆਂ 'ਤੇ ਆਪਣੇ ਰੁਖ ਨੂੰ ਨਰਮ ਕੀਤਾ ਜਾਪਦਾ ਹੈ, ਜੋ ਕਦੇ ਇਸਦੇ ਰਾਜਨੀਤਿਕ ਮਿਸ਼ਨ ਨੂੰ ਪਰਿਭਾਸ਼ਿਤ ਕਰਦੇ ਸਨ ਅਤੇ ਇਸਨੂੰ ਰਾਸ਼ਟਰੀ ਪਾਰਟੀਆਂ ਤੋਂ ਵੱਖਰਾ ਕਰਦੇ ਸਨ। ਭਾਰਤ ਦੇ ਸੰਘੀ ਢਾਂਚੇ ਦੇ ਅੰਦਰ ਪੰਜਾਬ ਲਈ ਵਧੇਰੇ ਖੁਦਮੁਖਤਿਆਰੀ ਦੀ ਮੰਗ ਇਤਿਹਾਸਕ ਤੌਰ 'ਤੇ ਅਕਾਲੀ ਦਲ ਦੇ ਰਾਜਨੀਤਿਕ ਪਲੇਟਫਾਰਮ ਦਾ ਕੇਂਦਰ ਸੀ। 1973 ਦੇ ਅਨੰਦਪੁਰ ਸਾਹਿਬ ਦੇ ਮਤੇ ਵਿਚ ਸਭ ਤੋਂ ਸਪੱਸ਼ਟ ਤੌਰ 'ਤੇ ਪ੍ਰਗਟ ਕੀਤਾ ਗਿਆ, ਇਸ ਦ੍ਰਿਸ਼ਟੀਕੋਣ ਨੇ ਅਸਲ ਸੰਘਵਾਦ ਦੀ ਮੰਗ ਕੀਤੀ, ਜਿੱਥੇ ਰਾਜਾਂ ਦਾ ਆਪਣੇ ਮਾਮਲਿਆਂ 'ਤੇ ਵਧੇਰੇ ਨਿਯੰਤਰਣ ਹੋਵੇਗਾ, ਕੇਂਦਰੀ ਸਰਕਾਰ ਦੇ ਅਧਿਕਾਰ ਖੇਤਰ ਨੂੰ ਰੱਖਿਆ, ਵਿਦੇਸ਼ੀ ਮਾਮਲਿਆਂ, ਮੁਦਰਾ ਅਤੇ ਸੰਚਾਰ ਤੱਕ ਸੀਮਤ ਕਰਨਾ। ਹਾਲਾਂਕਿ, ਕੇਂਦਰ-ਰਾਜ ਸਬੰਧਾਂ ਦੇ ਇਸ ਬੁਨਿਆਦੀ ਪੁਨਰਗਠਨ ਲਈ ਪਾਰਟੀ ਦੀ ਵਕਾਲਤ ਕਾਫ਼ੀ ਘੱਟ ਗਈ ਕਿਉਂਕਿ ਇਹ ਰਾਸ਼ਟਰੀ ਗੱਠਜੋੜ ਰਾਜਨੀਤੀ ਵਿਚ ਤੇਜ਼ੀ ਨਾਲ ਏਕੀਕ੍ਰਿਤ ਹੁੰਦੀ ਗਈ।

ਭਾਜਪਾ ਨਾਲ ਆਪਣੇ ਲੰਬੇ ਸਮੇਂ ਦੇ ਗੱਠਜੋੜ ਅਤੇ ਕੇਂਦਰ ਵਿਚ ਐੱਨ.ਡੀ.ਏ. ਸਰਕਾਰ ਵਿਚ ਭਾਗੀਦਾਰੀ ਦੌਰਾਨ, ਅਕਾਲੀ ਲੀਡਰਸ਼ਿਪ ਨੇ ਰਾਜ ਦੀ ਖੁਦਮੁਖਤਿਆਰੀ 'ਤੇ ਆਪਣੀ ਬਿਆਨਬਾਜ਼ੀ ਨੂੰ ਧਿਆਨ ਨਾਲ ਸੰਜਮਿਤ ਕੀਤਾ, ਖਾਸ ਕਰਕੇ ਉਨ੍ਹਾਂ ਸਮਿਆਂ ਦੌਰਾਨ ਜਦੋਂ ਇਹ ਪੰਜਾਬ ਵਿਚ ਸੱਤਾ ਵਿਚ ਸੀ। ਇਹ ਪਿੱਛੇ ਹਟਣਾ ਸੰਘਵਾਦ ਤੇ ਆਪਣੀ ਸਥਿਤੀ ਦੇ ਸਿਧਾਂਤਕ ਵਿਕਾਸ ਦੀ ਬਜਾਏ ਰਾਜਨੀਤਿਕ ਸੁਵਿਧਾ ਅਤੇ ਗੱਠਜੋੜ ਰਾਜਨੀਤੀ ਦੀਆਂ ਮਜਬੂਰੀਆਂ ਨੂੰ ਦਰਸਾਉਂਦਾ ਪ੍ਰਤੀਤ ਹੁੰਦਾ ਸੀ। 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਚੰਡੀਗੜ੍ਹ ਦਾ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਵਜੋਂ ਕੰਮ ਕਰਨ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਦਰਜਾ ਇੱਕ ਵਿਵਾਦਪੂਰਨ ਮੁੱਦਾ ਬਣਿਆ ਹੋਇਆ ਹੈ। 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ ਸਮੇਤ ਕਈ ਸਮਝੌਤਿਆਂ ਵਿਚ ਚੰਡੀਗੜ੍ਹ ਨੂੰ ਪੰਜਾਬ ਵਿਚ ਤਬਦੀਲ ਕਰਨ ਦਾ ਵਾਅਦਾ ਕੀਤਾ ਗਿਆ ਸੀ, ਫਿਰ ਵੀ ਇਹ ਵਾਅਦੇ ਲਗਭਗ ਚਾਰ ਦਹਾਕਿਆਂ ਬਾਅਦ ਵੀ ਅਧੂਰੇ ਹਨ। ਰਾਜ ਵਿਚ ਅਤੇ ਕੇਂਦਰ ਵਿਚ ਸੱਤਾਧਾਰੀ ਗੱਠਜੋੜਾਂ ਦੇ ਹਿੱਸੇ ਵਜੋਂ ਕਈ ਵਾਰ ਸੱਤਾ ਸੰਭਾਲਣ ਦੇ ਬਾਵਜੂਦ, ਅਕਾਲੀ ਦਲ ਨੇ ਹੌਲੀ-ਹੌਲੀ ਇਸ ਮੁੱਦੇ 'ਤੇ ਆਪਣਾ ਜ਼ੋਰ ਘਟਾ ਦਿੱਤਾ। ਅਕਾਲੀ-ਭਾਜਪਾ ਸਰਕਾਰਾਂ ਦੌਰਾਨ, ਖਾਸ ਕਰਕੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ, ਚੰਡੀਗੜ੍ਹ ਦੇ ਤਬਾਦਲੇ ਲਈ ਜਨਤਕ ਵਕਾਲਤ ਖਾਸ ਤੌਰ 'ਤੇ ਚੁੱਪ ਹੋ ਗਈ। ਪਾਰਟੀ ਇਸ ਲੰਬੇ ਸਮੇਂ ਤੋਂ ਚੱਲ ਰਹੇ ਖੇਤਰੀ ਵਿਵਾਦ ਦੇ ਹੱਲ ਲਈ ਦਬਾਅ ਪਾਉਣ ਲਈ ਆਪਣੀ ਰਾਜਨੀਤਿਕ ਸਥਿਤੀ ਦਾ ਲਾਭ ਉਠਾਉਣ ਤੋਂ ਝਿਜਕਦੀ ਦਿਖਾਈ ਦਿੱਤੀ, ਉਦੋਂ ਵੀ ਜਦੋਂ ਇਸ ਕੋਲ ਰਾਜ ਅਤੇ ਕੇਂਦਰੀ ਪੱਧਰ 'ਤੇ ਮਹੱਤਵਪੂਰਨ ਰਾਜਨੀਤਿਕ ਪੂੰਜੀ ਸੀ।

ਗੁਆਂਢੀ ਰਾਜਾਂ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਮਿਲਾਉਣ ਦੀ ਮੰਗ ਵੀ ਅਕਾਲੀ ਏਜੰਡੇ ਤੋਂ ਇਸੇ ਤਰ੍ਹਾਂ ਅਲੋਪ ਹੋ ਗਈ ਹੈ। 1966 ਵਿਚ ਰਾਜ ਦੇ ਭਾਸ਼ਾਈ ਪੁਨਰਗਠਨ ਤੋਂ ਬਾਅਦ, ਅਕਾਲੀ ਦਲ ਨੇ ਲਗਾਤਾਰ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਵਕਾਲਤ ਕੀਤੀ ਸੀ। ਇਨ੍ਹਾਂ ਖੇਤਰਾਂ ਵਿਚ ਮੌਜੂਦਾ ਹਰਿਆਣਾ ਦੇ ਕੁਝ ਹਿੱਸੇ ਸ਼ਾਮਲ ਹਨ, ਜਿਵੇਂ ਕਿ ਅੰਬਾਲਾ, ਕੁਰੂਕਸ਼ੇਤਰ ਅਤੇ ਕਰਨਾਲ, ਜਿਨ੍ਹਾਂ ਵਿਚ ਕਾਫ਼ੀ ਪੰਜਾਬੀ ਬੋਲਦੇ ਆਬਾਦੀ ਹੈ। ਹਾਲਾਂਕਿ, ਸਮੇਂ ਦੇ ਨਾਲ, ਇਸ ਖੇਤਰੀ ਸਮਾਯੋਜਨ ਲਈ ਪਾਰਟੀ ਦੀ ਵਕਾਲਤ ਕਾਫ਼ੀ ਘੱਟ ਗਈ। ਗੁਆਂਢੀ ਰਾਜਾਂ ਅਤੇ ਕੇਂਦਰ ਸਰਕਾਰ ਨਾਲ ਸੁਹਿਰਦ ਸਬੰਧ ਬਣਾਈ ਰੱਖਣ ਦੀ ਜ਼ਰੂਰਤ ਸਮੇਤ ਚੋਣ ਗਣਨਾਵਾਂ, ਭਾਸ਼ਾਈ ਨਿਆਂ ਦੇ ਅਧਾਰ ਤੇ ਇੱਕ ਗੈਰ-ਗੱਲਬਾਤਯੋਗ ਮੰਗ ਨਾਲੋਂ ਵੱਧ ਤਰਜੀਹ ਲੈਂਦੀਆਂ ਜਾਪਦੀਆਂ ਹਨ। ਆਪਣੇ ਸ਼ਾਸਨ ਕਾਲ ਦੌਰਾਨ ਇਸ ਮੁੱਦੇ 'ਤੇ ਪਾਰਟੀ ਦੀ ਚੁੱਪੀ ਇੱਕ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਮੰਗ ਤੋਂ ਇੱਕ ਗਿਣਿਆ-ਮਿਣਿਆ ਰਾਜਨੀਤਿਕ ਪਿੱਛੇ ਹਟਣ ਦਾ ਸੰਕੇਤ ਦਿੰਦੀ ਹੈ।

ਪੰਜਾਬ ਦਾ ਆਪਣੇ ਦਰਿਆਈ ਪਾਣੀਆਂ ਅਤੇ ਡੈਮਾਂ ਅਤੇ ਪਣ-ਬਿਜਲੀ ਪ੍ਰੋਜੈਕਟਾਂ ਦੇ ਪ੍ਰਬੰਧਨ 'ਤੇ ਨਿਯੰਤਰਣ ਇੱਕ ਨਿਰੰਤਰ ਚਿੰਤਾ ਦਾ ਵਿਸ਼ਾ ਰਿਹਾ ਹੈ, ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐੱਮ.ਬੀ.) ਵਿਵਾਦ ਦਾ ਇੱਕ ਖਾਸ ਬਿੰਦੂ ਹੈ। ਅਕਾਲੀ ਦਲ ਨੇ ਇਤਿਹਾਸਕ ਤੌਰ 'ਤੇ ਪੰਜਾਬ ਲਈ ਵਧੇਰੇ ਪ੍ਰਤੀਨਿਧਤਾ ਅਤੇ ਰਾਜ ਵਿਚੋਂ ਨਿਕਲਣ ਵਾਲੇ ਜਾਂ ਵਹਿਣ ਵਾਲੇ ਜਲ ਸਰੋਤਾਂ 'ਤੇ ਵਧੇਰੇ ਨਿਯੰਤਰਣ ਦੀ ਮੰਗ ਕੀਤੀ ਸੀ, ਉਨ੍ਹਾਂ ਨੂੰ ਰਾਜ ਦੀ ਮੁੱਖ ਤੌਰ 'ਤੇ ਖੇਤੀਬਾੜੀ ਆਰਥਿਕਤਾ ਲਈ ਮਹੱਤਵਪੂਰਨ ਮੰਨਦੇ ਹੋਏ। ਪੰਜਾਬ ਦੇ ਕਿਸਾਨ ਭਾਈਚਾਰੇ ਲਈ ਜਲ ਸਰੋਤਾਂ ਦੀ ਮਹੱਤਵਪੂਰਨ ਮਹੱਤਤਾ ਦੇ ਬਾਵਜੂਦ, ਜੋ ਕਿ ਅਕਾਲੀ ਦਲ ਦੇ ਰਵਾਇਤੀ ਸਮਰਥਨ ਅਧਾਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਇਸ ਮੁੱਦੇ 'ਤੇ ਪਾਰਟੀ ਦੀ ਵਕਾਲਤ ਸੱਤਾ ਦੇ ਸਮੇਂ ਦੌਰਾਨ ਹੋਰ ਵੀ ਘੱਟ ਹੋ ਗਈ। ਬੀ.ਬੀ.ਐੱਮ.ਬੀ. ਦੇ ਢਾਂਚੇ ਜਾਂ ਕੰਮਕਾਜ ਵਿਚ ਮਹੱਤਵਪੂਰਨ ਸੁਧਾਰਾਂ ਨੂੰ ਸੁਰੱਖਿਅਤ ਕਰਨ ਵਿਚ ਅਸਫਲਤਾ, ਜਿਸ ਨਾਲ ਪੰਜਾਬ ਨੂੰ ਆਪਣੇ ਜਲ ਸਰੋਤਾਂ 'ਤੇ ਵਧੇਰੇ ਨਿਯੰਤਰਣ ਮਿਲਦਾ, ਰਾਜ ਦੇ ਆਰਥਿਕ ਹਿੱਤਾਂ ਲਈ ਮਹੱਤਵਪੂਰਨ ਸਥਿਤੀ ਤੋਂ ਇੱਕ ਮਹੱਤਵਪੂਰਨ ਪਿੱਛੇ ਹਟਣ ਨੂੰ ਦਰਸਾਉਂਦੀ ਹੈ।

ਸਿੱਖ ਕੈਦੀਆਂ ਦੀ ਰਿਹਾਈ ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਪਰ ਅਜੇ ਵੀ ਕੈਦ ਹਨ, ਸਿੱਖ ਭਾਈਚਾਰੇ ਵਿਚ ਇੱਕ ਹੋਰ ਸੰਵੇਦਨਸ਼ੀਲ ਮੁੱਦਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਵਿਅਕਤੀਆਂ ਨੂੰ ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਦੌਰਾਨ ਹਿਰਾਸਤ ਵਿਚ ਲਿਆ ਗਿਆ ਸੀ ਅਤੇ ਕਈ ਦਹਾਕੇ ਜੇਲ੍ਹ ਵਿਚ ਬਿਤਾਏ ਹਨ, ਅਕਸਰ ਆਪਣੀਆਂ ਅਸਲ ਸਜ਼ਾਵਾਂ ਤੋਂ ਵੱਧ। ਅਕਾਲੀ ਦਲ ਨੇ ਇਤਿਹਾਸਕ ਤੌਰ 'ਤੇ ਮਨੁੱਖੀ ਆਧਾਰਾਂ ਅਤੇ ਕਾਨੂੰਨੀ ਸਿਧਾਂਤਾਂ 'ਤੇ ਉਨ੍ਹਾਂ ਦੀ ਰਿਹਾਈ ਦੀ ਵਕਾਲਤ ਕੀਤੀ ਸੀ, ਸੰਘਰਸ਼ ਤੋਂ ਬਾਅਦ ਦੇ ਪੰਜਾਬ ਵਿਚ ਸੁਲ੍ਹਾ ਅਤੇ ਇਲਾਜ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਸੀ। ਹਾਲਾਂਕਿ, ਆਪਣੇ ਸ਼ਾਸਨ ਕਾਲ ਦੌਰਾਨ, ਖਾਸ ਕਰਕੇ ਜਦੋਂ ਭਾਜਪਾ ਨਾਲ ਗੱਠਜੋੜ ਵਿਚ ਸੀ, ਇਸ ਮੁੱਦੇ 'ਤੇ ਪਾਰਟੀ ਦੀ ਵਕਾਲਤ ਕਾਫ਼ੀ ਘੱਟ ਜ਼ੋਰਦਾਰ ਹੋ ਗਈ। ਰਾਜ ਵਿਚ ਅਤੇ ਕੇਂਦਰ ਸਰਕਾਰ ਦੇ ਹਿੱਸੇ ਵਜੋਂ ਆਪਣੇ ਰਾਜਨੀਤਿਕ ਲਾਭ ਦੀ ਵਰਤੋਂ ਕਰਨ ਦੇ ਮੌਕਿਆਂ ਦੇ ਬਾਵਜੂਦ, ਅਕਾਲੀ ਲੀਡਰਸ਼ਿਪ ਇਨ੍ਹਾਂ ਕੈਦੀਆਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਵਿਚ ਅਸਫਲ ਰਹੀ, ਜਿਸ ਨਾਲ ਇਸਦੇ ਮੁੱਖ ਹਲਕੇ ਲਈ ਡੂੰਘੀ ਮਹੱਤਤਾ ਵਾਲੇ ਮੁੱਦੇ ਪ੍ਰਤੀ ਇਸਦੀ ਵਚਨਬੱਧਤਾ 'ਤੇ ਸਵਾਲ ਖੜ੍ਹੇ ਹੋਏ।

ਸਿੱਖ ਹਿੱਤਾਂ ਦੇ ਪ੍ਰਤੀਨਿਧੀ ਵਜੋਂ ਅਕਾਲੀ ਦਲ ਦੀ ਭਰੋਸੇਯੋਗਤਾ ਲਈ ਸ਼ਾਇਦ ਸਭ ਤੋਂ ਵੱਧ ਨੁਕਸਾਨਦੇਹ 1984 ਦੀ ਸਿੱਖ ਵਿਰੋਧੀ ਹਿੰਸਾ ਦੇ ਪੀੜਤਾਂ ਲਈ ਇਨਸਾਫ਼ ਨੂੰ ਸੰਭਾਲਣਾ ਰਿਹਾ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਪੂਰੇ ਭਾਰਤ ਵਿਚ, ਖਾਸ ਕਰਕੇ ਦਿੱਲੀ ਵਿਚ ਸੰਗਠਿਤ ਹਿੰਸਾ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਪੀੜਤਾਂ ਲਈ ਇਨਸਾਫ਼ ਅਤੇ ਜ਼ਿੰਮੇਵਾਰਾਂ ਨੂੰ ਸਜ਼ਾ ਦੁਨੀਆਂ ਭਰ ਦੇ ਸਿੱਖ ਭਾਈਚਾਰੇ ਵੱਲੋਂ ਇੱਕ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਸਿੱਖ ਹਿੱਤਾਂ ਦੇ ਮੁੱਖ ਰਾਜਨੀਤਿਕ ਪ੍ਰਤੀਨਿਧੀ ਵਜੋਂ, ਅਕਾਲੀ ਦਲ ਨੇ ਪੀੜਤਾਂ ਲਈ ਇਨਸਾਫ਼ ਅਤੇ ਦੋਸ਼ੀਆਂ ਲਈ ਜਵਾਬਦੇਹੀ ਦਾ ਵਾਅਦਾ ਕੀਤਾ ਸੀ। ਕਈ ਮੌਕਿਆਂ ਦੇ ਬਾਵਜੂਦ, ਜਿਨ੍ਹਾਂ ਵਿਚ ਉਹ ਸਮਾਂ ਵੀ ਸ਼ਾਮਲ ਹੈ, ਜਦੋਂ ਇਹ ਕੇਂਦਰ ਵਿਚ ਸੱਤਾਧਾਰੀ ਗੱਠਜੋੜ ਦਾ ਹਿੱਸਾ ਸੀ, ਪਾਰਟੀ ਹਿੰਸਾ ਦੇ ਪ੍ਰਬੰਧਕਾਂ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਵਿਚ ਅਰਥਪੂਰਨ ਪ੍ਰਗਤੀ ਪ੍ਰਾਪਤ ਕਰਨ ਵਿਚ ਅਸਫਲ ਰਹੀ। ਆਲੋਚਕਾਂ ਦਾ ਤਰਕ ਹੈ ਕਿ ਪਾਰਟੀ ਦੀ ਲੀਡਰਸ਼ਿਪ ਨੇ ਹਾਲ ਹੀ ਦੇ ਸਿੱਖ ਇਤਿਹਾਸ ਵਿਚ ਸਭ ਤੋਂ ਦੁਖਦਾਈ ਘਟਨਾਵਾਂ ਵਿਚੋਂ ਇੱਕ ਲਈ ਨਿਆਂ ਦੀ ਪੈਰਵੀ ਕਰਨ ਨਾਲੋਂ ਰਾਜਨੀਤਿਕ ਗੱਠਜੋੜਾਂ ਅਤੇ ਸ਼ਕਤੀ-ਵੰਡ ਪ੍ਰਬੰਧਾਂ ਨੂੰ ਤਰਜੀਹ ਦਿੱਤੀ, ਜਿਸ ਨਾਲ ਭਾਈਚਾਰੇ ਦੇ ਅੰਦਰ ਇਸਦੇ ਨੈਤਿਕ ਅਧਿਕਾਰ ਨੂੰ ਕਾਫ਼ੀ ਹੱਦ ਤੱਕ ਕਮਜ਼ੋਰ ਕੀਤਾ ਗਿਆ।

ਅਕਾਲੀ ਦਲ ਦੇ ਇਨ੍ਹਾਂ ਮੁੱਖ ਪੰਜਾਬ ਮੁੱਦਿਆਂ ਤੋਂ ਪਿੱਛੇ ਹਟਣ ਵਿਚ ਕਈ ਕਾਰਕਾਂ ਦਾ ਯੋਗਦਾਨ ਜਾਪਦਾ ਹੈ। ਭਾਜਪਾ ਨਾਲ ਪਾਰਟੀ ਦੇ ਲੰਬੇ ਸਮੇਂ ਤੋਂ ਚੱਲ ਰਹੇ ਗਠਜੋੜ ਲਈ ਉਨ੍ਹਾਂ ਮੁੱਦਿਆਂ 'ਤੇ ਸਮਝੌਤਾ ਕਰਨ ਦੀ ਲੋੜ ਸੀ, ਜੋ ਇਸਦੇ ਭਾਈਵਾਲ ਦੀਆਂ ਰਾਜਨੀਤਿਕ ਤਰਜੀਹਾਂ ਨਾਲ ਟਕਰਾ ਸਕਦੇ ਹਨ। ਜਿਵੇਂ ਕਿ ਭਾਜਪਾ ਸ਼ਾਸਨ ਦੇ ਵਧੇਰੇ ਕੇਂਦਰੀਕ੍ਰਿਤ ਦ੍ਰਿਸ਼ਟੀਕੋਣ ਦੇ ਨਾਲ ਇੱਕ ਪ੍ਰਮੁੱਖ ਰਾਸ਼ਟਰੀ ਸ਼ਕਤੀ ਵਜੋਂ ਉਭਰੀ, ਅਕਾਲੀ ਦਲ ਨੂੰ ਵਧੇਰੇ ਰਾਜ ਖੁਦਮੁਖਤਿਆਰੀ ਦੀ ਵਕਾਲਤ ਕਰਨਾ ਜਾਂ ਪੰਜਾਬ-ਵਿਸ਼ੇਸ਼ ਮੰਗਾਂ ਨੂੰ ਅੱਗੇ ਵਧਾਉਣਾ ਮੁਸ਼ਕਲ ਹੋ ਗਿਆ, ਜਿਨ੍ਹਾਂ ਨੂੰ ਚੁਣੌਤੀਪੂਰਨ ਕੇਂਦਰੀ ਅਧਿਕਾਰ ਵਜੋਂ ਦੇਖਿਆ ਜਾ ਸਕਦਾ ਹੈ। ਗਠਜੋੜ, ਸਥਿਰਤਾ ਅਤੇ ਸੱਤਾ ਤੱਕ ਪਹੁੰਚ ਪ੍ਰਦਾਨ ਕਰਦੇ ਹੋਏ, ਪਾਰਟੀ ਦੀ ਉਨ੍ਹਾਂ ਅਹੁਦਿਆਂ ਲਈ ਜ਼ਬਰਦਸਤੀ ਵਕਾਲਤ ਕਰਨ ਦੀ ਯੋਗਤਾ ਨੂੰ ਸੀਮਤ ਕਰਦਾ ਜਾਪਦਾ ਹੈ, ਜੋ ਇਸਦੀ ਇਤਿਹਾਸਕ ਪਛਾਣ ਦਾ ਮੂਲ ਬਣਦੇ ਹਨ।

ਇੱਕ ਅੰਦੋਲਨ-ਆਧਾਰਿਤ ਪਾਰਟੀ ਤੋਂ ਇੱਕ ਸ਼ਾਸਨ-ਆਧਾਰਿਤ ਰਾਜਨੀਤਿਕ ਇਕਾਈ ਵਿਚ ਤਬਦੀਲੀ ਨੇ ਅਕਾਲੀ ਦਲ ਦੀਆਂ ਤਰਜੀਹਾਂ ਨੂੰ ਵੀ ਪ੍ਰਭਾਵਿਤ ਕੀਤਾ। ਜਿਵੇਂ ਹੀ ਇਸ ਨੇ ਪੰਜਾਬ ਵਿਚ ਪ੍ਰਸ਼ਾਸਨ ਅਤੇ ਸ਼ਾਸਨ ਦੀ ਜ਼ਿੰਮੇਵਾਰੀ ਸੰਭਾਲੀ, ਪਾਰਟੀ ਦਾ ਧਿਆਨ ਆਰਥਿਕ ਵਿਕਾਸ, ਬੁਨਿਆਦੀ ਢਾਂਚੇ ਅਤੇ ਸੇਵਾ ਪ੍ਰਦਾਨ ਕਰਨ ਵੱਲ ਤਬਦੀਲ ਹੋ ਗਿਆ। ਜਦੋਂ ਕਿ ਇਸ ਤਬਦੀਲੀ ਦੇ ਪ੍ਰਬੰਧਕੀ ਲਾਭ ਸਨ, ਇਹ ਇਤਿਹਾਸਕ ਮੰਗਾਂ ਲਈ ਪਾਰਟੀ ਦੀ ਵਕਾਲਤ ਨੂੰ ਕਮਜ਼ੋਰ ਕਰਨ ਦੀ ਕੀਮਤ 'ਤੇ ਆਇਆ, ਜਿਨ੍ਹਾਂ ਨੇ ਇਸਦੀ ਰਾਜਨੀਤਿਕ ਪਛਾਣ ਨੂੰ ਪਰਿਭਾਸ਼ਿਤ ਕੀਤਾ ਸੀ। ਸ਼ਾਸਨ ਅਤੇ ਵਿਕਾਸ 'ਤੇ ਜ਼ੋਰ, ਭਾਵੇਂ ਮਹੱਤਵਪੂਰਨ ਸੀ, ਪਰ ਇਹ ਖੁਦਮੁਖਤਿਆਰੀ, ਖੇਤਰੀ ਵਿਵਾਦਾਂ ਅਤੇ ਇਤਿਹਾਸਕ ਸ਼ਿਕਾਇਤਾਂ ਲਈ ਨਿਆਂ ਦੇ ਵਿਵਾਦਪੂਰਨ ਮੁੱਦਿਆਂ ਨੂੰ ਪਾਸੇ ਕਰਦਾ ਜਾਪਦਾ ਸੀ।

ਲੀਡਰਸ਼ਿਪ ਵਿਚ ਇੱਕ ਪੀੜ੍ਹੀ-ਦਰ-ਪੀੜ੍ਹੀ ਤਬਦੀਲੀ ਨੇ ਪਾਰਟੀ ਦੀਆਂ ਤਰਜੀਹਾਂ ਵਿਚ ਇਸ ਤਬਦੀਲੀ ਨੂੰ ਹੋਰ ਤੇਜ਼ ਕਰ ਦਿੱਤਾ। ਪ੍ਰਕਾਸ਼ ਸਿੰਘ ਬਾਦਲ ਵਰਗੇ ਅੰਦੋਲਨ-ਮੁਖੀ ਨੇਤਾਵਾਂ ਦੀ ਅਗਵਾਈ ਤੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਦੂਜੀ ਪੀੜ੍ਹੀ ਦੇ ਵਧੇਰੇ ਕਾਰੋਬਾਰੀ-ਸੋਚ ਵਾਲੇ ਨੇਤਾ ਵੱਲ ਤਬਦੀਲੀ ਫੋਕਸ ਵਿਚ ਇੱਕ ਮਹੱਤਵਪੂਰਨ ਤਬਦੀਲੀ ਦੇ ਨਾਲ ਮੇਲ ਖਾਂਦੀ ਸੀ। ਨਵੀਂ ਲੀਡਰਸ਼ਿਪ ਕੇਂਦਰੀ ਸਰਕਾਰ ਨਾਲ ਟਕਰਾਅ ਦੀ ਲੋੜ ਵਾਲੀਆਂ ਇਤਿਹਾਸਕ ਮੰਗਾਂ ਦੀ ਪਾਲਣਾ ਕਰਨ ਦੀ ਬਜਾਏ ਆਰਥਿਕ ਵਿਕਾਸ, ਪ੍ਰਸ਼ਾਸਨਿਕ ਕੁਸ਼ਲਤਾ ਅਤੇ ਰਾਜਨੀਤਿਕ ਸ਼ਕਤੀ ਬਣਾਈ ਰੱਖਣ ਵਿਚ ਵਧੇਰੇ ਦਿਲਚਸਪੀ ਰੱਖਦੀ ਸੀ। ਇਹ ਤਬਦੀਲੀ ਨਾ ਸਿਰਫ਼ ਵੱਖ-ਵੱਖ ਨਿੱਜੀ ਤਰਜੀਹਾਂ ਨੂੰ ਦਰਸਾਉਂਦੀ ਸੀ, ਸਗੋਂ ਪੰਜਾਬ ਦੀ ਰਾਜਨੀਤੀ ਵਿਚ ਪਾਰਟੀ ਦੀ ਭੂਮਿਕਾ ਦੀ ਇੱਕ ਵੱਖਰੀ ਧਾਰਨਾ ਨੂੰ ਵੀ ਦਰਸਾਉਂਦੀ ਸੀ।

ਅਕਾਲੀ ਲੀਡਰਸ਼ਿਪ ਨੇ ਇਹ ਵੀ ਹਿਸਾਬ ਲਗਾਇਆ ਹੋਵੇਗਾ ਕਿ ਪੰਜਾਬ ਦੇ ਵੋਟਰ, ਖਾਸ ਕਰਕੇ ਨੌਜਵਾਨ ਪੀੜ੍ਹੀਆਂ, ਇਤਿਹਾਸਕ ਮੰਗਾਂ ਦੀ ਬਜਾਏ ਆਰਥਿਕ ਮੌਕਿਆਂ, ਬੁਨਿਆਦੀ ਢਾਂਚੇ ਅਤੇ ਸ਼ਾਸਨ ਦੇ ਮੁੱਦਿਆਂ ਨਾਲ ਵਧੇਰੇ ਚਿੰਤਤ ਸਨ। ਇਹ ਧਾਰਨਾ, ਭਾਵੇਂ ਸਹੀ ਹੋਵੇ ਜਾਂ ਨਾ, ਵਿਕਾਸ-ਮੁਖੀ ਰਾਜਨੀਤੀ ਦੇ ਹੱਕ ਵਿਚ ਇਨ੍ਹਾਂ ਰਵਾਇਤੀ ਮੁੱਦਿਆਂ ਨੂੰ ਘੱਟ ਕਰਨ ਦੇ ਪਾਰਟੀ ਦੇ ਫੈਸਲੇ ਨੂੰ ਪ੍ਰਭਾਵਿਤ ਕਰਦੀ ਜਾਪਦੀ ਹੈ। ਹਾਲਾਂਕਿ, ਹਾਲ ਹੀ ਦੀਆਂ ਚੋਣਾਂ ਵਿਚ ਪਾਰਟੀ ਨੂੰ ਹੋਏ ਚੋਣ ਝਟਕਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਗਣਨਾ ਗਲਤ ਹੋ ਸਕਦੀ ਹੈ, ਕਿਉਂਕਿ ਵੋਟਰ ਪਾਰਟੀ ਨੂੰ ਇਸਦੇ ਸ਼ਾਸਨ ਕੇਂਦਰ ਲਈ ਇਨਾਮ ਦੇਣ ਦੀ ਬਜਾਏ ਮੁੱਖ ਸਿਧਾਂਤਾਂ ਨੂੰ ਤਿਆਗਣ ਲਈ ਸਜ਼ਾ ਦਿੰਦੇ ਜਾਪਦੇ ਸਨ।

ਅਕਾਲੀ ਦਲ ਦੇ ਇਨ੍ਹਾਂ ਬੁਨਿਆਦੀ ਮੁੱਦਿਆਂ ਤੋਂ ਪਿੱਛੇ ਹਟਣ ਦੇ ਨਤੀਜੇ ਪਾਰਟੀ ਅਤੇ ਪੰਜਾਬ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਦੋਵਾਂ ਲਈ ਡੂੰਘੇ ਰਹੇ ਹਨ। ਉਨ੍ਹਾਂ ਮੁੱਦਿਆਂ ਤੋਂ ਆਪਣੇ ਆਪ ਨੂੰ ਦੂਰ ਕਰਕੇ ਜੋ ਇੱਕ ਵਾਰ ਇਸਦੀ ਰਾਜਨੀਤਿਕ ਪਛਾਣ ਨੂੰ ਪਰਿਭਾਸ਼ਿਤ ਕਰਦੇ ਸਨ, ਅਕਾਲੀ ਦਲ ਨੇ ਆਪਣੇ ਆਪ ਨੂੰ ਦੂਜੀਆਂ ਪਾਰਟੀਆਂ, ਖਾਸ ਕਰਕੇ ਕਾਂਗਰਸ ਅਤੇ ਭਾਜਪਾ ਵਰਗੇ ਰਾਸ਼ਟਰੀ ਸੰਗਠਨਾਂ ਤੋਂ ਵੱਖਰਾ ਕਰਨ ਲਈ ਸੰਘਰਸ਼ ਕੀਤਾ ਹੈ। ਵਿਲੱਖਣ ਸਥਿਤੀ ਦੇ ਇਸ ਨੁਕਸਾਨ ਨੇ ਚੋਣ ਝਟਕਿਆਂ ਵਿਚ ਯੋਗਦਾਨ ਪਾਇਆ ਹੈ, ਜਿਸ ਵਿਚ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦਾ ਮਾੜਾ ਪ੍ਰਦਰਸ਼ਨ ਸ਼ਾਮਲ ਹੈ। ਪੰਜਾਬ-ਵਿਸ਼ੇਸ਼ ਚਿੰਤਾਵਾਂ ਵਿਚ ਸਪੱਸ਼ਟ ਵਿਚਾਰਧਾਰਕ ਧੁਰੇ ਤੋਂ ਬਿਨਾਂ, ਪਾਰਟੀ ਨੂੰ ਵੋਟਰਾਂ ਦੁਆਰਾ ਵਿਕਲਪਾਂ ਦੀ ਬਜਾਏ ਇਸਦਾ ਸਮਰਥਨ ਕਰਨ ਲਈ ਇੱਕ ਠੋਸ ਕਾਰਨ ਦੱਸਣਾ ਮੁਸ਼ਕਲ ਹੋ ਗਿਆ ਹੈ।

ਸਿੱਖ ਭਾਈਚਾਰੇ ਲਈ ਡੂੰਘੀ ਭਾਵਨਾਤਮਕ ਮਹੱਤਤਾ ਵਾਲੇ ਕਾਰਨਾਂ ਦੇ ਸਮਝੇ ਜਾਂਦੇ ਤਿਆਗ ਨੇ ਸਿੱਖ ਹਿੱਤਾਂ ਦੇ ਮੁੱਖ ਰਾਜਨੀਤਿਕ ਪ੍ਰਤੀਨਿਧੀ ਵਜੋਂ ਅਕਾਲੀ ਦਲ ਦੇ ਨੈਤਿਕ ਅਧਿਕਾਰ ਨੂੰ ਨੁਕਸਾਨ ਪਹੁੰਚਾਇਆ ਹੈ। ਭਰੋਸੇਯੋਗਤਾ ਦੇ ਇਸ ਖੋਰੇ ਨੇ ਸਿੱਖ ਚਿੰਤਾਵਾਂ ਦੇ ਪ੍ਰਮਾਣਿਕ ਰਖਵਾਲਿਆਂ ਹੋਣ ਦਾ ਦਾਅਵਾ ਕਰਨ ਲਈ ਹੋਰ ਕੱਟੜਪੰਥੀ ਆਵਾਜ਼ਾਂ ਲਈ ਜਗ੍ਹਾ ਬਣਾਈ ਹੈ, ਸੰਭਾਵੀ ਤੌਰ 'ਤੇ ਰਾਜਨੀਤਿਕ ਭਾਸ਼ਣ ਨੂੰ ਉਨ੍ਹਾਂ ਤਰੀਕਿਆਂ ਨਾਲ ਧਰੁਵੀਕਰਨ ਕੀਤਾ ਹੈ, ਜੋ ਫਿਰਕੂ ਸਦਭਾਵਨਾ ਲਈ ਨੁਕਸਾਨਦੇਹ ਹੋ ਸਕਦੇ ਹਨ। ਪਾਰਟੀ ਦੀ ਆਪਣੀਆਂ ਇਤਿਹਾਸਕ ਵਚਨਬੱਧਤਾਵਾਂ ਨੂੰ ਪੂਰਾ ਕਰਨ ਵਿਚ ਅਸਮਰੱਥਾ ਨੇ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੂੰ ਇਸਦੀ ਇਮਾਨਦਾਰੀ ਅਤੇ ਉਨ੍ਹਾਂ ਸਿਧਾਂਤਾਂ ਪ੍ਰਤੀ ਵਚਨਬੱਧਤਾ 'ਤੇ ਸਵਾਲ ਉਠਾਉਣ ਲਈ ਮਜਬੂਰ ਕੀਤਾ ਹੈ, ਜਿਨ੍ਹਾਂ 'ਤੇ ਇਹ ਸਥਾਪਿਤ ਕੀਤੀ ਗਈ ਸੀ।



# ਗੁਰੂ ਅਮਰਦਾਸ ਸਾਹਿਬ ਜੀ

## ਗੁਰਗੱਦੀ ’ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ‘ਪ੍ਰਵਾਨਾ’
ਕੈਲੀਫੋਰਨੀਆ
510-781-0487
ਪੰਜਾਬ ਮੇਲ USA



ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਰਾਜਨੀਤਿਕ ਸਥਿਤੀ ਡਾਂਵਾਡੋਲ ਸੀ। ਦੇਸ਼ ਛੋਟੇ-ਛੋਟੇ ਆਜ਼ਾਦ ਰਾਜਾਂ ਵਿਚ ਵੰਡਿਆ ਹੋਇਆ ਸੀ। ਜਨ ਸਾਧਾਰਨ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਪੰਦਰਵੀਂ ਸਦੀ ਵਿਚ ਭਗਤੀ ਲਹਿਰ ਨਾਲ ਸਮਾਜ ਵਿਚ ਇੱਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ। ਭਗਤੀ ਲਹਿਰ ਦੇ ਸੁਧਾਰਕਾਂ ਨੇ ਮਨੁੱਖਤਾ ਦੇ ਦਿਲਾਂ ਵਿਚ ਆਤਮਿਕ ਅਧਿਆਤਮਿਕ ਜੋਤ ਜਗਾਈ। ਧਰਮ ਨਾਲ ਜੁੜੇ ਸੰਸਕਾਰਾਂ ਵਿਚ ਜਾਗ੍ਰਿਤੀ ਆਈ। ਇਸੇ ਲੜੀ ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ 1469 ਈ. ਵਿਚ ਹੋਇਆ। ਆਪ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਸਨ। ਆਪ ਜੀ ਦਾ ਸਥਾਪਤ ਗੁਰਮਤਿ ਇਕ ਵਿਲੱਖਣ ਮੱਤ ਸੀ। ਸਿੱਖ ਧਰਮ ਇਕ ਪ੍ਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ, ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਪਤ ਕੀਤਾ। ਬਾਅਦ ਦੇ 9 ਗੁਰੂਆਂ ਵੱਲੋਂ ਸਮੇਂ-ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ। ਇਸ ਨਿਰੰਤਰ ਸਮਾਜ ਸੁਧਾਰ ਵਿਚ ਗੁਰੂ ਸਾਹਿਬਾਨ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸਿੱਖ ਧਰਮ ਦਾ ਆਧਾਰ ਹੈ ਕਿ ਇਕ ਪ੍ਰਮਾਤਮਾ ਵਿਚ ਯਕੀਨ ਰੱਖਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖੀ ਮਾਰਗ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ 1708 ਤੱਕ ਜਾਰੀ ਰਹੀ। ਉਪਰੰਤ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੋਈ। ਸੰਨ 1699 ਈ. ਦੀ ਵਿਸਾਖੀ ’ਤੇ ਪੰਜ ਪਿਆਰੇ ਸਾਜ ਕੇ ਫੌਜੀ ਖਾਲਸਾ ਕਾਇਮ ਕੀਤਾ। ਸਿੱਖਾਂ ਨੂੰ ਇਕ ਵੱਖਰੀ ਪਛਾਣ ਦਿੱਤੀ। ਇਸੇ ਗੁਰੂ ਪ੍ਰਥਾ ਵਿਚ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ (ਅੰਮ੍ਰਿਤਸਰ), ਪਿਤਾ ਬਾਬਾ ਤੇਜ਼ਭਾਨ ਜੀ ਭੱਲਾ ਖਤਰੀ ਅਤੇ ਮਾਤਾ ਬਖਤ ਕੌਰ ਦੇ ਗ੍ਰਹਿ ਵਿਖੇ 23 ਮਈ, 1479 ਨੂੰ ਹੋਇਆ। ਪਰਿਵਾਰ ਖੇਤੀ ਅਤੇ ਦੁਕਾਨ ਵਪਾਰ ਕਰਦਾ ਸੀ। ਬੜਾ ਮਿਹਨਤੀ ਪਰਿਵਾਰ ਸੀ। ਧਾਰਮਿਕ ਬਿਰਤੀ ਵਾਲੇ ਸਨ। ਧਾਰਮਿਕ ਤੌਰ ’ਤੇ ਵੈਸ਼ਣਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਸਨਖੱਤ੍ਰਾ ਪਿੰਡ ਦੇ ਬਹਿਲ ਪਰਿਵਾਰ ਵਿਚ 1503 ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਹੋਏ। ਆਪ 42 ਸਾਲ ਦੀ ਉਮਰ 1521 ਈ. ਨੂੰ ਹਰਿਦੁਆਰ ਤੀਰਥ ਇਸ਼ਨਾਨ ’ਤੇ ਗਏ। ਫਿਰ 20 ਸਾਲ 1541 ਤੱਕ ਨੇਮ ਨਾਲ ਹਰ ਸਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਦਾ ਅੰਮ੍ਰਿਤ ਵੇਲੇ ਰੱਬੀ-ਬਾਣੀ ਪੜ੍ਹਨ ਦੇ ਨੇਮ ਸੀ। ਰੱਬੀ ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ, ਤਾਂ ਉਨ੍ਹਾਂ ਦੇ ਮਨ ’ਤੇ ਇਸ ਦਾ ਡੂੰਘਾ ਪ੍ਰਭਾਵ ਪਿਆ। ਇਸੇ ਪ੍ਰਭਾਵ ਹੇਠ ਗੁਰੂ ਦਰਸ਼ਨਾਂ ਦੀ ਤਾਂਘ ਉਨ੍ਹਾਂ ਨੂੰ ਖਡੂਰ ਸਾਹਿਬ ਖਿਚ ਲਿਆਈ। ਸੰਨ 1540 ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਜਾਣ ਲਿਆ ਸੀ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਤਦ 62 ਸਾਲ ਦੀ ਉਮਰ ਵਿਚ ਉਨ੍ਹਾਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ।

ਆਪ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਵਿਚ ਪੱਕੇ ਤੌਰ ’ਤੇ ਰਹਿਣ ਲੱਗੇ। ਉਹ ਦਿਨ-ਰਾਤ ਸੇਵਾ ’ਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਦਰਿਆ ਤਿੰਨ ਕੋਹ ’ਤੇ ਹੈ। ਆਪ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਭਰ ਕੇ ਲਿਆਉਂਦੇ। ਲੰਗਰਾਂ ਦੀ ਸੇਵਾ ਵਿਚ ਲੱਕੜੀ ਲਿਆਉਣਾ, ਭਾਂਡੇ ਮਾਂਜਣਾ, ਪਾਣੀ ਢੋਣਾ, ਪੱਖਾ ਝੱਲਣਾ ਤੇ ਸੰਗਤਾਂ ਦੇ ਸੁੱਖ ਆਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਗੁਰੂ ਅੰਗਦ ਦੇਵ ਸਾਹਿਬ ਜੀ ਪਾਸੋਂ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਰਹਿਣਾ। ਗੁਰੂ ਅੰਗਦ ਦੇਵ ਸਾਹਿਬ ਜੀ ਕੋਲ ਗੁਰਬਾਣੀ ਦਾ ਸੰਗ੍ਰਹਿ ਸੀ। ਬਾਣੀ ਦੀ ਇਸ ਲਗਨ ਨੇ ਉਨ੍ਹਾਂ ਨੂੰ 74 ਸਾਲ ਦੀ ਉਮਰ ’ਚ ਗੁਰਬਾਣੀ ਦਾ ਰਚੇਤਾ ਬਣਾ ਦਿੱਤਾ। ਉਨ੍ਹਾਂ ਨੇ 12 ਸਾਲ ਤੱਕ ਗੁਰੂ ਦੀ ਸੇਵਾ ਕੀਤੀ।

ਲੋਕਾਂ ਨੇ ਉਨ੍ਹਾਂ ਦਾ ਮਖੌਲ ਵੀ ਉਡਾਇਆ। ਉਨ੍ਹਾਂ ਨੂੰ ਨੌਕਰ, ਪਾਗਲ, ਕਹਾਰਾ ਆਦਿ ਕਿਹਾ। ਆਪ ਜੀ ਨੇ ਇਸ ਨਰਾਦਰੀ ਦੀ ਕਦੇ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਦੇ ਮਨ ਵਿਚ ਗੁਰੂ ਦੀ ਸੇਵਾ ਅਤੇ ਸਤਿਕਾਰ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਉਨ੍ਹਾਂ ਦੀ ਨਿਰਾਦਰੀ ਸੁਣ ਕੇ ਕਿਹਾ ਕਿ ਆਪ ਧੰਨ ਹੋ, ਆਪ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ ਹੋ, ਨਿਘਰਿਆਂ ਦਾ ਘਰ ਹੋ ਆਦਿ ਨਾਵਾਂ ਨਾਲ ਪ੍ਰਸ਼ੰਸਾ ਅਤੇ ਸਨਮਾਨ ਕੀਤਾ। ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਸੇਵਾ ਭਾਵਨਾ, ਹਲੀਮੀ, ਨਿਮਰਤਾ ਅਤੇ ਪ੍ਰਬੰਧਕੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ, 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦਕਿ ਆਪ ਜੀ ਦੀ ਉਮਰ 6 ਦਹਾਕੇ ਪਾਰ ਕਰ ਚੁੱਕੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਦੇ ਅਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਤੋਂ ਗੋਇੰਦਵਾਲ ਬਣਾ ਲਿਆ ਸੀ। ਇਹ ਨਗਰ ਵੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਕਹਿਣ ’ਤੇ ਹੀ ਆਪ ਵੱਲੋਂ ਵਸਾਇਆ ਗਿਆ ਸੀ। ਗੁਰਗੱਦੀ ’ਤੇ ਬੈਠਦਿਆਂ ਹੀ ਭਾਵੇਂ ਆਪ ਜੀ ਨੂੰ ਘਰੇਲੂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਗੁਰਆਈ ਗੱਦੀ ਨੂੰ ਲੈ ਕੇ ਆਪ ਜੀ ਦੀ ਵਿਰੋਧਤਾ ਕੀਤੀ। ਉਹ ਇਕ ਦਿਨ ਗੋਇੰਦਵਾਲ ਸਾਹਿਬ ਆ ਕੇ ਜਬਰੀ ਗੁਰਗੱਦੀ ’ਤੇ ਬੈਠ ਗਿਆ। ਆਪ ਜੀ ਨੂੰ ਅਹਿਸਾਸ ਕਿ ਉਨ੍ਹਾਂ ਖੁਦ ਗੁਰੂ ਅੰਗਦ ਦੇਵ ਸਾਹਿਬ ਜੀ ਦੀ 12 ਸਾਲ ਸੇਵਾ ਕੀਤੀ ਹੈ ਤੇ ਸ਼ਾਂਤ ਰਹੇ। ਨਿਸ਼ਕਾਮ ਸੇਵਾ ਲਈ ਉਨ੍ਹਾਂ ਦੇ ਮਨ ਵਿਚ ਕੋਈ ਲਾਲਸਾ ਤੇ ਵਡਿਆਈ ਨਹੀਂ ਸੀ। ਗੁਰੂ ਜੀ ਇਸੇ ਝਗੜੇ ਵਿਚ ਆਪ ਬਾਸਰਕੇ ਆ ਗਏ। ਪਰ ਸੰਗਤਾਂ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਫਿਰ ਗੁਰੂ ਸਾਹਿਬ ਜੀ ਨੂੰ ਸੰਗਤਾਂ ਨੇ ਗੋਇੰਦਵਾਲ ਸਾਹਿਬ ਮੋੜ ਲਿਆਂਦਾ। ਬਾਬਾ ਦਾਤੂ ਜੀ ਨੇ ਬਾਦਸ਼ਾਹ ਅਕਬਰ ਕੋਲ ਵੀ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕੀਤੀ ਪਰ ਸਫਲ ਨਾ ਹੋ ਸਕੇ।

ਆਪਣੇ 22 ਸਾਲਾਂ ਦੇ ਗੁਰਕਾਲ ਵਿਚ ਸਿੱਖ ਮੱਤ ਦੇ ਸੰਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ ਅਧਿਆਤਮਕ ਉਪਦੇਸ਼ ਵਿਚ, ਉਨ੍ਹਾ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲੈਣ ਲਈ ਕਿਹਾ। ਗੁਰੂ ਸਾਹਿਬਾਨ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸਥ ਨਾਲ ਜੋੜਦੇ ਹਨ। ਜਦਕਿ ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਗੁਰੂ ਸਾਹਿਬ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਦੀ ਵੰਡ ਖਤਮ ਕਰਕੇ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਨ੍ਹਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਜਿਸ ਕਿਸੇ ਵੀ ਆਏ ਪ੍ਰਦੇਸ਼ੀ ਨਾਲ ਇਕੋ ਜਿਹਾ ਸਲੂਕ ਹੋਵੇ। ਲੰਗਰ ਦੇ ਉਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਜੀ ਨੇ ਇਕੋ ਪੰਗਤ ’ਚ ਬੈਠ ਕੇ ਲੰਗਰ ਛੱਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਹਰ ਇਕ ਲਈ ਪੰਗਤ, ਫਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸ਼ੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲ ਵਿਚ ਗੁਰੂ ਸਾਬਿਹ ਲਈ ਪਿਆਰ ਅਤੇ ਸਤਿਕਾਰ ਵਧਿਆ। ਗੁਰੂ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ।

ਸੰਨ 1560 ਦੇ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ ’ਚ ਬੈਠ ਕੇ ਲੰਗਰ ਪ੍ਰਸ਼ਾਦ ਛੱਕਿਆ। ਸਿੱਖਾਂ ਦੇ ਪਿਆਰ-ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਾਗੀਰ ਦੇਣੀ ਚਾਹੀ। ਗੁਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚੱਲਦਾ ਹੈ। ਜਗੀਰ ਦੇ ਬਦਲੇ ਵਿਚ ਗੁਰੂ ਸਾਹਿਬ ਜੀ ਨੇ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦਾ ਮਸੂਲ ਤੋਂ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੰਦ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ-ਦੂਰ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨ੍ਹਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ ’ਤੇ ਸਥਾਨਕ ਉੱਚ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਉਂਦੇ/ਗੁਰੂ ਸਾਹਿਬ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ, ਜੋ ਇਕ ਜਗ੍ਹਾ ਜਮ੍ਹਾ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਰਾਵੀ ਦਰਿਆ ਤੇ ਬਿਆਸ ਦਰਿਆ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫੈਲਾਉਣ ਲਈ ਗੁਰੂ ਜੀ ਨੇ ਸਾਰੀ ਸਿੱਖ-ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ। ਇਸ ਤਰ੍ਹਾਂ 22 ਸਿਆਣੇ ਪ੍ਰਚਾਰਕ ਨੀਅਤ ਕੀਤੇ। ਪ੍ਰਚਾਰਕ ਨੇ ਬੋਲਣ ਵੇਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉੱਚੇ ਥਾਂ ’ਤੇ ਬੈਠਣਾ ਹੁੰਦਾ ਹੈ। ਇਸ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ, ਜਿਸ ’ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ, ਇਸ ਤਰ੍ਹਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ ਜੋ ਸਮੇਂ ਦੇ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿਚ ਜੋ ਕਾਰਜ ਕੀਤੇ ਉਨ੍ਹਾਂ ਵਿਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿਚ ਜਾਤਾਂ ਬਰਾਦਰੀ ਦੇ ਆਧਾਰ ’ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ ’ਤੇ ਜ਼ੋਰ ਦਿੱਤਾ।

ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਨ੍ਹਾਂ ਕਿਹਾ ਕਿ ਸਤੀ ਉਹ ਨਹੀਂ, ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ, ਤਦ ਹੀ ਵੱਡੀਆਂ ਸਤੀ ਅਖਵਾਉਣਗੀਆਂ। ਇਸਤਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਮੂੰਹ ਢੱਕ ਕੇ ਪਰਦੇ ਜਾਂ ਘੁੰਡ ਵਿਚ ਰਹਿਣ ਦੇ ਰਿਵਾਜ਼ ਨੂੰ ਖਤਮ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਤੋਂ ਮੁਕਤ ਕੀਤਾ। ਇਸ ਤਰ੍ਹਾਂ ਇਸਤਰੀ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਸਮਾਜ ਵਿਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤਰੀਆਂ ਨੂੰ ਸੇਵਾ ਪ੍ਰਬੰਧ ਵਿਚ ਲਾਇਆ। ਉਨ੍ਹਾਂ ਨੂੰ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਨਾਲ ਜੋੜਿਆ। ਉਨ੍ਹਾਂ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ-ਮਰਨ ਸਮੇਂ ਦੀਆਂ ਫਾਲਤੂ ਰਹੂ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਯਾਦਾ ਚਲਾਈ। ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਹਊਮੈ ਤਿਆਗ ਕੇ ਬੇਗਰਜ਼ ਸੇਵਾ ਦਾ ਉਪਦੇਸ਼ ਦਿੱਤਾ। ਪ੍ਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵ-ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ-ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰਧਾਰਾ ਤੇ ਨਿਸ਼ਾਨੇ ਨਿਸ਼ਚਿਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ ’ਤੇ ਚੱਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂਆਂ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ। ਵਧਾਇਆ, ਪ੍ਰਚਾਰਿਆ ਅਤੇ ਥਿੜਕਣ ਨਹੀਂ ਦਿੱਤਾ।

ਨਿਰਮਾਣ ਕਾਰਜਾਂ ’ਚ ਗੋਇੰਦਵਾਲ ਨਗਰ ਵਸਾਇਆ। ਗੋਇੰਦਵਾਲ ਸਾਹਿਬ ਪੱਤਣ ਦਾ ਇਲਾਕਾ ਸੀ। ਮੁਸਾਫਰਾਂ ਦੇ ਲੰਘਣ ਤੋਂ ਇਲਾਵਾ ਸੰਗਤ ਵੀ ਬਹੁਤ ਜੁੜਦੀ ਸੀ। ਲੰਗਰ ਵੀ ਵਰਤਦਾ ਸੀ। ਪਰ ਪਾਣੀ ਦੀ ਬੜੀ ਕਮੀ ਸੀ। ਆਪ ਜੀ ਨੇ 1559 ’ਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ, ਜਿਸ ਨਾਲ ਪਾਣੀ ਦੀ ਕਮੀ ਦੂਰ ਹੋਈ। ਇਹ ਅਸਥਾਨ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਜਿੱਥੇ ਪਹਿਲਾ ਵਿਸਾਖੀ ਜੋੜ-ਮੇਲਾ ਸੰਪੰਨ ਹੋਇਆ। ਗੋਇੰਦਵਾਲ ਸਾਹਿਬ ਜੀ ਦੇ ਹੋਰ ਨਿਰਮਾਣ ਕਾਰਜਾਂ ਵਿਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ ਅਤੇ ਮੋਹਨ ਜੀ ਦਾ ਚੋਬਾਰਾ ਸ਼ਾਮਲ ਹਨ। ਗੁਰੂ ਸਾਹਿਬ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਇਕ ਵੱਡਾ ਪ੍ਰਚਾਰ ਕੇਂਦਰ ਬਣਿਆ। ਪਰ ਸਿੱਖਾਂ ਦੀ ਵਧਦੀ ਗਿਣਤੀ ਵੇਖ ਕੇ ਮਾਝੇ ਦੇ ਇਲਾਕੇ ਵਿਚ ਵੀ 1570 ਵਿਚ ‘ਗੁਰੂ ਚੱਕ’ (ਅੰਮ੍ਰਿਤਸਰ) ਬਣਾਉਣਾ ਸ਼ੁਰੂ ਕੀਤਾ। ਆਪ ਜੀ ਨੇ ਪਵਿੱਤਰ ਸਰੋਵਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖਰੀਦੀ ਗਈ ਸੀ। ਇਥੇ ਇਕ ਨਗਰ ਵਸਾਉਣ ਦੀ ਯੋਜਨਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਵਿਚ ਬਣਾਏ ਰਾਏ ਸਰੋਵਰ ’ਤੇ ਨਗਰ ਉਸਾਰਿਆ, ਜੋ 28 ਦਸੰਬਰ 1588 ਨੂੰ ਨੀਂਹ ਰੱਖੀ ਗਈ।

ਆਪ ਜੀ ਨੇ ਸੰਗਤਾਂ ਨੂੰ ਗੁਰੂ ਸ਼ਬਦ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਹਿਲੇ ਗੁਰੂ ਸਾਹਿਬਾਨ ਵੱਲੋਂ ਇਕੱਤਰ ਕੀਤੀ ਹੋਈ ਗੁਰਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਪਾਇਆ, ਜਿਸ ਦੇ ਤਹਿਤ 907 ਸ਼ਬਦ, 19 ਰਾਗਾਂ ਵਿਚ ਦਰਜ ਹਨ।

ਅੰਤ ਆਪ ਜੀ ਗੋਇੰਦਵਾਲ ਸਾਹਿਬ ਵਿਖੇ 1 ਸਤੰਬਰ 1674 ਨੂੰ 95 ਸਾਲ ਦੀ ਉਮਰ ਵਿਚ ਜੋਤੀ-ਜੋਤ ਸਮਾ ਗਏ। ਚੌਥੇ ਗੁਰੂ ਵਜੋਂ ਗੁਰੂ ਰਾਮਦਾਸ ਸਾਹਿਬ ਜੀ ਗੁਰਗੱਦੀ ’ਤੇ ਵਿਰਾਜਮਾਨ ਹੋਏ।

ਅੰਤਿਕਾ:- ਹੇ ਮੇਰੇ ਮਨ ਵਿਕਾਰਾਂ ਤੋਂ ਬਚਣ ਲਈ ਸਿਰਫ ਪ੍ਰਮਾਤਮਾ ਦਾ ਨਾਮ ਜਪਿਆ ਕਰੇ। ਇਹ ਨਾਮ ਖਜ਼ਾਨਾ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ, ਤਾਂ ਉਤਨਾ ਚਿਰ ਮਨੁੱਖ ਜੋ ਕਰਦਾ ਹੈ, ਸਭ ਕੁਝ ਵਿਕਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਇਹ ਸੰਸਾਰ ਤੀਰਥ-ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਹੀ ਇਸ ਸੱਚਾਈ ਨੂੰ ਸਮਝਦਾ ਹੈ।

ਜੋ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੇ ਕਾਮ-ਵਾਸਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ। ਤਾਂ ਵੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿਚੋਂ ਹਉਮੈ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ, ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ, ਤਾਂ ਮਨ ਦੀ ਬਿਰਤੀ ਸੰਸਾਰ ਵੱਲੋਂ ਉਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ।

ਨਾਨਕ ਆਖਦਾ ਹੈ - ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ। ਤੇ ਫਿਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। (ਅੰਗ : 558, ਵਡਹੰਸ ਮਹਲਾ ੩ ਘਰੁ ੧)

# ਵਸਤੂਆਂ ਦੀ ਆਪਸੀ ਨਿਰਭਰਤਾ ਅਤੇ ਗੁਰਬਾਣੀ

ਡਾ. ਦੇਵਿੰਦਰ ਪਾਲ ਸਿੰਘ
ਲੁਧਿਆਣਾ
(ਮੋ): 94641-58136
ਪੰਜਾਬ ਮੇਲUSA



ਕੋਈ ਵੀ ਜ਼ਿੰਦਾ ਜਾਂ ਬੇਜਾਨ ਵਸਤੂ, ਜੇ ਕਿਸੇ ਹੋਰ ਵਸਤੂ ਨਾਲ ਆਪਸੀ ਸਾਂਝ ਰੱਖਦੀ ਹੈ, ਤਾਂ ਉਨ੍ਹਾਂ ਵਸਤੂਆਂ ਨੂੰ ਆਪਸੀ ਤੌਰ ਉੱਤੇ ਨਿਰਭਰ ਕਿਹਾ ਜਾਂਦਾ ਹੈ। ਸਮਾਜਿਕ, ਆਰਥਿਕ, ਵਾਤਾਵਰਣੀ ਅਤੇ ਰਾਜਨੀਤਿਕ ਤੌਰ ਉੱਤੇ ਇਕ ਦੂਸਰੇ ਨਾਲ ਸੰਬੰਧਤਾ ਰੱਖਣ ਵਾਲੇ ਦੇਸ਼ਾਂ ਨੂੰ ਵੀ ਆਪਸੀ ਤੌਰ ਉੱਤੇ ਨਿਰਭਰ ਹੀ ਮੰਨਿਆ ਜਾਂਦਾ ਹੈ। ਹਰ ਰੋਜ਼ ਦੇ ਕੰਮਾਂ-ਕਾਰਾਂ ਵਿਚ, ਇਕ ਦੂਸਰੇ ਪ੍ਰਤਿ ਜ਼ਿੰਮੇਵਾਰੀ ਦਾ ਚਲਣ ਹੀ ਆਪਸੀ ਨਿਰਭਰਤਾ ਦਾ ਆਧਾਰ ਹੁੰਦਾ ਹੈ। ਕੁਝ ਲੋਕ ਬੇਮੁਥਾਜੀ ਨੂੰ ਉੱਤਮ ਮੰਨਦੇ ਹਨ ਤੇ ਕੁਝ ਹੋਰ ਲੋਕ ਪਰਿਵਾਰ, ਸਮਾਜ ਜਾਂ ਦੇਸ਼ ਪ੍ਰਤਿ ਲਗਨ ਨੂੰ ਉੱਤਮ ਮੰਨਦੇ ਹਨ। ਆਪਸੀ ਨਿਰਭਰਤਾ ਇਨ੍ਹਾਂ ਦੋਨੋਂ ਵਿਚਾਰਾਂ ਦੀ ਸੁਮੇਲਤਾ ਦੀ ਗੱਲ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਵਸਤੂਆਂ ਦੀ ਆਪਸੀ ਨਿਰਭਰਤਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ।

## ਕੁਦਰਤ ਵਿਚ ਆਪਸੀ ਨਿਰਭਰਤਾ

ਰੋਜ਼ਾਨਾ ਜੀਵਨ ਵਿਚ ਅਸੀਂ ਆਮ ਕਰ ਕੇ ਵਸਤੂਆਂ ਨੂੰ ਦੂਜੀਆਂ ਵਸਤੂਆਂ ਦੀ ਹੋਂਦ ਦੇ ਪ੍ਰਭਾਵ ਤੋਂ ਮੁਕਤ ਮੰਨਦੇ ਹਾਂ। ਜਿਵੇਂ ਕਿ ਰੁੱਖ ਦੀ ਟਹਿਣੀ ਨਾਲ ਜੁੜੇ ਪੱਤੇ ਦੀ ਹੀ ਗੱਲ ਕਰੀਏ, ਤਾਂ ਅਸੀਂ ਆਮ ਤੌਰ ਉੱਤੇ ਸੋਚਦੇ ਹਾਂ ਕਿ ਪੱਤੇ ਦੀ ਹੋਂਦ, ਦਰਖਤ ਦੇ ਹੋਰ ਪੱਤਿਆਂ ਦੀ ਹੋਂਦ ਨਾਲ ਕੋਈ ਸੰਬੰਧ ਨਹੀਂ ਰੱਖਦੀ। ਅਸੀਂ ਪੱਤੇ ਦੀ ਹੋਂਦ ਦਾ, ਰੁੱਖ ਦੀ ਟਹਿਣੀ, ਤਣੇ ਤੇ ਜੜ੍ਹ ਦੀ ਹੋਂਦ ਨਾਲ ਸੰਬੰਧ ਵੱਲ ਕਦੇ ਧਿਆਨ ਹੀ ਨਹੀਂ ਦਿੰਦੇ। ਹਵਾ ਵਿਚ ਉੱਡ ਰਹੇ ਬੱਦਲਾਂ, ਪਾਣੀ ਨਾਲ ਭਰੇ ਸਾਗਰਾਂ, ਧਰਤੀ ਅਤੇ ਅੰਬਰ ਨਾਲ ਭਲਾ ਇਸ ਦਾ ਕੀ ਸੰਬੰਧ ਹੋ ਸਕਦਾ ਹੈ? ਸ਼ਾਇਦ ਕੁਝ ਨਹੀਂ। ਇਹੋ ਵਿਚਾਰ ਸਾਡੇ ਮਨ ਉੱਤੇ ਭਾਰੂ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਹੋਂਦ ਤੋਂ ਬਿਨ੍ਹਾਂ, ਇਸ ਪੱਤੇ ਦੀ ਹੋਂਦ ਹੋ ਹੀ ਨਹੀਂ ਸਕਦੀ। ਇਹ ਪੱਤਾ, ਰੁੱਖ ਦੇ ਹੋਰ ਪੱਤਿਆਂ, ਟਹਿਣੀ, ਤਣੇ ਤੇ ਜੜ੍ਹ, ਬੱਦਲਾਂ, ਸਾਗਰਾਂ, ਧਰਤੀ, ਅੰਬਰ ਤੇ ਸੂਰਜੀ ਰੌਸ਼ਨੀ ਨਾਲ ਆਪਸੀ ਤੌਰ ਉੱਤੇ ਨਿਰਭਰ ਹੈ। ਜੇ ਇਨ੍ਹਾਂ ਵਿਚੋਂ ਇਕ ਵੀ ਵਸਤੂ ਮੌਜੂਦ ਨਾ ਹੋਵੇ, ਤਾਂ ਪੱਤੇ ਦੀ ਹੋਂਦ ਹੀ ਨਹੀਂ ਹੋ ਸਕਦੀ।

ਪੱਤੇ ਨੂੰ ਗੰਭੀਰਤਾ ਨਾਲ ਜਾਂਚਣ ਨਾਲ ਅਸੀਂ ਇਸ ਵਿਚ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਹੋਂਦ ਦੇਖ ਸਕਦੇ ਹਾਂ। ਦਰਅਸਲ ਪੱਤਾ ਅਤੇ ਇਹ ਸਾਰੀਆਂ ਚੀਜ਼ਾਂ ਆਪਸ ਵਿਚ ਰਲ-ਗੱਡ ਹਨ। ਇਸੇ ਨੂੰ ਹੀ ਸਹਿ-ਹੋਂਦ ਜਾਂ ਆਪਸੀ ਨਿਰਭਰਤਾ ਦਾ ਸਿਧਾਂਤ ਕਿਹਾ ਜਾਂਦਾ ਹੈ। ਇਹ ਸਿਧਾਂਤ ਸਾਨੂੰ ਦੱਸਦਾ ਹੈ ਕਿ ਵਸਤੂਆਂ ਇਕ ਦੂਸਰੇ ਦੀ ਹੋਂਦ ਤੋਂ ਸੁਤੰਤਰ ਨਹੀਂ ਹੁੰਦੀਆਂ। ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ ਆਪਸੀ ਨਿਰਭਰਤਾ ਦਾ ਸਿਧਾਂਤ ਇੰਝ ਬਿਆਨ ਕੀਤਾ ਹੈ;

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ (ਮਹਲਾ 1, ਸ.ਗ.ਗ.ਸ., ਪੰਨਾ : 8)

ਭਾਵ : ਹਵਾ ਪ੍ਰਾਣ-ਸ਼ਕਤੀ ਹੈ, ਪਾਣੀ ਪ੍ਰਜਨਕ ਹੈ, ਵਿਸ਼ਾਲ ਧਰਤੀ ਸਭ ਦੀ ਮਾਂ ਹੈ, ਦਿਨ ਤੇ ਰਾਤ ਖਿਡਾਵੇ ਹਨ, ਜਿਨ੍ਹਾਂ ਦੀ ਗੋਦ ਵਿਚ ਸਮੂਹ ਸ੍ਰਿਸਟੀ ਜੀਵਨ ਬਸਰ ਕਰ ਰਹੀ ਹੈ।

ਸਪੱਸ਼ਟ ਹੈ ਕਿ ਹਵਾ, ਪਾਣੀ, ਧਰਤੀ, ਦਿਨ (ਸੂਰਜੀ ਰੌਸ਼ਨੀ) ਤੇ ਰਾਤ (ਤਾਰਿਆਂ ਨਾਲ ਜੜ੍ਹਿਆ ਅੰਬਰ) ਦਾ ਸ੍ਰਿਸ਼ਟੀ ਅੰਦਰ ਜੀਵਨ ਹੋਂਦ ਨਾਲ ਗਹਿਰਾ ਸੰਬੰਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਭੌਤਿਕ ਜਗਤ ਦੇ ਰਵਾਇਤੀ ਤੱਤ (ਹਵਾ, ਪਾਣੀ, ਧਰਤੀ, ਅੱਗ ਤੇ ਅੰਬਰ) ਇਕ ਦੂਜੇ ਤੋਂ ਅਲੱਗ-ਥਲੱਗ ਨਹੀਂ ਹਨ। ਸਗੋਂ ਉਨ੍ਹਾਂ ਦਾ ਆਪਸ ਵਿਚ ਗਹਿਰਾ ਸੰਬੰਧ ਹੈ ਤੇ ਉਹ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਦੇ ਸਮਰਥ ਹਨ। ਗੁਰੂ ਨਾਨਕ ਜੀ ਅਜਿਹੇ ਵਰਤਾਰੇ ਦਾ ਵਰਨਣ ਇੰਝ ਕਰਦੇ ਹਨ;

ਜੋ ਅੰਤਿਰ ਸੋ ਬਾਹਿਰ ਦੇਖਹੁ ਅਵਰੁ ਨ ਦੂਜਾ ਕੋਇ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥ (ਮਹਲਾ 1, ਸ.ਗ.ਗ.ਸ., ਪੰਨਾ : 599)



ਭਾਵ: ਜੋ ਕੁਝ ਸਾਡੇ ਅੰਦਰ ਮੌਜੂਦ ਹੈ ਉਹੀ ਬਾਹਰ ਵੀ ਮੌਜੂਦ ਹੈ। ਉਸ ਤੋਂ ਬਿਨ੍ਹਾਂ ਹੋਰ ਕੁਝ ਵੀ ਨਹੀਂ ਹੈ। ਗੁਰਮਤਿ ਅਨੁਸਾਰ ਸਮੂਹ ਸ੍ਰਿਸ਼ਟੀ ਨੂੰ ਇਕ-ਰੂਪ ਹੀ ਸਮਝੋ ਕਿਉਂਕਿ ਸਭਨਾਂ ਵਿਚ ਇਕੋ ਹੀ ਸ਼ਕਤੀ ਸਮਾਈ ਹੋਈ ਹੈ।

## ਮਨੁੱਖੀ ਸਰੀਰ ਅਤੇ ਬ੍ਰਹਿਮੰਡ ਦੀ ਆਪਸੀ ਨਿਰਭਰਤਾ

ਬ੍ਰਹਿਮੰਡ ਦੇ ਸਾਰੇ ਵਰਤਾਰੇ ਹੀ ਆਪਸੀ ਨਿਰਭਰਤਾ ਰੱਖਦੇ ਹਨ। ਮਨੁੱਖੀ ਸਰੀਰ ਦੀ ਗੱਲ ਹੀ ਲੈ ਲਵੋ। ਅਸੀਂ ਆਪਣੇ ਸਰੀਰ ਵਿਚ ਹਵਾ, ਪਾਣੀ, ਅੱਗ, ਧਰਤੀ ਅਤੇ ਅੰਬਰ ਰੂਪੀ ਰਵਾਇਤੀ ਤੱਤਾਂ ਦੀ ਹੋਂਦ ਦੇਖ ਸਕਦੇ ਹਾਂ। ਇਨ੍ਹਾਂ ਤੱਤਾਂ ਨੂੰ ਕਲਾਸਿਕੀ ਜਾਂ ਮੂਲ ਤੱਤ ਵੀ ਕਿਹਾ ਜਾਂਦਾ ਹੈ। ਹਵਾ, ਹਰਕਤ ਦਾ ਪ੍ਰਗਟਾ ਹੈ। ਪਾਣੀ, ਦ੍ਰਵ ਤੇ ਪਸਾਰ ਸੁਭਾਅ ਦਾ ਪ੍ਰਗਟਾ ਹੈ। ਅੱਗ, ਗਰਮੀ ਦਾ ਪ੍ਰਗਟਾ ਹੈ। ਧਰਤੀ, ਪਦਾਰਥ ਦੇ ਸਖ਼ਤ ਤੇ ਠੋਸ ਸੁਭਾਅ ਨੂੰ ਪ੍ਰਗਟ ਕਰਦੀ ਹੈ। ਅੰਬਰ, ਵਿਸ਼ਾਲ ਪੁਲਾੜ ਜਾਂ ਖ਼ਾਲੀ ਥਾਂ ਨੂੰ ਪ੍ਰਦਰਸ਼ਿਤ ਕਰਦਾ ਹੈ, ਜਿਸ ਵਿਚ ਹਰ ਵਸਤੂ ਹੋਂਦ ਰੱਖਦੀ ਹੈ।

ਸਾਡੇ ਸਰੀਰ ਦਾ ਲਗਭਗ 75 ਪ੍ਰਤਿਸ਼ਤ ਹਿੱਸਾ ਪਾਣੀ ਹੀ ਹੈ। ਸਾਡੇ ਸਰੀਰ ਵਿਚ ਪਾਣੀ ਦੀ ਹੋਂਦ ਅਸੀਂ ਨਾ ਸਿਰਫ ਖ਼ੂਨ, ਥੁੱਕ, ਹੰਝੂ ਤੇ ਪੇਸ਼ਾਬ ਦੇ ਰੂਪ ਵਿਚ ਦੇਖ ਸਕਦੇ ਹਾਂ। ਸਗੋਂ ਸਾਡੇ ਸਰੀਰ ਦੇ ਹਰ ਸੈੱਲ ਵਿਚ ਹੀ ਪਾਣੀ ਦੀ ਹੋਂਦ ਹੈ। ਹਵਾ ਤੋਂ ਬਿਨ੍ਹਾਂ ਤਾਂ ਅਸੀਂ ਜ਼ਿੰਦਾ ਹੀ ਨਹੀਂ ਰਹਿ ਸਕਦੇ। ਉਹ ਤਾਕਤ ਜਿਸ ਦੀ ਵਰਤੋਂ ਨਾਲ ਅਸੀਂ ਰੋਜ਼ਾਨਾ ਕੰਮ-ਕਾਰ ਕਰਦੇ ਹਾਂ, ਸਾਡੇ ਸਰੀਰ ਅੰਦਰ ਮੌਜੂਦ ਊਰਜਾ (ਅੱਗ) ਦਾ ਹੀ ਪ੍ਰਗਟਾ ਹੈ। ਧਰਤੀ ਮਾਂ ਦੁਆਰਾ ਪੈਦਾ ਕੀਤੇ ਖਾਧ ਪਦਾਰਥਾਂ ਦਾ ਸੇਵਨ ਸਾਨੂੰ ਜ਼ਿੰਦਾ ਰਹਿਣ ਵਿਚ ਸਹਾਈ ਹੁੰਦਾ ਹੈ। ਇੰਝ ਸਾਡੇ ਸਰੀਰ ਵਿਚ ਧਰਤੀ ਤੱਤ ਵੀ ਮੌਜੂਦ ਹੈ। ਸਾਡਾ ਸਰੀਰ ਅੰਬਰ (ਪੁਲਾੜ, ਖ਼ਾਲੀ ਥਾਂ) ਵਿਚ ਹੀ ਹੋਂਦ ਰੱਖਦਾ ਹੈ ਤੇ ਇਸ ਅੰਦਰ ਅੰਬਰ ਦੇ ਅੰਸ਼ ਵੀ ਮੌਜੂਦ ਹਨ। ਸਰੀਰ ਅੰਦਰ ਸਾਹ ਲਿਜਾਣ ਲਈ, ਖਾਧ ਪਦਾਰਥ ਸੇਵਨ ਕਰਨ ਲਈ, ਖ਼ੂਨ ਅਤੇ ਹੋਰ ਦ੍ਰਵਾਂ ਦੇ ਵਹਾਓ ਲਈ ਥਾਂ ਮੌਜੂਦ ਹੈ। ਸਾਡੇ ਸਰੀਰ ਦੇ ਸਾਰੇ ਸੈੱਲਾਂ ਵਿਚ ਵੀ ਕਾਫੀ ਖਾਲੀ ਥਾਂ ਮੌਜੂਦ ਹੈ। ਸਪੱਸ਼ਟ ਹੈ ਕਿ ਮਨੁੱਖੀ ਸਰੀਰ ਅਤੇ ਬ੍ਰਹਿਮੰਡ ਵਿਚ ਗੂੜ੍ਹੀ ਆਪਸੀ ਸੰਬੰਧਤਾ ਹੈ। ਭਗਤ ਪੀਪਾ ਜੀ, ਗੁਰਬਾਣੀ ਵਿਚ, ਇਸ ਵਰਤਾਰੇ ਬਾਰੇ ਇੰਝ ਵਰਨਣ ਕਰਦੇ ਹਨ;

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ (ਭਗਤ ਪੀਪਾ, ਸ.ਗ.ਗ.ਸ., ਪੰਨਾ : 695)

ਭਾਵ: ਜੋ ਕੁਝ ਬ੍ਰਹਿਮੰਡ ਵਿਚ ਮੌਜੂਦ ਹੈ ਉਹੀ ਮਨੁੱਖੀ ਸਰੀਰ ਵਿਚ ਵੀ ਹੋਂਦਮਈ ਹੈ। ਜੋ ਕੋਈ ਵੀ ਇਸ ਤੱਥ ਨੂੰ ਜਾਨਣ ਲਈ ਖੋਜ ਕਰਦਾ ਹੈ, ਉਹ ਇਹ ਸੱਚਾਈ ਜਾਣ ਲੈਂਦਾ ਹੈ।

ਇਸੇ ਕਾਰਣ ਸਾਡਾ ਜੀਵਨ, ਬ੍ਰਹਿਮੰਡ ਵਿਚ ਮੌਜੂਦ ਹੋਰ ਵਸਤੂਆਂ ਦੀ ਹੋਂਦ ਨਾਲ ਵੀ ਸੰਬੰਧ ਰੱਖਦਾ ਹੈ। ਗੁਰੂ ਤੇਗ ਬਹਾਦਰ ਜੀ ਇਸ ਸੰਬੰਧਤਾ ਬਾਰੇ ਇੰਝ ਬਿਆਨ ਕਰਦੇ ਹਨ;

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤਰੁ ਸੁਜਾਨ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥ (ਮਹਲਾ 9, ਸ.ਗ.ਗ.ਸ., ਪੰਨਾ : 1427)

ਭਾਵ: ਸੂਝਵਾਨ ਸੱਜਣੋ! ਇਹ ਗੱਲ ਚੰਗੀ ਤਰ੍ਹਾਂ ਜਾਣ ਲਵੋ ਕਿ ਮਨੁੱਖੀ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ। (ਬਾਬਾ) ਨਾਨਕ ਦਾ ਕਥਨ ਹੈ ਕਿ ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ, ਇਕ ਦਿਨ ਇਹ ਉਨ੍ਹਾਂ ਤੱਤਾਂ ਵਿਚ ਹੀ ਸਮਾ ਜਾਵੇਗਾ।

ਜਦੋਂ ਅਸੀਂ, ਮਨੁੱਖੀ ਸਰੀਰ ਦੀ ਬ੍ਰਹਿਮੰਡ ਨਾਲ ਆਪਸੀ ਨਿਰਭਰਤਾ ਬਾਰੇ ਜਾਣ ਲੈਂਦੇ ਹਾਂ, ਤਾਂ ਅਸੀਂ ਆਪਣੇ ਅਤੇ ਬਿਗਾਨੇ ਵਿਚਕਾਰਲੀ ਵਿੱਥ ਪਾਰ ਕਰ ਲੈਂਦੇ ਹਾਂ। ਅਜਿਹੀ ਚੇਤੰਨਤਾ ਸਾਨੂੰ ਜਨਮ ਅਤੇ ਮੌਤ ਦੀਆਂ ਸੀਮਿਤ ਧਾਰਨਾਵਾਂ ਤੋਂ ਪਾਰ ਲੈ ਜਾਂਦੀ ਹੈ। ਮੋਹ-ਮਾਇਆ ਤੋਂ ਉਪਰਾਮਤਾ, ਅਜੂਨੀ ਤੇ ਅਮਰ ਸੁਭਾਅ ਦੀ ਪ੍ਰਾਪਤੀ ਦੇ ਢੰਗਾਂ ਵਿਚੋਂ ਇਹ ਇਕ ਅਹਿਮ ਢੰਗ ਹੈ। ਵਸਤੂਆਂ ਨੂੰ ਅਜਿਹੇ ਨਜ਼ਰੀਏ ਤੋਂ ਦੇਖਣਾ ਸਾਨੂੰ ਲਾਲਸਾਵਾਂ ਤੋਂ ਮੁਕਤ ਕਰਦਾ ਹੈ।

## ਵਿਸ਼ਵ-ਵਿਆਪਕ ਆਪਸੀ ਨਿਰਭਰਤਾ

ਬ੍ਰਹਿਮੰਡ ਦੀ ਹਰ ਵਸਤੂ, ਕਾਰਣ ਅਤੇ ਪ੍ਰਭਾਵ ਦੇ ਨਿਯਮ ਰਾਹੀਂ, ਇਕ ਦੂਸਰੇ ਨਾਲ ਜੁੜੀ ਹੋਈ ਹੈ। ਬ੍ਰਹਿਮੰਡ ਅਤੇ ਇਸ ਦੇ ਅੰਸ਼ ਆਪਸੀ ਤੌਰ ਉੱਤੇ ਨਿਰਭਰ ਹਨ, ਇਸੇ ਕਾਰਣ ਹਰ ਜੀਵ ਅਤੇ ਵਸਤੂ ਦਾ ਕਿਰਦਾਰ ਅਤੇ ਹਾਲਾਤ, ਕਿਸੇ ਸਮੇਂ ਵੀ, ਹੋਰ ਸਾਰੇ ਜੀਵਾਂ ਅਤੇ ਵਸਤੂਆਂ ਦੇ ਕਿਰਦਾਰਾਂ ਅਤੇ ਹਾਲਾਤਾਂ ਨਾਲ ਗਹਿਰਾ ਸੰਬੰਧ ਰੱਖਦੇ ਹਨ, ਭਾਵੇਂ ਇਹ ਸਾਰੇ ਜੀਵ ਅਤੇ ਵਸਤੂਆਂ ਓਪਰੀ ਨਜ਼ਰੇ ਦੇਖਣ ਵਿਚ ਕਿੰਨੇ ਵੀ ਭਿੰਨ ਲੱਗਦੇ ਹੋਣ। ਸਭ ਤੋਂ ਪਹਿਲਾਂ ਪੈਦਾ ਹੋਏ ਸੈੱਲ ਦੇ ਵੰਸ਼ਜ ਵਜੋਂ ਅਸੀਂ ਮਨੁੱਖੀ ਜੀਵ, ਸਮੂਹ ਜੀਵਨ ਹੋਂਦ ਨਾਲ ਜੁੜੇ ਹੋਏ ਹਾਂ। ਹੋਰ ਜੀਵਾਂ ਅਤੇ ਪੌਦਿਆਂ ਨਾਲ ਸਾਡਾ ਇਕ ਸਾਂਝਾ ਇਤਿਹਾਸ ਹੈ, ਜੋ ਸਾਡੇ ਜੀਨਜ਼ ਵਿਚ ਉੱਕਰਿਆ ਹੋਇਆ ਹੈ। ਧਰਤੀ ਉੱਤੇ ਹੋਂਦਮਈ ਤਿੰਨ ਕਰੋੜ ਜੀਵ ਵੰਨਗੀਆਂ ਵਿਚ ਮਨੁੱਖ ਇਕ ਜੀਵ ਹੀ ਹੈ। ਜ਼ਿੰਦਾ ਵਸਤੂਆਂ ਦੇ ਵਿਭਿੰਨ ਵਰਗਾਂ ਦੀ ਹੋਂਦ, ਜੈਵਿਕ ਵਿਭਿੰਨਤਾ ਉੱਤੇ ਨਿਰਭਰ ਕਰਦੀ ਹੈ। ਇਸੇ ਤਾਣੇ-ਬਾਣੇ ਰਾਹੀਂ ਆਪਸ ਵਿਚ ਜੁੜੇ ਹੋਏ ਅਸੀਂ ਸਾਰੇ ਆਪਸੀ ਤੌਰ ਉੱਤੇ ਨਿਰਭਰ ਹਾਂ।

## ਆਪਸੀ ਨਿਰਭਰਤਾ ਦਾ ਸਥਾਈਪਣ - ਸਮੇਂ ਦੀ ਅਹਿਮ ਲੋੜ

ਸਮੂਹ ਜੀਵ ਤੇ ਪੌਦੇ, ਸੂਰਜ ਤੋਂ ਪ੍ਰਾਪਤ ਊਰਜਾ ਅਤੇ ਧਰਤੀ ਦੇ ਕੁਦਰਤੀ ਸਰੋਤਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਕੁਦਰਤੀ ਸਰੋਤਾਂ ਦੀ ਮਿਕਦਾਰ ਸੀਮਿਤ ਹੈ। ਇਸ ਲਈ ਜੀਵਾਂ ਦੇ ਵਾਧੇ ਤੇ ਵਿਕਾਸ ਦੀ ਇਕ ਸੀਮਾ ਹੈ। ਅਜੋਕੇ ਸਮੇਂ ਦੌਰਾਨ ਮਨੁੱਖ ਨੇ ਇਸ ਸੀਮਾ ਨੂੰ ਛੂੰਹਣ ਦੀ ਨਾਦਾਨੀ ਕੀਤੀ ਹੈ। ਜਿਸ ਕਾਰਣ ਅਸੀਂ ਹਵਾ, ਪਾਣੀ ਤੇ ਜ਼ਮੀਨ ਵਿਖੇ ਪ੍ਰਦੂਸ਼ਣ ਪੈਦਾ ਕਰਕੇ ਜੀਵ ਵੰਨਗੀਆਂ ਦੇ ਵਿਨਾਸ਼ ਦਾ ਕਾਰਣ ਬਣ ਰਹੇ ਹਾਂ। ਮਨੁੱਖੀ ਆਬਾਦੀ 8.2 ਬਿਲੀਅਨ ਤੱਕ ਪਹੁੰਚ ਚੁੱਕੀ ਹੈ, ਜਿਸ ਦੀਆਂ ਲੋੜਾਂ ਦੀ ਪੂਰਤੀ ਲਈ ਅਸੀਂ ਕਈ ਜੀਵ ਵੰਨਗੀਆਂ ਦੇ ਵਿਨਾਸ਼ ਦਾ ਕਾਰਣ ਬਣ ਚੁੱਕੇ ਹਾਂ। ਕਈ ਵਿਸ਼ਾਲ ਦਰਿਆ ਸੁੱਕ ਚੁੱਕੇ ਹਨ, ਜੰਗਲਾਂ ਦਾ ਵਿਨਾਸ਼ ਚਰਮਸੀਮਾ ਉੱਤੇ ਹੈ। ਧਰਤੀ ਦੇ ਅਨੇਕ ਖੇਤਰਾਂ ਵਿਖੇ ਜ਼ਮੀਨ, ਹਵਾ ਅਤੇ ਬਾਰਸ਼ ਦੀ ਤਾਸੀਰ ਜ਼ਹਿਰੀਲੀ ਹੋ ਚੁੱਕੀ ਹੈ। ਧਰਤੀ ਦਾ ਸੁਰਖਿਆਂ ਕਵਚ - ਓਜ਼ੋਨ ਪਰਤ ਲੀਰੋ-ਲੀਰ ਹੋਈ ਪਈ ਹੈ। ਹੋਰ ਜੀਵਾਂ ਦੇ ਦੁਖ ਦਰਦ ਦੀ ਪ੍ਰਵਾਹ ਕੀਤੇ ਬਿਨ੍ਹਾਂ ਅਸੀਂ ਆਪਣੇ ਸੁੱਖਾਂ ਦੀ ਪ੍ਰਾਪਤੀ ਵਿਚ ਜੁੱਟੇ ਹੋਏ ਹਾਂ। ਅਜਿਹੇ ਹਾਲਤਾਂ ਕਾਰਨ, ਧਰਤੀ ਵਿਖੇ ਮੌਜੂਦ ਜੀਵਨ ਹੋਂਦ ਗਹਿਰੇ ਸੰਕਟ ਵਿਚ ਫਸ ਚੁੱਕੀ ਹੈ। ਅਜਿਹੇ ਹਾਲਾਤਾਂ ਦੇ ਬੁਰੇ ਨਤੀਜਿਆਂ ਬਾਰੇ ਬਾਬਾ ਫਰੀਦ ਇੰਝ ਵਰਨਣ ਕਰਦੇ ਹਨ;

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥ (ਸ਼ੇਖ ਫਰੀਦ, ਸ.ਗ.ਗ.ਸ., ਪੰਨਾ : 1382)

ਭਾਵ: ਦਰਿਆ ਦੇ ਕੰਢੇ ਉੱਤੇ ਉੱਗਿਆ ਰੁੱਖ ਆਖਰ ਕਦ ਤੱਕ ਟਿੱਕਿਆ ਰਹਿ ਸਕਦਾ ਹੈ? ਫਰੀਦ! ਕੱਚੇ ਘੜੇ ਵਿਚ ਪਾਣੀ ਕਦ ਤੱਕ ਭਰਿਆ ਰਹਿ ਸਕਦਾ ਹੈ? ਇਥੇ ਬਾਬਾ ਫਰੀਦ ਜੀ ਸਵਾਲਾਂ ਦੇ ਪ੍ਰਤੀਕ ਰਾਹੀਂ ਸੁਝਾ ਰਹੇ ਹਨ ਕਿ ਹਾਲਾਤਾਂ ਦਾ ਅਸਾਵਾਂਪਣ ਕਦੇ ਵੀ ਸੁਖਦਾਈ ਨਹੀਂ ਹੋ ਸਕਦਾ।

ਸਾਨੂੰ ਆਪਣੀਆਂ ਗਲਤੀਆਂ ਤੋਂ ਸਿੱਖਣਾ ਜ਼ਰੂਰੀ ਹੈ। ਅਲੋਪ ਹੋ ਰਹੀਆਂ/ਗਈਆਂ ਜੀਵ ਵੰਨਗੀਆਂ ਦਾ ਦੁੱਖ ਮਹਿਸੂਸ ਕਰਦੇ ਹੋਏ ਸ਼ਾਂਤਮਈ ਸਹਿਹੋਂਦ ਵਾਲੇ ਯੁੱਗ ਦਾ ਨਿਰਮਾਣ ਕਰਨ ਦੀ ਲੋੜ ਹੈ। ਹਵਾ, ਪਾਣੀ ਤੇ ਜ਼ਮੀਨ ਦੀ ਸ਼ੁੱਧਤਾ ਦੇ ਮਹੱਤਵ ਨੂੰ ਸਮਝਦੇ ਹੋਏ ਅਤੇ ਇਸ ਦੇ ਸਰੰਖਿਅਣ ਨੂੰ ਜੀਵਨ ਚਲਣ ਦਾ ਹਿੱਸਾ ਬਣਾਉਣਾ ਅਤਿ ਜ਼ਰੂਰੀ ਹੈ। ਵਿਕਾਸ ਕਾਰਜਾਂ ਵਿਚ ਸਮੂਹ ਵਾਤਾਵਰਣੀ ਅਤੇ ਸਮਾਜਿਕ ਤੱਥਾਂ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ। ਸਾਡੇ ਵਿਵਹਾਰ ਵਿਚ, ਧਰਤੀ ਉੱਤੇ ਕਾਬਜ਼ ਹੋਣ ਦੀ ਭਾਵਨਾ ਨਾਲੋਂ ਸਾਂਝੀਵਾਲਤਾ, ਮਿਲਾਪ ਅਤੇ ਆਪਸੀ ਭਰਾਤਰੀਪਣ ਦੀ ਭਾਵਨਾ ਦੇ ਪ੍ਰਬਲ ਹੋਣ ਦੀ ਲੋੜ ਹੈ। ਬਾਬਾ ਫਰੀਦ ਜੀ ਦਾ ਕਥਨ ਹੈ ਕਿ ਜੇ ਕਿਸੇ ਸੰਕਟ ਦੇ ਕਾਰਣਾਂ ਅਤੇ ਪ੍ਰਭਾਵ ਬਾਰੇ ਅਸੀਂ ਜਾਣੂੰ ਹਾਂ, ਤਾਂ ਉਸ ਤੋਂ ਬਚਣ ਲਈ ਸਮੇਂ ਸਿਰ ਯੋਗ ਕਾਰਵਾਈ ਕਰਨ ਨਾਲ ਅਜਿਹੇ ਸੰਕਟ ਤੋਂ ਬਚਾ ਹੋ ਸਕਦਾ ਹੈ।

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥ (ਸ਼ੇਖ ਫਰੀਦ, ਸ.ਗ.ਗ.ਸ., ਪੰਨਾ : 1382)

ਭਾਵ: ਹੜ੍ਹ ਦੀ ਮਾਰ ਹੇਠ ਦਰਿਆ ਆਪਣੇ ਕਿਨਾਰਿਆਂ ਨੂੰ ਢਾਹ ਰਿਹਾ ਹੈ। ਅਜਿਹੇ ਹਾਲਤ ਵਿਚ ਦਰਿਆ ਵਿਚਲਾ ਭੰਵਰ, ਤਰ ਰਹੀ ਬੇੜੀ ਦਾ, ਕੁਝ ਵੀ ਨਹੀਂ ਵਿਗਾੜ ਸਕਦਾ, ਜੇ ਅਜਿਹੀ ਹਾਲਤ ਤੋਂ ਸੁਚੇਤ ਮਲਾਹ ਸਮੇਂ ਸਿਰ ਯੋਗ ਕਾਰਵਾਈ ਕਰ ਲੈਂਦਾ ਹੈ।

ਅੱਜ ਲੋੜ ਹੈ ਕਿ ਅਸੀਂ ਕੁਦਰਤ ਸੰਬੰਧੀ ਆਪਣੇ ਸਹੀ ਰੋਲ ਨੂੰ ਪਛਾਣੀਏ। ਮੌਜੂਦਾ ਵਾਤਾਵਰਣੀ ਸੰਕਟ ਵਿਚੋਂ ਨਿਕਲਣ ਲਈ ਸਮੇਂ ਸਿਰ ਲੋੜੀਂਦੇ ਕਾਰਜ ਕਰੀਏ। ਅਜਿਹਾ ਕਰਨ ਨਾਲ ਸਾਡੀ ਧਰਤੀ ਉੱਤੇ ਵਸਤੂਆਂ ਦੀ ਆਪਸੀ ਨਿਰਭਰਤਾ ਚਿਰਸਥਾਈ ਹੋ ਸਕੇਗੀ ਅਤੇ ਜੀਵਨ ਹੋਂਦ ਦੀ ਪ੍ਰਫੁੱਲਤਾ ਸਦੀਵੀਂ ਬਣ ਸਕੇਗੀ।

# ਸ੍ਰੀ ਗੁਰੂ ਅੰਗਦ ਦੇਵ ਜੀ

ਨਵਜੋਤ ਸਿੰਘ
ਖਡੂਰ ਸਾਹਿਬ
87289-70280
ਪੰਜਾਬ ਮੇਲ USA





"ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।"

ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਲਹਿਣਾ ਜੀ ਸੀ। ਆਪ ਦਾ ਜਨਮ ਭਾਈ ਫੇਰੂ ਮੱਲ ਜੀ ਦੇ ਘਰ, ਮਾਤਾ ਸਭਰਾਈ ਜੀ ਦੀ ਕੁਖੋਂ 5 ਵੈਸਾਖ ਸੰਮਤ 1561 (ਮਾਰਚ 31 ਸੰਨ 1504) ਨੂੰ ਪਿੰਡ ਮੱਤੇ ਦੀ ਸਰ੍ਹਾਂ, ਜ਼ਿਲ੍ਹਾ ਮੁਕਤਸਰ ਵਿਖੇ ਹੋਇਆ। ਭਾਈ ਫੇਰੂ ਮੱਲ ਜੀ ਵੈਸ਼ਨੂੰ ਦੇਵੀ ਦੇ ਭਗਤ ਸਨ ਅਤੇ ਹਰ ਸਾਲ ਸੰਗ ਬਣਾ ਕੇ ਜੰਮੂ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ। ਭਾਈ ਲਹਿਣਾ ਜੀ ਦਾ ਵਿਆਹ ਸੰਘਰ ਨਿਵਾਸੀ ਦੇਵੀ ਚੰਦ ਦੀ ਸਪੁੱਤਰੀ ਮਾਤਾ ਖੀਵੀ ਜੀ ਨਾਲ 1519 ਈ. ਨੂੰ ਹੋਇਆ। ਆਪ ਦੇ ਘਰ ਦੋ ਸਪੁੱਤਰ ਬਾਬਾ ਦਾਸੂ ਜੀ ਅਤੇ ਬਾਬਾ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਨੋਖੀ ਜੀ ਅਤੇ ਬੀਬੀ ਅਮਰੋ ਜੀ ਨੇ ਜਨਮ ਲਿਆ।

ਤਵਾਰੀਖ਼ੀ ਵੇਰਵਿਆਂ ਮੁਤਾਬਿਕ ਭਾਈ ਫੇਰੂ ਮੱਲ ਜੀ ਰਾਜ ਵਿਚ ਫੈਲੀ ਰਾਜਨੀਤਿਕ ਅਸਥਿਰਤਾ ਕਾਰਨ ਪਹਿਲਾਂ ਹਰੀਕੇ ਉਪਰੰਤ ਖਡੂਰ ਸਾਹਿਬ ਆ ਕੇ ਸ਼ਾਹੂਕਾਰ ਦਾ ਕੰਮ ਕਰਨ ਲੱਗੇ, ਇਥੇ ਹੀ ਆਪ 1526 ਈ. ਨੂੰ ਅਕਾਲ ਚਲਾਣਾ ਕਰ ਗਏ। ਭਾਈ ਲਹਿਣਾ ਜੀ ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਹਰ ਸਾਲ ਸੰਗ ਦੇ ਮੁਖੀ ਬਣ ਕੇ ਦੇਵੀ ਦੇ ਦਰਸ਼ਨ ਨੂੰ ਜਾਂਦੇ ਪਰ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਨਾ ਮਿਲਦੀ।

"ਜਗਿਆਸਾ ਬੜੀ ਪਰ ਸ਼ਾਂਤਿ ਨਾ ਆਵੈ।
ਸਾਧ ਅਤੀਤ ਸੁਨੈ ਤਿਥੈ ਜਾਵੈ।"

ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਜੀ ਜੋ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ, ਗੁਰੂ ਸਾਹਿਬ ਦਾ 'ਆਸਾ ਕੀ ਵਾਰ' ਵਿਚ ਉਚਾਰਿਆ ਸ਼ਬਦ: 'ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬ ਸਦਾ ਸਮਾਲੀਐ॥' ਪੜ੍ਹ ਰਹੇ ਸਨ। ਸੱਚੇ ਮਾਲਕ ਨਾਲ ਪ੍ਰੀਤ ਅਤੇ ਬ੍ਰਹਿਮੰਡ ਦੇ ਭਲੇ ਦੀ ਲੋਚਾ ਅਤੇ ਸ਼ੁੱਭ ਕਰਮ ਕਰਨ ਦੀ ਪ੍ਰੇਰਨਾ ਦਿੰਦੀ ਇਹ ਬਾਣੀ ਅੰਤਹਕਰਣ ਵਿਚ ਇੰਨੀ ਡੂੰਘੀ ਲਹਿ ਗਈ ਕਿ ਆਪ ਨੇ ਭਾਈ ਜੋਧ ਜੀ ਕੋਲੋਂ ਗੁਰੂ ਨਾਨਕ ਦੇਵ ਜੀ ਬਾਰੇ ਜਾਣ ਕੇ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਜਤਾਈ।

ਭਾਈ ਲਹਿਣਾ ਜੀ ਨੇ 1539 ਈ. ਨੂੰ ਜੰਮੂ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਇਤਿਹਾਸ ਗਵਾਹੀ ਭਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਆਪ ਨੂੰ ਅੱਗੋਂ ਲੈਣ ਲਈ ਖੜ੍ਹੇ ਸਨ। ਭਾਈ ਲਹਿਣਾ ਜੀ ਦੇ ਹਿਰਦੇ ਵਿਚ ਸੱਚ ਦੀ ਖੋਜ ਲਈ ਚਿਰਾਂ ਤੋਂ ਉਪਜੀ ਭਟਕਣਾ ਖਤਮ ਹੋ ਗਈ। ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੁਆਰਾ ਐਸੀ ਪ੍ਰੀਤ ਪਈ ਕਿ ਦੇਵੀ ਪੂਜਾ ਵਾਲੇ ਸਾਰੇ ਕਾਰਜ ਤਿਆਗ ਦਿੱਤੇ। ਸਵੇਰੇ-ਸ਼ਾਮ ਗੁਰਬਾਣੀ ਕੀਰਤਨ ਅਤੇ ਗੁਰ ਉਪਦੇਸ਼ ਸੁਣਦੇ ਤੇ ਹਰ ਸਮੇਂ ਸੇਵਾ ਲਈ ਖਿੜੇ ਮੱਥੇ ਤਿਆਰ ਰਹਿੰਦੇ ਸਨ।

ਭਾਈ ਲਹਿਣਾ ਜੀ ਦੀ ਸੇਵਾ-ਭਗਤੀ ਅਤੇ ਹਰ ਸਮੇਂ ਹੁਕਮ ਪਾਲਣ ਦੀ ਤੱਤਪਰਤਾ ਨੂੰ ਦੇਖ ਕੇ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਭਾਈ ਲਹਿਣਾ ਜੀ ਹੀ ਗੱਦੀ ਲਈ ਯੋਗ ਹਨ। ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ 1539 ਈ. ਨੂੰ ਗੁਰਗੱਦੀ ਭਾਈ ਲਹਿਣਾ ਜੀ ਨੂੰ ਸੌਂਪ ਦਿੱਤੀ ਅਤੇ ਉਨ੍ਹਾਂ ਦਾ ਨਾਮ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਰੱਖ ਦਿੱਤਾ। ਗੁਰਗੱਦੀ ਤੋਂ ਵੰਚਿਤ ਰਹਿ ਜਾਣ ਕਾਰਨ ਗੁਰ-ਪੁੱਤਰਾਂ ਦਾ ਵਧਦਾ ਕ੍ਰੋਧ ਅਤੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ। ਭਾਈ ਗੁਰਦਾਸ ਜੀ ਲਿਖਦੇ ਹਨ:

"ਦਿੱਤਾ ਛੋੜਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ॥"

ਗੁਰੂ ਅੰਗਦ ਜੀ ਨੇ ਖਡੂਰ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਕੇਂਦਰ ਬਣਾਉਂਦਿਆਂ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਈ ਜੀਵਨ-ਜਾਚ, ਧਰਮ-ਦਰਸ਼ਨ ਅਤੇ ਧਾਰਮਿਕ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਜੀ ਵਲੋਂ ਸਿੱਖੀ ਦੇ ਬੂਟੇ ਨੂੰ ਪ੍ਰਫੁਲਿਤ ਕਰਨ ਲਈ ਖਡੂਰ ਸਾਹਿਬ ਗੁਰਸਿੱਖੀ ਦਾ ਪ੍ਰਚਾਰ ਕਰਦਿਆਂ ਅਨੇਕਾਂ ਕਾਰਜ ਕੀਤੇ, ਜਿਵੇਂ ਲੰਗਰ ਸੰਸਥਾ ਦਾ ਵਿਕਾਸ, ਮੱਲ ਅਖਾੜੇ ਦੀ ਸਿਰਜਨਾ, ਜਨਮਸਾਖੀ ਲਿਖਵਾਉਣਾ, ਗੁਰਮੁਖੀ ਲਿੱਪੀ ਨੂੰ ਤਰਤੀਬ ਦੇਣਾ ਆਦਿ। ਗੁਰੂ ਅੰਗਦ ਦੇਵ ਜੀ ਨੇ ਜਿਥੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਵੱਖ-ਵੱਖ ਜਗ੍ਹਾ ਤੋਂ ਮੰਗਵਾ ਕੇ ਇਕ ਜਗ੍ਹਾ ਇਕੱਠਾ ਕੀਤਾ, ਉਥੇ ਆਪ ਜੀ ਨੇ ਵੀ ਇਲਾਹੀ ਬਾਣੀ ਦਾ ਉਚਾਰਨ ਕੀਤਾ। ਆਪ ਜੀ ਦੇ 63 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। 1552 ਈ. ਵਿਚ ਆਪ ਜੀ ਗੁਰਗੱਦੀ ਆਪਣੇ ਸੇਵਕ ਬਾਬਾ ਅਮਰਦਾਸ ਜੀ ਨੂੰ ਸੌਂਪ ਕੇ ਜੋਤੀ ਜੋਤਿ ਸਮਾ ਗਏ।

ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਇਸ ਪਵਿੱਤਰ ਧਰਤੀ ਖਡੂਰ ਸਾਹਿਬ ਵਿਖੇ, ਹਰ ਸਾਲ ਕਾਰ ਸੇਵਾ ਖਡੂਰ ਸਾਹਿਬ, ਨਿਹੰਗ ਜਥੇਬੰਦੀ (ਤਰਨਾ ਦਲ ਬਾਬਾ ਬਕਾਲਾ) ਅਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਂਦਿਆਂ ਵੱਖ-ਵੱਖ ਨਿਹੰਗ ਜਥੇਬੰਦੀਆਂ ਖਾਲਸਾ ਪੰਥ ਦੀ ਸ਼ਾਨ ਦਾ ਪ੍ਰਤੀਕ ਮਹੱਲਾ ਕੱਢਦੀਆਂ ਹਨ, ਉਪਰੰਤ ਖਾਲਸਾਈ ਜੌਹਰ ਦਿਖਾਉਂਦਿਆਂ ਨੇਜ਼ੇਬਾਜ਼ੀ, ਘੋੜ ਸਵਾਰੀ ਆਦਿ ਖਾਲਸਾਈ ਖੇਡਾਂ ਦਾ ਪ੍ਰਦਰਸ਼ਨ ਕਰਦੀਆਂ ਹਨ। ਇਸ ਮੌਕੇ ਸਜਾਏ ਜਾਂਦੇ ਦਿਵਾਨਾਂ ਵਿਚ ਢਾਡੀ ਦਰਬਾਰ, ਕਵੀ ਦਰਬਾਰ ਤੇ ਕੀਰਤਨ ਦਰਬਾਰ ਆਯੋਜਿਤ ਕੀਤੇ ਜਾਂਦੇ ਹਨ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤ ਹੁੰਮਹੁਮਾ ਕੇ

> **ਗੁਰੂ ਅੰਗਦ ਦੇਵ ਜੀ ਨੇ ਜਿਥੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਵੱਖ-ਵੱਖ ਜਗ੍ਹਾ ਤੋਂ ਮੰਗਵਾ ਕੇ ਇਕ ਜਗ੍ਹਾ ਇਕੱਠਾ ਕੀਤਾ, ਉਥੇ ਆਪ ਜੀ ਨੇ ਵੀ ਇਲਾਹੀ ਬਾਣੀ ਦਾ ਉਚਾਰਨ ਕੀਤਾ। ਆਪ ਜੀ ਦੇ 63 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। 1552 ਈ. ਵਿਚ ਆਪ ਜੀ ਗੁਰਗੱਦੀ ਆਪਣੇ ਸੇਵਕ ਬਾਬਾ ਅਮਰਦਾਸ ਜੀ ਨੂੰ ਸੌਂਪ ਕੇ ਜੋਤੀ ਜੋਤਿ ਸਮਾ ਗਏ।**

# ਮਨੁੱਖੀ ਜੀਵਨ ਦਾ ਭਵਿੱਖ ਬਹੁਤ ਧੁੰਦਲਾ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
ਪੰਜਾਬ ਮੇਲ USA



ਅੱਜ ਦੇ ਸਮਾਜ ਦੇ ਹਰ ਖੇਤਰ ਦੀ ਦਸ਼ਾ ਦੇਖਦੇ ਹੋਏ ਮਨ ਦੁਬਿਧਾ ਵਿਚ ਪੈ ਜਾਂਦਾ ਹੈ ਕਿ ਮਨੁੱਖੀ ਭਵਿੱਖ ਬਹੁਤ ਧੁੰਦਲਾ ਹੈ। ਕਿਉਂਕਿ ਹਰ ਖੇਤਰ ਭਾਵੇਂ ਉਹ ਰਾਜਨੀਤਿਕ ਹੈ, ਧਾਰਮਿਕ ਹੈ, ਵਿੱਦਿਅਕ ਹੈ, ਮੈਡੀਕਲ ਹੈ, ਪੁਲਿਸ ਡਿਪਾਰਟਮੈਂਟ ਹੈ ਜਾਂ ਨਿਆਂਪਾਲਿਕਾ ਹੈ, ਸਭ ਵਿਚ ਭ੍ਰਿਸ਼ਟਾਚਾਰ, ਫਰਜ਼ ਦੀ ਕੁਤਾਹੀ ਤੇ ਵੱਢੀਖੋਰੀ ਦਾ ਬੋਲਬਾਲਾ ਹੈ। ਜਦੋਂ ਵਿਸ਼ੇਸ਼ ਵਿਅਕਤੀਆਂ ਦੀ ਇਹ ਦਸ਼ਾ ਹੈ, ਭਾਵ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ, ਤਾਂ ਖੇਤ ਫਿਰ ਕਿਵੇਂ ਬਚੇਗਾ? 'ਰਾਜੇ ਸ਼ੀਂਹ ਮਕੱਦਮ ਕੁਤੇ' ਵਾਲੀ ਗੱਲ ਹੋ ਚੁੱਕੀ ਹੈ, ਜਿਹੜੀ ਅੱਜ ਤੋਂ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਕਹੀ ਸੀ। ਸਾਰੇ ਸਮਾਜ ਦੀ ਦਸ਼ਾ ਹੀ ਉਸ ਵੇਲੇ ਦੇ ਸਮਾਜ ਵਾਲੀ ਹੋ ਚੁੱਕੀ ਹੈ, ਜਿਹੜੀ ਉਸ ਵੇਲੇ ਦੇ ਸਮਾਜ ਦੀ ਤਸਵੀਰ ਉਨ੍ਹਾਂ ਨੇ ਖਿੱਚੀ ਸੀ। ਇਸ ਦਾ ਕਾਰਨ ਸਾਫ ਹੈ ਕਿ ਮਨੁੱਖੀ ਸੋਚ ਬਦਲ ਚੁੱਕੀ ਹੈ। ਮਨੁੱਖ ਇੰਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਤੋਂ ਬਿਨਾਂ ਕੁੱਝ ਵੀ ਹੋਰ ਨਜ਼ਰ ਨਹੀਂ ਆਉਂਦਾ। ਪੈਸੇ ਦੇ ਬਦਲੇ ਵਿਚ ਰਿਸ਼ਤੇਦਾਰੀਆਂ, ਨੈਤਿਕ, ਮਨੁੱਖੀ ਕਦਰਾਂ-ਕੀਮਤਾਂ ਕੁੱਝ ਵੀ ਨਹੀਂ।

ਅੱਜ ਦਾ ਮਨੁੱਖ ਇਸ ਕਦਰ ਅਹੰਕਾਰੀ ਤੇ ਈਰਖਾਵਾਦੀ ਹੋ ਗਿਆ ਹੈ ਕਿ ਉਹ ਆਪਣਾ ਉੱਲੂ ਸਿੱਧਾ ਕਰਨ ਲਈ ਕੁੱਝ ਵੀ ਕਰ ਸਕਦਾ ਹੈ। ਨਿਮਰਤਾ, ਸਹਿਣਸ਼ੀਲਤਾ, ਸਬਰ-ਸੰਤੋਖ ਖੰਭ ਲਾ ਕੇ ਮਨੁੱਖ ਕੋਲੋਂ ਉੱਡ ਗਏ ਹਨ, ਜਿਸ ਕਰਕੇ ਪਰਿਵਾਰਾਂ ਵਿਚ ਸ਼ਾਂਤੀ ਨਹੀਂ। ਤਲਾਕ ਪੰਜਾਬੀ ਭਾਈਚਾਰੇ ਵਿਚ ਵੀ ਗੋਰਿਆਂ ਵਾਂਗੂੰ ਹੋਣੇ ਆਰੰਭ ਹੋ ਗਏ ਹਨ। ਬੱਚੇ ਆਪਹੁਦਰੇ ਹੋ ਰਹੇ ਹਨ। ਸੰਯੁਕਤ ਪਰਿਵਾਰਾਂ ਬਾਰੇ ਤਾਂ ਕੀ ਕਹਿਣਾ ਹੈ। ਮਾਨਵੀ ਗਲਤੀ ਕਾਰਨ ਕਿੰਨੀਆਂ ਘਟਨਾਵਾਂ ਹੋ ਰਹੀਆਂ ਹਨ। ਹਰ ਰੋਜ਼ ਐਕਸੀਡੈਂਟ, ਗੱਡੀਆਂ ਵਿਚ ਬੰਬ ਧਮਾਕੇ, ਸੜਕ ਹਾਦਸਿਆਂ ਵਿਚ ਇੰਨੀਆਂ ਮੌਤਾਂ ਹੋ ਰਹੀਆਂ ਹਨ ਕਿ ਮਨੁੱਖ ਦੇਖ ਕੇ ਤੇ ਸੁਣ ਕੇ ਅਸਚਰਜ ਰਹਿ ਜਾਂਦਾ ਹੈ ਕਿ ਮਨੁੱਖਤਾ ਦਾ ਕੀ ਬਣੇਗਾ? ਜੇਕਰ ਇਸੇ ਰਫਤਾਰ ਨਾਲ ਦੁਰਘਟਨਾਵਾਂ ਹੁੰਦੀਆਂ ਰਹੀਆਂ ਜਾਂ ਮਨੁੱਖ ਜਾਤੀ ਦਾ ਘਾਣ ਹੁੰਦਾ ਰਿਹਾ, ਤਾਂ ਦਸ਼ਾ ਬਹੁਤ ਚਿੰਤਾਜਨਕ ਹੋ ਜਾਵੇਗੀ। ਇਨ੍ਹਾਂ ਗੱਲਾਂ ਦਾ ਸੰਬੰਧ ਤਾਂ ਮਾਨਵੀ ਗਲਤੀਆਂ ਨਾਲ ਹੈ। ਯਤਨ ਕਰਨ ਨਾਲ ਇਹ ਸਭ ਕੁੱਝ ਠੀਕ ਹੋ ਸਕਦਾ ਹੈ। ਜੇਕਰ ਸਰਕਾਰਾਂ ਵਿਚ ਯੋਗ ਨੁਮਾਇੰਦੇ ਲੋਕਾਂ ਵੱਲੋਂ ਚੁਣ ਕੇ, ਸੰਸਦ ਤੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਵਿਚ ਭੇਜੇ ਜਾਣ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹ ਸਭ ਕੁੱਝ ਤਾਂ ਹੀ ਸੰਭਵ ਹੈ, ਜੇਕਰ ਵੋਟਰ ਸਿਆਣਾ, ਸੂਝਵਾਨ ਤੇ ਨਿੱਜੀ ਸੁਆਰਥਾਂ ਤੋਂ ਉਪਰ ਉੱਠ ਕੇ ਨੈਤਿਕਤਾ ਪੱਖੋਂ ਸ਼ਕਤੀਸ਼ਾਲੀ ਹੋਵੇ, ਜਿਹੜਾ ਕਿ ਇਸ ਵੇਲੇ ਕੋਈ ਦਿਖਾਈ ਨਹੀਂ ਦਿੰਦਾ।

ਵਿਅਕਤੀ ਤੇ ਸਮਾਜ ਤੋਂ ਬਾਅਦ ਕੁਦਰਤ ਵੀ ਇਨ੍ਹਾਂ ਸਾਰੀਆਂ ਚੀਜ਼ਾਂ ਲਈ ਜ਼ਿੰਮੇਵਾਰ ਹੈ। ਵਿਅਕਤੀ ਤੇ ਸਮਾਜ ਇਕੱਠੇ ਹੋ ਕੇ ਸੁਧਾਰ ਕਰ ਸਕਦੇ ਹਨ। ਭਾਵੇਂ ਕਿ ਕਠਿਨ ਜਾਪਦਾ ਹੈ ਪਰ ਕੁਦਰਤੀ ਆਫਤਾਂ ਨੂੰ ਮਨੁੱਖ ਕਿਵੇਂ ਪਾਰ ਕਰੇਗਾ? ਮਨੁੱਖ ਪਾਸ ਇੰਨੀ ਸ਼ਕਤੀ ਅਜੇ ਨਹੀਂ ਆਈ ਕਿ ਉਹ ਕੁਦਰਤੀ ਆਫਤਾਂ 'ਤੇ ਕਾਬੂ ਪਾ ਸਕੇ। ਉਂਜ ਤਾਂ ਭਾਵੇਂ ਮਨੁੱਖ ਨੇ ਚੰਦ 'ਤੇ ਜਾਣ ਦੀ ਤਿਆਰੀ ਆਰੰਭ ਦਿੱਤੀ ਹੈ ਕਿ ਖੋਜ ਸ਼ੁਰੂ ਹੈ ਕਿ ਉਥੇ ਕੀ ਹੈ? ਮੌਸਮ ਵਿਚ ਪਰਿਵਰਤਨ, ਗਰਮੀ, ਸਰਦੀ ਵਿਚ ਪੁਰਾਣੇ ਰਿਕਾਰਡ ਬੀਟ ਹੋ ਰਹੇ ਹਨ। ਪ੍ਰਦੂਸ਼ਣ ਇੰਨਾ ਵਧ ਰਿਹਾ ਹੈ ਕਿ ਮਨੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਦੁਨੀਆਂ ਦੇ ਬਹੁਤ ਭਾਗਾਂ ਵਿਚ ਪਾਣੀ ਦੀ ਸਮੱਸਿਆ ਦਿਨ-ਬ-ਦਿਨ ਵਧ ਰਹੀ ਹੈ। ਪਾਣੀ ਥੱਲੇ ਜਾ ਰਿਹਾ ਹੈ। ਪਾਣੀ ਨੂੰ ਖੇਤੀ ਲਈ ਵਰਤਣ ਦੀ ਗੱਲ ਤਾਂ ਇਕ ਪਾਸੇ ਰਹੀ, ਪਾਣੀ ਦੀ ਤਾਂ ਪੀਣ ਦੀ ਸਮੱਸਿਆ ਵੀ ਆ ਸਕਦੀ ਹੈ। ਉਸ ਸੂਰਤ ਵਿਚ ਫਿਰ ਮਨੁੱਖੀ ਜੀਵਨ ਖਤਰੇ ਵਿਚ ਪੈ ਸਕਦਾ ਹੈ। ਇਸ ਤੋਂ ਪਹਿਲਾਂ ਕਦੀ ਇੰਨੇ ਭੂਚਾਲ ਨਹੀਂ ਆਏ ਸਨ ਅਤੇ ਨਾ ਹੀ ਸੁਨਾਮੀ ਲਹਿਰਾਂ ਵਰਗੀਆਂ ਕੁਦਰਤੀ ਆਫਤਾਂ ਦੇਖੀਆਂ ਸਨ। ਜੇ ਇਸ ਤਰ੍ਹਾਂ ਹੀ ਸਭ ਕੁੱਝ ਹੁੰਦਾ ਰਿਹਾ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਮਨੁੱਖੀ ਜੀਵਨ ਦਾ ਭਵਿੱਖ ਕੀ ਹੋਵੇਗਾ? ਇਸ ਬਾਰੇ ਸਰਕਾਰਾਂ, ਧਾਰਮਿਕ ਆਗੂਆਂ, ਵਿਗਿਆਨੀਆਂ, ਸਮਾਜ ਸ਼ਾਸਤਰੀਆਂ, ਦਾਰਸ਼ਨਿਕਾਂ ਤੇ ਮਨੋਵਿਗਿਆਨੀਆਂ ਲਈ ਚਿੰਤਾ ਦਾ ਵਿਸ਼ਾ ਹੈ, ਜਿਸ ਬਾਰੇ ਇਨ੍ਹਾਂ ਨੂੰ ਸੋਚਣ ਦੀ ਲੋੜ ਹੈ, ਤਾਂ ਜੋ ਜਿੰਨਾ ਸੰਭਵ ਹੋ ਸਕੇ, ਕੀਤਾ ਜਾਵੇ।

ਦੁਨੀਆਂ ਵਿਚ ਵਧ ਰਹੀ ਆਬਾਦੀ ਵੀ ਚਿੰਤਾ ਦਾ ਵਿਸ਼ਾ ਹੈ, ਪਰ ਸਰਕਾਰਾਂ ਦਾ ਇਸ ਵੱਲ ਕੋਈ ਧਿਆਨ ਨਹੀਂ। ਕੋਰੋਨਾਵਾਇਰਸ ਵਰਗੀਆਂ ਬਿਮਾਰੀਆਂ ਵੀ ਮਨੁੱਖੀ ਭਵਿੱਖ ਲਈ ਖਤਰਾ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਦੁਖਾਂਤ ਲਈ ਕੁਦਰਤ ਬਹੁਤ ਵੱਡੀ ਜ਼ਿੰਮੇਵਾਰ ਹੈ। ਮਨੁੱਖ ਪਾਸ ਕੁਦਰਤ ਦਾ ਮੁਕਾਬਲਾ ਕਰਨ ਲਈ ਸ਼ਕਤੀ ਨਹੀਂ। ਇਸ ਕਰਕੇ ਕੁਦਰਤ ਦੇ ਭਾਣੇ ਨੂੰ ਮੰਨ ਲੈਣਾ ਚਾਹੀਦਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਤੇਰਾ ਕੀਆ ਮੀਠਾ ਲਾਗੈ॥" ਪਰ ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ, ਮਨੁੱਖ ਦਾ ਬੁਰਾ ਨਾ ਕਰੇ, ਜਿਵੇਂ ਸਿੱਖ ਧਰਮ ਵਿਚ ਮਨੁੱਖ ਨੂੰ ਸ਼ੁੱਭ ਅਮਲ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: ਸ਼ੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ॥" ਇਸ ਲਈ ਮਨੁੱਖ ਨੂੰ ਕਦੀ ਗਲਤ ਕੰਮ ਨਹੀਂ ਕਰਨਾ ਚਾਹੀਦਾ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ।" ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕੇ ਭਲਾ ਕਰੋ, ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ, ਕਿਸੇ ਦਾ ਹੱਕ ਨਾ ਖਾਓ। ਨਿਮਰਤਾ ਦੇ ਧਾਰਨੀ ਬਣੋ, ਜਿਵੇਂ: ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ॥"

# ਇੱਕ ਮੁਕਾਬਲੇ ਵਾਲੇ ਅਕਾਦਮਿਕ ਸੱਭਿਆਚਾਰ ਵਿਚ ਲੁਕੇ ਹੋਏ ਤਣਾਅ ਨੂੰ ਪਛਾਣੋ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA





ਹਾਲ ਹੀ ਵਿਚ, ਆਈ.ਆਈ.ਟੀ. ਕਾਨਪੁਰ ਨੇ 'ਦਿ ਆਰਟ ਆਫ਼ ਲਿਵਿੰਗ ਫਾਊਂਡੇਸ਼ਨ' ਦੇ ਸਹਿਯੋਗ ਨਾਲ ਇੱਕ 'ਵੈਲਬੀਇੰਗ ਪ੍ਰੋਗਰਾਮ' ਸ਼ੁਰੂ ਕੀਤਾ ਹੈ। ਰਿਪੋਰਟ ਦੇ ਅਨੁਸਾਰ, ਫਾਊਂਡੇਸ਼ਨ ਨੇ ਮਾਹਰ ਸੈਸ਼ਨਾਂ ਦੀ ਇੱਕ ਲੜੀ ਆਯੋਜਿਤ ਕਰਨ ਲਈ ਸਹਿਮਤੀ ਦਿੱਤੀ ਹੈ, ਜਿਸ ਵਿਚ ਸਾਹ ਲੈਣ ਦੀਆਂ ਕਸਰਤਾਂ, ਧਿਆਨ ਅਤੇ ਧਿਆਨ (ਆਲੇ-ਦੁਆਲੇ ਦੀਆਂ ਘਟਨਾਵਾਂ ਤੋਂ ਜਾਣੂ ਹੋਣਾ ਅਤੇ ਉਨ੍ਹਾਂ ਵਿਚ ਡੁੱਬਣਾ ਨਹੀਂ) ਸ਼ਾਮਲ ਹਨ। ਇਸਦਾ ਉਦੇਸ਼ ਨੌਜਵਾਨ ਵਿਦਿਆਰਥੀਆਂ ਦੀ 'ਮਾਨਸਿਕ ਸਹਿਣਸ਼ੀਲਤਾ ਅਤੇ ਤਣਾਅ ਪ੍ਰਬੰਧਨ ਯੋਗਤਾਵਾਂ' ਨੂੰ ਬਿਹਤਰ ਬਣਾਉਣਾ ਹੈ। ਇਹ ਸਮਝਣ ਯੋਗ ਹੈ ਕਿ ਆਈ.ਆਈ.ਟੀ. ਅਧਿਕਾਰੀ ਆਪਣੇ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਇੰਨੇ ਚਿੰਤਤ ਕਿਉਂ ਹਨ। ਦਰਅਸਲ, ਹਾਲ ਹੀ ਵਿਚ ਸੂਚਨਾ ਦੇ ਅਧਿਕਾਰ ਤਹਿਤ ਪ੍ਰਾਪਤ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਪਿਛਲੇ ਪੰਜ ਸਾਲਾਂ ਵਿਚ 37 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ, ਜਿਨ੍ਹਾਂ ਵਿਚੋਂ 11 ਵਿਦਿਆਰਥੀ ਆਈ.ਆਈ.ਟੀ. ਦੇ ਸਨ। ਇਸ ਲਈ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿਆਈ.ਆਈ.ਟੀ. ਗੁਹਾਟੀ ਨੇ ਵੀ 'ਕਲੀਨਿਕਲ ਅਭਿਆਸਾਂ' ਦੀ ਇੱਕ ਲੜੀ ਦਾ ਐਲਾਨ ਕੀਤਾ ਹੈ - ਜਿਵੇਂ ਕਿ ਕਾਉਂਸਲਿੰਗ ਸੈਸ਼ਨ, ਫੈਕਲਟੀ ਮੈਂਬਰਾਂ ਨਾਲ ਸਵੇਰ ਦੀ ਸੈਰ ਅਤੇ 'ਤਣਾਅ ਤੋਂ ਰਾਹਤ' ਵਰਕਸ਼ਾਪਾਂ। ਹਾਲਾਂਕਿ, ਭਾਰਤ ਦੇ ਸਮਕਾਲੀ ਵਿਦਿਅਕ ਦ੍ਰਿਸ਼ ਦੇ ਇੱਕ ਨਿਰੀਖਕ ਵਜੋਂ, ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਵਿਅਕਤੀਗਤ ਸਲਾਹ-ਮਸ਼ਵਰੇ ਦੇ ਸੈਸ਼ਨਾਂ, ਸਾਹ ਲੈਣ ਦੀਆਂ ਕਸਰਤਾਂ ਅਤੇ ਮਾਨਸਿਕਤਾ ਦੇ ਅਭਿਆਸਾਂ ਦਾ ਕੋਈ ਵੀ ਸੈੱਟ ਇਨ੍ਹਾਂ ਨੌਜਵਾਨਾਂ ਦੀਆਂ ਵਧਦੀਆਂ ਮਾਨਸਿਕ, ਮਨੋਵਿਗਿਆਨਕ ਚਿੰਤਾਵਾਂ ਅਤੇ ਹੋਂਦ ਦੀਆਂ ਪੀੜਾ ਨਾਲ ਨਜਿੱਠਣ ਲਈ ਨਾਕਾਫ਼ੀ ਹੋਵੇਗਾ, ਜੋ ਪਹਿਲਾਂ ਹੀ ਅਤਿ-ਮੁਕਾਬਲੇ ਅਤੇ ਸਮਾਜਿਕ ਡਾਰਵਿਨਵਾਦ ਦੁਆਰਾ ਪੈਦਾ ਕੀਤੇ ਗਏ ਜੀਵਨ-ਘਾਤਕ ਵਾਇਰਸ ਦੁਆਰਾ ਪੈਦਾ ਕੀਤੇ ਗਏ ਇੱਕ ਘਾਤਕ 'ਯੁੱਧ ਦੇ ਮੈਦਾਨ' ਵਿਚ ਫਸੇ ਹੋਏ ਹਨ। ਸਮੱਸਿਆ ਸਿਰਫ਼ ਆਪਣੇ ਆਪ ਨੂੰ 'ਦੁੱਖੀ' ਪਹੁੰਚਾਉਣ ਦੀ ਨਹੀਂ ਹੈ; ਇਹ ਸਮਾਜ ਦਾ ਪੂਰਾ ਢਾਂਚਾ ਹੈ - ਸਰੋਤਾਂ ਦੀ ਘਾਟ, ਅਸਮਾਨਤਾ ਜਾਂ ਉਹ ਵਿਚਾਰਧਾਰਾ ਜਿਸ ਵਿਚ ਕਿਸੇ ਦੀ ਯੋਗਤਾ ਨੂੰ ਸਿਰਫ਼ ਉਸ ਦੁਆਰਾ ਪ੍ਰਾਪਤ ਕੀਤੇ ਚੰਗੇ ਅੰਕਾਂ ਨਾਲ ਹੀ ਮਾਪਿਆ ਜਾਂਦਾ ਹੈ। ਉਸ ਚੂਹੇ ਦੀ ਦੌੜ ਵਿਚ ਸ਼ਾਮਲ ਹੋਣਾ, ਜਿਸਦਾ ਟੈਕਨੋ-ਪੂੰਜੀਵਾਦੀ ਦਾਅਵਾ ਕਰਦੇ ਹਨ ਕਿ ਇਹ 'ਸਫਲਤਾ' ਦਾ ਮਾਡਲ ਹੈ। ਤੁਸੀਂ ਆਪਣੇ 'ਪਰੇਸ਼ਾਨ' ਖੁਦ ਨੂੰ ਸਮਾਜ ਦੇ ਬਾਕੀ ਤਾਣੇ-ਬਾਣੇ ਤੋਂ ਵੱਖ ਨਹੀਂ ਕਰ ਸਕਦੇ। ਤਿੰਨ ਕਾਰਨਾਂ ਬਾਰੇ ਸੋਚੋ ਕਿ ਆਈ.ਆਈ.ਟੀ. ਵਾਤਾਵਰਣ ਵਿਚ ਮਾਨਸਿਕ ਤਣਾਅ ਜਾਂ ਇਕੱਲਤਾ ਕਿਉਂ ਸਹਿਜ ਹੈ। ਦਰਅਸਲ ਤੁਸੀਂ ਮਹਿਸੂਸ ਕਰੋਗੇ ਕਿ ਕਿਸੇ ਵੀ ਆਈ.ਆਈ.ਟੀ. ਵਿਚ ਦਾਖਲਾ ਲੈਣ ਦੀ ਪ੍ਰਕਿਰਿਆ ਸੁਭਾਵਿਕ ਤੌਰ 'ਤੇ ਤਣਾਅਪੂਰਨ ਹੁੰਦੀ ਹੈ। ਇਹ ਕਿਸੇ ਮਹਾਨ ਅਧਿਆਪਕ ਦੇ ਪਿੱਛੇ ਚੱਲਣ ਅਤੇ ਸਿੱਖਣ ਵਰਗਾ ਨਹੀਂ ਹੈ, ਸਗੋਂ ਵਿਗਿਆਨ ਅਤੇ ਗਣਿਤ ਦੀਆਂ ਪੇਚੀਦਗੀਆਂ ਨੂੰ ਨਕਲੀ ਬੌਧਿਕ ਉਤਸ਼ਾਹ ਅਤੇ ਉਤਸੁਕਤਾ ਨਾਲ ਖੋਜਣ ਵਰਗਾ ਹੈ। ਇੰਨਾ ਹੀ ਨਹੀਂ, ਕੋਚਿੰਗ ਸੈਂਟਰਾਂ ਦੇ ਜ਼ੁਲਮ ਤੋਂ ਲੈ ਕੇ ਕਦੇ ਨਾ ਖਤਮ ਹੋਣ ਵਾਲੀਆਂ ਅਭਿਆਸ ਪ੍ਰੀਖਿਆਵਾਂ ਤੱਕ ਦੇ ਇਸ ਸਫ਼ਰ ਵਿਚ ਕੋਈ ਰਚਨਾਤਮਕ ਉਤਸ਼ਾਹ ਜਾਂ ਖੁਸ਼ੀ ਨਹੀਂ ਹੈ। ਜਦੋਂ ਤੱਕ 'ਖੁਸ਼ਕਿਸਮਤ' ਵਿਦਿਆਰਥੀ ਜੇ.ਈ.ਈ. ਮੇਨ ਪਾਸ ਕਰਨ ਤੋਂ ਲੈ ਕੇ ਜੇ.ਈ.ਈ. ਐਡਵਾਂਸਡ ਪਾਸ ਕਰਨ ਤੱਕ ਦੀਆਂ ਰੁਕਾਵਟਾਂ ਨੂੰ ਪਾਰ ਕਰਦੇ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਮਾਨਸਿਕ ਅਤੇ ਅਧਿਆਤਮਿਕ ਤੌਰ 'ਤੇ ਗਰੀਬ ਹੋ ਜਾਂਦੇ ਹਨ। ਦੂਜਾ, ਇਹ ਮੰਨਣਾ ਗਲਤ ਹੈ ਕਿ ਇੱਕ ਵਾਰ ਜਦੋਂ ਕਿਸੇ ਨੂੰ ਆਈ.ਆਈ.ਟੀ. ਵਿਚ ਦਾਖਲਾ ਮਿਲ ਜਾਂਦਾ ਹੈ, ਤਾਂ ਉਸਦੀ ਜ਼ਿੰਦਗੀ ਸੱਚਮੁੱਚ ਸੰਪੂਰਨ ਹੋ ਜਾਂਦੀ ਹੈ ਅਤੇ ਸਭ ਕੁਝ ਰੌਸ਼ਨ ਹੋ ਜਾਂਦਾ ਹੈ। ਇੱਕ ਅਤਿ-ਮੁਕਾਬਲੇ ਵਾਲੇ ਅਕਾਦਮਿਕ ਸੱਭਿਆਚਾਰ ਵਿਚ ਲੁਕੇ ਹੋਏ ਤਣਾਅ ਦਾ ਕੋਈ ਅੰਤ ਨਹੀਂ ਹੈ। ਚੰਗੇ ਨੰਬਰ ਪ੍ਰਾਪਤ ਕਰਨ ਦੀ ਇੱਛਾ, ਬਾਜ਼ਾਰ ਦੀਆਂ ਮੰਗਾਂ ਦੇ ਅਨੁਸਾਰ ਚੱਲਣ ਲਈ ਲਗਾਤਾਰ ਬਦਲਦੇ 'ਹੁਨਰ' ਸਿੱਖਣ ਦਾ ਦਬਾਅ ਅਤੇ ਅੰਤਮ ਮੰਜ਼ਿਲ - ਭਾਵ, ਇੱਕ ਚੰਗੀ ਜਗ੍ਹਾ 'ਤੇ ਨੌਕਰੀ ਅਤੇ ਤਨਖਾਹ ਪੈਕੇਜ ਬਾਰੇ ਨਿਰੰਤਰ ਚਿੰਤਾ। ਇਹ ਸਭ ਇੱਕ ਅਜਿਹਾ ਸਮਾਜਿਕ ਮਾਹੌਲ ਬਣਾਉਂਦਾ ਹੈ, ਜਿਸ ਵਿਚ ਨਾ ਤਾਂ ਸੱਚੇ ਦੋਸਤ ਹੁੰਦੇ ਹਨ ਅਤੇ ਨਾ ਹੀ ਕੋਈ ਰਚਨਾਤਮਕ ਉਤਸ਼ਾਹ। ਹਰ ਕੋਈ ਸਿਰਫ਼ ਇੱਕ ਇਕੱਲਾ ਅਤੇ ਹੰਕਾਰੀ ਯੋਧਾ ਹੈ! ਅਤੇ ਤੀਜਾ, ਕਿਉਂਕਿ ਸਾਡੇ ਸਮਾਜ ਵਿਚ ਆਈ.ਆਈ.ਟੀ. ਵਿਚ ਦਾਖਲਾ ਲੈਣ ਨੂੰ ਬਹੁਤ ਜ਼ਿਆਦਾ ਵਡਿਆਇਆ ਜਾਂਦਾ ਹੈ, ਇਸ ਪ੍ਰਕਿਰਿਆ ਵਿਚ, ਸਾਡੇ ਜ਼ਿਆਦਾਤਰ ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਯੋਜਨਾਬੱਧ ਢੰਗ ਨਾਲ ਮੁੱਲ ਘਟਾਇਆ ਜਾ ਰਿਹਾ ਹੈ। ਇਸ ਲਈ, ਇੱਕ ਆਈ.ਆਈ.ਟੀ. ਵਿਦਿਆਰਥੀ ਲਈ ਲੋਕਾਂ ਦੀਆਂ ਨਜ਼ਰਾਂ ਵਿਚ ਆਉਣ ਤੋਂ ਬਚਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਅਸੀਂ ਆਈ.ਆਈ.ਟੀ. ਗ੍ਰੈਜੂਏਟ ਨੂੰ ਇੱਕ ਮਿਥਿਹਾਸਕ ਉਤਪਾਦ ਵਜੋਂ ਦੇਖਣਾ ਸ਼ੁਰੂ ਕਰ ਦਿੰਦੇ ਹਾਂ: ਇੱਕ ਸੁਪਰ-ਇੰਟੈਲੀਜੈਂਟ ਟੈਕਨੋਲੋਜਿਸਟ, ਇੱਕ ਅਜਿਹਾ ਵਿਅਕਤੀ ਜਿਸ ਕੋਲ ਸਭ ਕੁਝ ਹੈ, ਜਿਸਦੀ 'ਸਫਲਤਾ' ਨੂੰ ਅਸੀਂ ਮਿਥਿਹਾਸਕ ਬਣਾਉਣਾ ਪਸੰਦ ਕਰਦੇ ਹਾਂ। ਇੱਕ ਮੁਨਾਫ਼ੇ ਵਾਲੀ ਨੌਕਰੀ, ਕਿਸੇ ਤਕਨੀਕੀ-ਕਾਰਪੋਰੇਟ ਉੱਦਮ ਵਿਚ ਉੱਚ ਅਹੁਦਾ, ਅਕਸਰ ਵਿਦੇਸ਼ੀ ਯਾਤਰਾਵਾਂ ਅਤੇ ਨਿਰੰਤਰ ਸਮਾਜਿਕ/ਆਰਥਿਕ ਗਤੀਸ਼ੀਲਤਾ! ਦਰਅਸਲ, ਸਾਡਾ ਸਮਾਜ 'ਸਫਲਤਾ ਦੀਆਂ ਕਹਾਣੀਆਂ' ਨਾਲ ਪਾਗਲਾਂ ਵਾਂਗ ਗ੍ਰਸਤ ਹੈ। ਇਸ ਕਰਕੇ, ਜੇਕਰ ਤੁਸੀਂ ਇੱਕ 'ਆਈ.ਆਈ.ਟੀ. ਲੜਕੇ' ਹੋ, ਤਾਂ ਇਹ ਸੰਭਾਵਨਾ ਘੱਟ ਹੈ ਕਿ ਲੋਕ - ਤੁਹਾਡੇ ਮਾਪਿਆਂ ਸਮੇਤ - ਤੁਹਾਨੂੰ ਸਿਰਫ਼ ਇੱਕ ਇਨਸਾਨ ਵਜੋਂ ਦੇਖਣਗੇ। ਤੁਹਾਨੂੰ ਆਪਣੇ 'ਅਲੌਕਿਕ' ਗੁਣਾਂ ਨੂੰ ਲਗਾਤਾਰ ਸਾਬਤ ਕਰਨਾ ਪਵੇਗਾ। ਇੰਝ ਲੱਗਦਾ ਹੈ, ਜਿਵੇਂ 'ਆਮ' ਹੋਣਾ ਤੁਹਾਡਾ ਅਪਰਾਧ ਹੈ! ਦਰਅਸਲ, ਇਹ ਅਸੰਭਵ ਉਮੀਦ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਅਣਮਨੁੱਖੀ ਗੁਣਾਂ ਨਾਲ ਭਰ ਦਿੰਦੀ ਹੈ।

ਬੇਸ਼ੱਕ, ਜੇਕਰ ਅਸੀਂ ਇਨ੍ਹਾਂ ਮੁੱਦਿਆਂ ਨੂੰ ਸਿਰੇ ਤੋਂ ਹੱਲ ਨਹੀਂ ਕਰਦੇ, ਤਾਂ ਅਸੀਂ ਸਿਰਫ਼ ਧਿਆਨ, ਸਾਹ ਲੈਣ ਦੀਆਂ ਕਸਰਤਾਂ ਅਤੇ ਧਿਆਨ ਨਾਲ ਕਸਰਤਾਂ ਕਰਕੇ ਇਨ੍ਹਾਂ ਇਕੱਲੇ ਅਤੇ ਤਣਾਅਗ੍ਰਸਤ ਨੌਜਵਾਨ ਪ੍ਰਤੀਯੋਗੀਆਂ ਵਿਚ ਸਿਆਣਪ ਨਹੀਂ ਪੈਦਾ ਕਰ ਸਕਦੇ। ਭਾਵੇਂ ਇਹ ਕੁਝ ਅਸਥਾਈ ਰਾਹਤ ਪ੍ਰਦਾਨ ਕਰਦਾ ਹੈ - ਪਰ ਚੰਗੇ ਮਹਿਸੂਸ ਕਰਨ ਦੀ ਪਲ ਭਰ ਦੀ ਸਥਿਤੀ ਉਨ੍ਹਾਂ ਦੇ ਜੀਵਨ ਮਾਰਗ ਵਿਚ ਕੋਈ ਬੁਨਿਆਦੀ ਤਬਦੀਲੀ ਲਿਆਉਣ ਦੀ ਸੰਭਾਵਨਾ ਨਹੀਂ ਹੈ। ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਧਿਆਨ ਅਭਿਆਸ ਮਾਇਨੇ ਨਹੀਂ ਰੱਖਦਾ। ਬਿਨਾਂ ਸ਼ੱਕ, ਬੀਤੇ ਦੇ ਦੁੱਖਾਂ ਜਾਂ ਭਵਿੱਖ ਦੀਆਂ ਚਿੰਤਾਵਾਂ ਤੋਂ ਭਟਕਾਏ ਬਿਨਾਂ, ਵਰਤਮਾਨ ਪਲ ਵਿਚ ਡੂੰਘਾਈ ਅਤੇ ਤੀਬਰਤਾ ਨਾਲ ਜੀਣ ਦੀ ਯੋਗਤਾ, ਧਿਆਨ ਦੀ ਇੱਕ ਮਹਾਨ ਕਲਾ ਹੈ। ਇਸ ਲਈ ਸਮਰਪਿਤ ਧਾਰਮਿਕਤਾ ਦੀ ਭਾਵਨਾ ਦੀ ਲੋੜ ਹੈ - ਸ਼ਾਂਤੀ, ਪਿਆਰ ਭਰੀ ਦਿਆਲਤਾ ਅਤੇ ਹਮਦਰਦੀ ਦੀ ਨਿਰੰਤਰ ਖੋਜ। ਹਾਲਾਂਕਿ, ਵਿਡੰਬਨਾ ਇਹ ਹੈ ਕਿ ਸਾਡੇ ਸਮੇਂ ਨੇ ਆਪਣੇ ਤੇਜ਼ੀ ਨਾਲ ਵਧ ਰਹੇ 'ਅਧਿਆਤਮਿਕ ਸੁਪਰਮਾਰਕੀਟਾਂ' ਦੇ ਨਾਲ ਧਿਆਨ ਅਤੇ ਧਿਆਨ ਦੇ ਲਾਭਾਂ ਦਾ ਮਜ਼ਾਕ ਉਡਾ ਦਿੱਤਾ ਹੈ। ਇਸਨੂੰ ਇੱਕ ਅਜਿਹੇ ਉਤਪਾਦ ਵਜੋਂ ਵੇਚਿਆ ਜਾ ਰਿਹਾ ਹੈ, ਜੋ ਤੁਰੰਤ ਰਾਹਤ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਇਹ 'ਅਧਿਆਤਮਿਕ ਉਦਯੋਗ' ਹੁਣ ਤੱਕ ਇੱਕ ਹੋਰ ਮਹੱਤਵਪੂਰਨ ਸਵਾਲ ਪੁੱਛਣ ਵਿਚ ਅਸਫਲ ਰਿਹਾ ਹੈ: ਚੇਤਨਾ ਕਿਸ ਲਈ ਹੋਣੀ ਚਾਹੀਦੀ ਹੈ? ਕੀ ਮੈਨੂੰ ਆਪਣੇ ਕਾਰਪੋਰੇਟ ਲਾਲਚ ਨੂੰ ਵਧਾਉਣ ਲਈ ਸਾਵਧਾਨੀ ਵਰਤਣ ਦੀ ਲੋੜ ਹੈ? ਕੀ ਮੈਨੂੰ ਆਪਣੀ ਯੂਨੀਵਰਸਿਟੀ ਵਿਚ 'ਟੌਪਰ' ਬਣਨ ਲਈ ਸਾਵਧਾਨੀ ਵਰਤਣ ਦੀ ਲੋੜ ਹੈ? ਕੀ ਮੈਨੂੰ ਹਉਮੈ ਦੇ ਬੋਝ ਨੂੰ ਛੱਡਣ ਅਤੇ ਆਰਾਮ ਕਰਨ ਲਈ ਸਾਵਧਾਨੀ ਅਭਿਆਸ ਦੀ ਲੋੜ ਹੈ? ਦਰਅਸਲ, 'ਅਧਿਆਤਮਿਕ ਸੁਪਰਮਾਰਕੀਟਾਂ' ਦੇ ਕਾਰੋਬਾਰ ਦੇ ਹਰ ਰੋਜ਼ ਵਧਣ ਦੇ ਨਾਲ, ਅਸੀਂ ਬਹੁਤ-ਅਮੀਰ ਸੇਲਿਬ੍ਰਿਟੀ ਬਾਬਿਆਂ ਅਤੇ ਗੁਰੂਆਂ ਨੂੰ ਆਪਣੇ ਅਮੀਰ ਗਾਹਕਾਂ ਨੂੰ 'ਤੁਰੰਤ ਮੁਕਤੀ' ਪੈਕੇਜ ਵੇਚਦੇ ਦੇਖਦੇ ਹਾਂ - ਕਾਰਪੋਰੇਟ ਬੌਸਾਂ ਤੋਂ ਲੈ ਕੇ ਉਨ੍ਹਾਂ ਲੋਕਾਂ ਤੱਕ ਜੋ ਸਾਹ ਲੈਣ ਦੇ ਕੰਮ ਅਤੇ ਦਿਮਾਗੀ ਕਸਰਤਾਂ 'ਤੇ ਮਹਿੰਗੇ ਸੱਤ ਦਿਨਾਂ ਦੇ 'ਰਿਟਰੀਟ ਸੈਸ਼ਨ' ਬਰਦਾਸ਼ਤ ਕਰ ਸਕਦੇ ਹਨ। ਇਸ ਲਈ, ਮੈਨੂੰ ਆਈ.ਆਈ.ਟੀ. ਕਾਨਪੁਰ ਅਤੇ ਅਧਿਆਤਮਿਕ ਉਦਯੋਗ ਦੇ ਗੱਠਜੋੜ ਨਾਲ ਆਪਣੀ ਬੇਚੈਨੀ ਪ੍ਰਗਟ ਕਰਨ ਵਿਚ ਕੋਈ ਝਿਜਕ ਨਹੀਂ ਹੈ। ਜੇਕਰ ਅਸੀਂ ਨੌਜਵਾਨ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਪ੍ਰਤੀ ਸੱਚਮੁੱਚ ਇਮਾਨਦਾਰ ਹਾਂ, ਤਾਂ ਸਾਨੂੰ ਉਸ ਸਮਾਜ ਦੀ ਬਣਤਰ 'ਤੇ ਸਵਾਲ ਉਠਾਉਣ ਦੀ ਲੋੜ ਹੈ, ਜਿਸ ਵਿਚ ਅਸੀਂ ਰਹਿੰਦੇ ਹਾਂ। ਇਸ ਤੋਂ ਇਲਾਵਾ, ਸਾਨੂੰ ਸਿੱਖਿਆ ਨੂੰ ਮੁੜ ਪਰਿਭਾਸ਼ਿਤ ਕਰਨ, ਇਸਦੀ ਆਤਮਾ ਨੂੰ ਇੱਕ ਸ਼ੁੱਧ ਯੋਗਤਾ ਅਤੇ ਤਕਨੀਕੀ ਵਿਚਾਰਧਾਰਾ ਤੋਂ ਬਚਾਉਣ ਦੀ ਲੋੜ ਹੈ, ਅਤੇ ਆਪਣੇ ਵਿਦਿਆਰਥੀਆਂ ਨੂੰ ਜੀਵਨ ਦਾ ਇੱਕ ਨਵਾਂ ਦ੍ਰਿਸ਼ਟੀਕੋਣ ਦੇਣ ਦੀ ਲੋੜ ਹੈ - ਸ਼ੁੱਧ 'ਕੈਰੀਅਰਵਾਦ', ਅਤਿ-ਮੁਕਾਬਲੇਬਾਜ਼ੀ ਅਤੇ ਭੌਤਿਕ ਸਫਲਤਾ ਤੋਂ ਪਰੇ।

(ਵਿਅੰਗ)

# ਮੱਸਾ ਰੰਗੜ ਖਿੜ-ਖਿੜਾ ਕੇ ਹੱਸਿਆ

-ਦਵਿੰਦਰ ਸਿੰਘ
ਪੰਜਾਬ ਮੇਲ USA



ਮੱਸਾ ਰੰਗੜ ਖਿੜ-ਖਿੜਾ ਕੇ ਹੱਸਿਆ, ਜਦੋਂ ਉਸ ਨੇ ਬਾਬਾ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਵਾਰਿਸਾਂ ਨੂੰ ਗੁਰਦੁਆਰਿਆਂ ਵਿਚੋਂ ਫਿਲਮਾਂ ਅਤੇ ਨੱਚਣ-ਗਾਉਣ ਵਾਲ਼ੇ ਪ੍ਰੋਗਰਾਮਾਂ 'ਤੇ ਪਹੁੰਚਣ ਲਈ ਬੇਨਤੀਆਂ ਕਰਦੇ ਦੇਖਿਆ ਅਤੇ ਸੁਣਿਆ।

ਫ਼ਿਰ ਮਨ ਹੀ ਮਨ ਸੋਚਣ ਲੱਗਿਆ, ਇਨ੍ਹਾਂ ਦੀ ਨਸਲ ਬਦਲੀ ਕਿਵੇਂ?

ਸਾਹਮਣਿਓਂ ਕਾਲੀਆਂ ਐਨਕਾਂ ਲਾਈ, ਬੰਨੀ ਹੋਈ ਧੌਲੀ ਦਾੜ੍ਹੀ ਵਾਲਾ ਬਜ਼ੁਰਗ ਅਤੇ ਉਹਦੇ ਨਾਲ ਪੁਲਿਸ ਵਰਦੀ ਵਿਚ ਖੜ੍ਹਾ, ਠੂਹੇ ਦੀ ਪੂਛ ਵਰਗੀਆਂ ਮੁੱਛਾਂ ਵਾਲਾ ਅੱਧਖੜ੍ਹ ਉਮਰ ਦਾ ਬੰਦਾ ਕੁਝ ਦੱਸਣ ਦਾ ਯਤਨ ਕਰ ਰਹੇ ਸਨ। ਜਿਵੇਂ ਕਹਿ ਰਹੇ ਹੋਣ, ਅਸੀਂ ਬਦਲੀ। ਪਰ ਮੱਸੇ ਰੰਗੜ ਨੂੰ ਗੱਲ ਸਪੱਸ਼ਟ ਨਹੀਂ ਸੀ ਹੋ ਰਹੀ ਕਿਉਂਕਿ ਦੇਖਣ ਨੂੰ ਉਹ ਵੀ ਦੋਨੋਂ ਸਿੱਖ ਹੀ ਲੱਗਦੇ ਸੀ।

ਇੱਕ ਬਹੁਤ ਦੂਰੋਂ ਬੜੀ ਗਰਜ਼ਵੀਂ ਜਿਹੀ ਆਵਾਜ਼ ਆ ਰਹੀ ਸੀ "*ਸਰੀਰਕ ਮੌਤ ਨੂੰ ਮੈਂ ਮੌਤ ਨਹੀਂ ਮੰਨਦਾ, ਪਰ ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।*"

ਦਾੜ੍ਹੀ 'ਚ ਖਾਜ ਜਿਹੀ ਕਰਦਾ ਸੋਚਣ ਲੱਗਿਆ, ਇਹ ਕੌਣ ਇਨ੍ਹਾਂ ਦੀ ਜ਼ਮੀਰ ਨੂੰ ਫੇਰ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਏ?

ਉਹ ਵੀ ਕਦੇ ਵਖ਼ਤ ਸੀ, ਜਦੋਂ ਇਹ ਪਰਾਈਆਂ ਨੂੰ ਵੀ ਲੋਕਾਂ ਅੱਗੇ ਨੱਚਣ ਤੋਂ ਬਚਾ ਲੈਂਦੇ ਸੀ ਤੇ ਹੁਣ.... .... ....

ਗੁਣ-ਗਣਾਉਣ ਲੱਗਿਆ

"ਕਵੀ ਵੋਹ ਭੀ ਜ਼ਮਾਨੇ ਥੇ, ਔਰ ਯੇਹ ਭੀ ਜ਼ਮਾਨੇ ਹੈ। ਵੋਹ ਭੀ ਸਿੱਖ ਹੀ ਥੇ, ਔਰ ਯੇਹ ਭੀ....... ਹਾ ਹਾ ਹਾ ਹਾ........"

ਉਸ ਦਾ ਦਿਮਾਗ ਚਕਰਾ ਗਿਆ।

# ਪੰਜਾਬ ਬਨਾਮ ਆਧੁਨਿਕ ਪੰਜਾਬ

ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,
ਖ਼ਾਲਸਾ ਕਾਲਜ, ਪਟਿਆਲਾ
94176-26925



ਪੰਜਾਬ ਮੇਲ USA

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪਹਿਰੇਦਾਰੀ ਕਰਦਾ ਹੋਇਆ, ਇਹ ਸੂਬਾ, ਕਦੀ ਦੇਸ਼ ਦੇ ਵਿਚੋਂ ਮੋਹਰੀ ਸਥਾਨ 'ਤੇ ਹੁੰਦਾ ਸੀ। ਮੌਜੂਦਾ ਹਾਲਤ ਵਿਚ ਸੂਬਾ ਕਈ ਪਾਸਿਆਂ ਤੋਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਆਜ਼ਾਦੀ ਤੋਂ ਪਹਿਲਾਂ, ਇਹ ਖੇਤਰ ਹਮਲਾਵਰਾਂ ਦਾ ਪ੍ਰਵੇਸ਼ ਦੁਆਰ ਬਣਿਆ ਰਿਹਾ ਅਤੇ ਆਜ਼ਾਦੀ ਉਪਰੰਤ ਹੋਰ ਬਹੁਤ ਸਾਰੀਆਂ ਨਵੀਆਂ ਸਮੱਸਿਆਵਾਂ ਨੇ ਇਸ ਸੂਬੇ ਲਈ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਆਧੁਨਿਕ ਸਥਿਤੀ ਦੀ ਜੇਕਰ ਗੱਲ ਕਰੀਏ, ਤਾਂ ਇਸ ਸੂਬੇ ਦੀ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਵਿਵਸਥਾ ਦਿਨ-ਬ-ਦਿਨ ਬਦਲਦੀ ਨਜ਼ਰ ਆ ਰਹੀ ਹੈ। ਲੋਕ ਪੰਜ ਸਾਲ ਬਾਅਦ ਸਰਕਾਰ ਚੁਣਦੇ ਹਨ ਅਤੇ ਇਹ ਉਮੀਦ ਕਰਦੇ ਹਨ ਕਿ ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਚੁਣੀ ਹੋਈ ਸਰਕਾਰ ਦਿਨ-ਰਾਤ ਇੱਕ ਕਰ ਦੇਵੇਗੀ ਪਰ ਹਕੀਕਤ ਇਸ ਤੋਂ ਉਲਟ ਨਜ਼ਰ ਆਉਂਦੀ ਹੈ। ਮੌਜੂਦਾ ਦੌਰ ਵਿਚ ਸਰਕਾਰ ਜਿਹੜੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ, ਉਨ੍ਹਾਂ ਦੇ ਨਿਪਟਾਰੇ ਵੱਲ ਕਿਸ ਤਰ੍ਹਾਂ ਦੀ ਵਿਧੀ ਨਾਲ ਅੱਗੇ ਵਧੇਗੀ। ਇਸ ਬਾਰੇ ਕੋਈ ਰੋਡ ਮੈਪ ਨਜ਼ਰ ਨਹੀਂ ਆ ਰਿਹਾ ਹੈ। ਮਹੀਨੇ ਦੋ ਮਹੀਨੇ ਬਾਅਦ ਵੱਖ-ਵੱਖ ਤਰ੍ਹਾਂ ਦੇ ਏਜੰਡੇ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੇ ਸਨਮੁੱਖ ਰੱਖੇ ਜਾਂਦੇ ਹਨ ਅਤੇ ਸਰਕਾਰ ਮੀਡੀਆ ਤੋਂ ਲੈ ਕੇ ਅਤੇ ਆਧੁਨਿਕ ਸਾਧਨਾਂ ਦੇ ਵਿਚ ਇਸ ਤਰ੍ਹਾਂ ਨਜ਼ਰ ਆਉਂਦੀ ਹੈ ਕਿ ਸ਼ਾਇਦ ਪੰਜਾਬ ਦੇ ਵਿਚ ਕੋਈ ਸਮੱਸਿਆ ਨਹੀਂ ਅਤੇ ਪੰਜਾਬ ਬਹੁਤ ਹੀ ਖੁਸ਼ਹਾਲ ਸੂਬਾ ਹੈ। ਅਸੀਂ ਇਸ ਲਿਖਤ ਦੇ ਰਾਹੀਂ ਉਨ੍ਹਾਂ ਸਮੱਸਿਆਵਾਂ ਜਾਂ ਪਰੇਸ਼ਾਨੀਆਂ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਕਰਕੇ ਪੰਜਾਬ ਸੂਬਾ ਅੱਜ ਆਪਣੀ ਇਸ ਹਾਲਤ ਵਿਚੋਂ ਗੁਜ਼ਰ ਰਿਹਾ ਹੈ। ਆਜ਼ਾਦੀ ਤੋਂ ਬਾਅਦ ਹੀ ਸਾਡੇ ਦੇਸ਼ ਵਿਚ ਅਜਿਹੀਆਂ ਬਹੁਤ ਸਾਰੀਆਂ ਚੁਣੌਤੀਆਂ ਸਨ, ਜੋ ਅਜੇ ਤੱਕ ਮੌਜੂਦ ਹਨ ਅਤੇ ਉਨ੍ਹਾਂ ਦਾ ਕੋਈ ਵੀ ਹੱਲ ਨਹੀਂ ਲੱਭਿਆ ਜਾ ਸਕਿਆ? ਸੁਰੱਖਿਆ ਸਭ ਤੋਂ ਵੱਡਾ ਪਹਿਲੂ ਹੈ, ਸਮੱਸਿਆਵਾਂ ਜਿਨ੍ਹਾਂ ਦਾ ਹੱਲ ਨਹੀਂ ਹੋ ਸਕਿਆ, ਇਨ੍ਹਾਂ ਦਾ ਹੱਲ ਕਰਨ ਦੀ ਆਖ਼ਿਰ ਜ਼ਿੰਮੇਵਾਰੀ ਕਿਸਦੀ ਸੀ? ਵੋਟਰ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਪ੍ਰਤੀਨਿਧੀ ਚੁਣਦੇ ਹਨ ਤੇ ਉਹ ਪ੍ਰਤੀਨਿਧ ਬਹੁਮਤ ਨਾਲ ਸਰਕਾਰ ਬਣਾਉਂਦੇ ਹਨ। ਲੋਕਤੰਤਰਿਕ ਢਾਂਚੇ ਵਿਚ ਇਸ ਤਰ੍ਹਾਂ ਪਿੰਡ ਦੀ ਪੰਚਾਇਤ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਦੀ ਚੋਣ ਹੁੰਦੀ ਹੈ? ਇਹ ਲੋਕਤੰਤਰ ਦੀ ਹੀ ਖ਼ੂਬਸੂਰਤੀ ਹੈ। ਵੋਟਰ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਂਦਾ ਹੈ ਅਤੇ ਦੇਸ਼ ਹਿਤ ਲਈ ਵੋਟ ਪਾ ਕੇ ਇੱਕ ਖ਼ੂਬਸੂਰਤ ਪ੍ਰਕਿਰਿਆ ਦਾ ਹਿੱਸਾ ਬਣਦਾ ਹੈ ਪਰ ਇੱਥੇ ਮਸਲਾ ਇਹ ਹੈ ਕਿ ਕੀ ਚੁਣੇ ਹੋਏ ਪ੍ਰਤੀਨਿਧ ਜਾਂ ਉਹ ਸਰਕਾਰੀ ਅਧਿਕਾਰੀ ਜਿਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਨੂੰ ਕਾਨੂੰਨੀ ਤਰੀਕੇ ਨਾਲ ਚਲਾਉਣ ਕੀ ਉਹ ਜ਼ਿੰਮੇਵਾਰੀ ਨਾਲ ਕੰਮ ਕਰ ਰਹੇ ਹਨ? ਲੋਕ ਸਰਕਾਰ ਇਸ ਲਈ ਚੁਣਦੇ ਹਨ ਕਿ ਸਰਕਾਰ ਉਨ੍ਹਾਂ ਦੇ ਜਾਨ ਤੇ ਮਾਲ ਦੀ ਰਾਖੀ ਕਰੇਗੀ ਪਰ ਪਿਛਲੇ ਕੁੱਝ ਸਮੇਂ ਵਿਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਨੇ ਸੂਬੇ ਵਿਚਲੀ ਸੁਰੱਖਿਆ ਅਤੇ ਸਰਕਾਰੀ ਤੰਤਰ ਦੇ ਖੋਖਲੇ ਵਾਅਦਿਆਂ ਨੂੰ ਜੱਗ ਜ਼ਾਹਿਰ ਕੀਤਾ ਹੈ। ਸਭ ਤੋਂ ਪਹਿਲਾਂ ਜੇਕਰ ਅਸੀਂ ਇਸਤਰੀ ਦੀ ਸੁਰੱਖਿਆ ਦੀ ਗੱਲ ਕਰ ਲਈਏ, ਤਾਂ ਦੇਸ਼ ਦੀ ਹਾਲਤ ਅੱਜ ਇੰਨੀ ਮਾੜੀ ਹੋ ਚੁੱਕੀ ਹੈ ਕਿ ਇੱਕ ਦਿਨ ਸੈਂਕੜੇ ਬਲਾਤਕਾਰ ਹੋ ਰਹੇ ਹਨ, ਅੱਜ ਇਸਤਰੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੀ। ਪਿਛਲੇ ਕਈ ਸਾਲਾਂ ਵਿਚ ਵਾਪਰੇ ਦਿਲ ਦਹਿਲਾਉਣ ਵਾਲੇ ਹਾਦਸਿਆਂ ਨੇ ਲੋਕਾਂ ਦੇ ਅੰਦਰ ਡਰ ਪੈਦਾ ਕਰ ਕੇ ਰੱਖ ਦਿੱਤਾ ਹੈ, ਆਖ਼ਿਰ ਸਮਾਜ ਨੂੰ ਸੁਰੱਖਿਆ ਪ੍ਰਦਾਨ ਕਰਾਉਣ ਦੀ ਜ਼ਿੰਮੇਵਾਰੀ ਕਿਸ ਦੀ ਹੈ? ਜਿਹੜੇ ਲੋਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਅਤੇ ਉਨ੍ਹਾਂ ਨੇ ਇਹ ਨਹੀਂ ਨਿਭਾਈ, ਤਾਂ ਅਜਿਹੀ ਸਥਿਤੀ ਵਿਚ ਸਰਕਾਰਾਂ ਅੱਖਾਂ ਬੰਦ ਕਰਕੇ ਕਿਉਂ ਬੈਠੀਆਂ ਹੋਈਆਂ ਹਨ। ਸਰਕਾਰ ਦਾ ਕੰਮ ਸਿਰਫ਼ ਟੈਕਸ ਉਗਰਾਹ ਕੇ ਆਪਣੀਆਂ ਮਨਮਰਜ਼ੀ ਦੀਆਂ ਨੀਤੀਆਂ ਬਣਾਉਣਾ ਹੀ ਨਹੀਂ, ਸਗੋਂ ਦੇਸ਼ ਦੇ ਵਸਨੀਕਾਂ ਦੀ ਸਿਹਤ, ਸੁਰੱਖਿਆ ਤੇ ਪੜ੍ਹਾਈ ਦਾ ਖ਼ਿਆਲ ਰੱਖਣਾ ਵੀ ਹੁੰਦਾ ਹੈ। ਆਜ਼ਾਦੀ ਤੋਂ ਬਾਅਦ ਖਾਸ ਕਰਕੇ, ਦੇਸ਼ ਦੇ ਉੱਤਰੀ ਖਿੱਤੇ ਵਿਚ ਵੱਖਰੀਆਂ ਰਾਜਨੀਤਿਕ ਪ੍ਰਸਥਿਤੀਆਂ ਪੈਦਾ ਹੋਈਆਂ। ਰਾਜਨੀਤਿਕ ਸੱਤਾ ਦੀ ਖਾਤਰ ਕਈ ਲੱਖ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਪਾਉਣਾ ਜਾਂ ਕਿਸੇ ਖਾਸ ਖਿੱਤੇ ਦੇ ਲੋਕਾਂ ਨੂੰ ਕੇਂਦਰਿਤ ਕਰਕੇ, ਰਾਜਨੀਤਿਕ ਰੋਟੀਆਂ ਸੇਕਣੀਆਂ, ਇਸ ਦੀ ਕਨਸੋਅ, ਦੇਸ਼ ਦੀ ਆਜ਼ਾਦੀ ਤੋਂ ਮਿਲਣ ਲੱਗਦੀ ਹੈ। ਭਾਰਤ ਦੇਸ਼ ਵਿਚ ਵੱਖ-ਵੱਖ ਧਰਮਾਂ, ਜਾਤਾਂ ਦੇ ਲੋਕ ਰਹਿੰਦੇ ਹਨ ਤੇ ਬਹੁਤ ਵਧੀਆ ਆਪਸੀ ਭਾਈਚਾਰਾ ਹੈ ਪਰ ਜਦੋਂ ਦੇਸ਼ ਦੀਆਂ ਚੋਣਾਂ ਆਉਂਦੀਆਂ ਹਨ, ਤਾਂ ਅਜਿਹੇ ਬਹੁਤ ਸਾਰੇ ਰਾਜਨੀਤਿਕ ਮੁੱਦੇ ਪੈਦਾ ਹੋ ਜਾਂਦੇ ਹਨ, ਜੋ ਪਿਛਲੇ ਕਈ ਦਹਾਕਿਆਂ ਤੋਂ ਬਣੇ ਹੋਏ ਹਨ, ਜਿਨ੍ਹਾਂ ਦਾ ਹੱਲ ਸਰਕਾਰਾਂ ਨਾ ਕਰਦੀਆਂ ਹਨ ਤੇ ਨਾ ਹੀ ਕਰਨਾ ਚਾਹੁੰਦੀਆਂ ਹਨ। ਲੋਕਾਂ ਦਾ ਰੋਹ ਜਦੋਂ ਪੈਦਾ ਹੁੰਦਾ ਹੈ, ਤਾਂ ਸਰਕਾਰਾਂ ਕੁਝ ਜਾਂਚ ਕਮੇਟੀਆਂ ਬਣਾ ਕੇ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦਾ ਨਾਟਕ ਤਾਂ ਜ਼ਰੂਰ ਕਰਦੀਆਂ ਹਨ ਪਰ ਜਦੋਂ ਹੀ ਚੋਣਾਂ ਆਉਂਦੀਆਂ ਹਨ, ਤਾਂ ਉਹ ਮੁੱਦੇ ਖੁੰਭਾਂ ਵਾਂਗੂ ਖੜ੍ਹੇ ਹੋ ਜਾਂਦੇ ਹਨ ਅਤੇ ਪੀੜਤ ਲੋਕਾਂ ਨੂੰ ਨਵੇਂ ਜ਼ਖ਼ਮ ਦੇ ਜਾਂਦੇ ਹਨ। ਦੇਸ਼ ਦੇ ਵਿਚ ਰਾਸਟਰੀ ਪੱਧਰ 'ਤੇ ਅਜਿਹੇ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਦਾ ਜ਼ਿਕਰ ਵੱਖ-ਵੱਖ ਚੋਣਾਂ ਵਿਚ ਕੀਤਾ ਜਾਂਦਾ ਹੈ ਪਰ ਜਦੋਂ ਰਾਜਨੀਤਿਕ ਮੁੱਦਿਆਂ ਦੇ ਆਧਾਰ 'ਤੇ ਪੰਜਾਬ ਸੂਬੇ ਦੀ ਗੱਲ ਕੀਤੀ ਜਾਂਦੀ ਹੈ, ਤਾਂ ਬਹੁਤ ਸਾਰੇ ਅਜਿਹੇ ਮੁੱਦੇ ਇੱਥੇ ਵੀ ਹਨ, ਜਿਨ੍ਹਾਂ ਨੂੰ ਰਾਜਨੀਤੀ ਮੁੱਦੇ ਬਣਾ ਕੇ ਚੋਣਾਂ ਤੋਂ ਪਹਿਲਾਂ ਪੇਸ਼ ਕੀਤਾ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਭੂਗੋਲਿਕ ਬਣਤਰ ਨੂੰ ਜਿਸ ਤਰ੍ਹਾਂ ਵੰਡਿਆ ਗਿਆ, ਉਸ ਨਾਲ ਜਿੱਥੇ ਇਸ ਜਰਖੇਜ਼ ਧਰਤੀ ਦੇ ਯੋਧਿਆਂ ਨੂੰ ਵੰਡਿਆ ਗਿਆ, ਉੱਥੇ ਹੀ ਨਾਲ-ਨਾਲ ਇਕ ਅਜਿਹੇ ਭਾਈਚਾਰੇ ਨੂੰ ਵੀ ਵੱਖ-ਵੱਖ ਕਰ ਦਿੱਤਾ ਗਿਆ, ਜੋ ਕਿ ਸਦੀਆਂ ਤੋਂ ਇਕੱਠਾ ਚੱਲਦਾ ਆ ਰਿਹਾ ਸੀ। ਆਜ਼ਾਦੀ ਤੋਂ ਬਾਅਦ ਪੰਜਾਬੀ ਸੂਬੇ ਦੀ ਜੋ ਪ੍ਰਕਿਰਿਆ ਚੱਲੀ ਅਤੇ ਪੰਜਾਬ ਨੂੰ ਫਿਰ ਤਿੰਨ ਹਿੱਸਿਆਂ ਵਿਚ ਵੰਡਣਾ ਸ਼ਾਇਦ ਕਿਸੇ ਖਾਸ ਖਿੱਤੇ ਦੀ ਮਾਨਸਿਕਤਾ ਨੂੰ ਹਾਲੋਂ ਬੇਹਾਲ ਕਰਨਾ ਸੀ। 1984 ਦਾ ਸਿੱਖ ਕਤਲੇਆਮ ਇੱਕ ਅਜਿਹਾ ਸੰਵੇਦਨਸ਼ੀਲ ਮੁੱਦਾ ਹੈ, ਜਿਸ ਨੂੰ ਸਰਕਾਰਾਂ ਪਿਛਲੇ ਕਈ ਦਹਾਕਿਆਂ ਤੋਂ ਹੱਲ ਕਰਨ ਦੀ ਕੋਸਿਸ ਕਰ ਰਹੀਆਂ ਹਨ। ਭਾਵੇਂ ਦੇਸ਼ ਦੀਆਂ ਚੋਣਾਂ ਹੋਣ ਜਾਂ ਫਿਰ ਸੂਬੇ ਦੀਆਂ ਚੋਣਾਂ ਹੋਣ, ਚੋਣਾਂ ਤੋਂ ਪਹਿਲਾਂ ਇਹ ਮੁੱਦਾ ਫਿਰ ਸਾਹਮਣੇ ਆਉਂਦਾ ਹੈ। ਪੰਜਾਬ ਅਤੇ ਹਰਿਆਣੇ ਦੇ ਵਿਚ ਬਹੁਤ ਕੁਝ ਵੰਡਿਆ ਗਿਆ ਤੇ ਆਖ਼ਰ ਲੋਕਾਂ ਨੂੰ ਪਾਣੀਆਂ ਦੀ ਵੰਡ 'ਤੇ ਵੰਡਣ ਲਈ ਬਹੁਤ ਸਾਰੇ ਸੰਵੇਦਨਸ਼ੀਲ ਮੁੱਦੇ ਖੜ੍ਹੇ ਕੀਤੇ ਗਏ, ਜਿਨ੍ਹਾਂ ਵਿਚ ਐੱਸ.ਵਾਈ.ਐੱਲ. ਦਾ ਮੁੱਦਾ ਹੈ, ਜੋ ਚੋਣਾਂ ਤੋਂ ਪਹਿਲਾਂ ਬਹੁਤ ਹੀ ਪ੍ਰਬਲ ਰੂਪ ਵਿਚ ਸਾਹਮਣੇ ਆਉਂਦਾ ਹੈ। ਆਉਂਦੇ ਸਾਲਾਂ ਵਿਚ ਪੰਜਾਬ ਵਿਚ ਚੋਣਾਂ ਫਿਰ ਦਹਿਲੀਜ਼ 'ਤੇ ਹਨ ਤੇ ਹੁਣ ਫਿਰ ਕੁਝ ਮੁੱਦੇ ਜਿਨ੍ਹਾਂ ਵਿਚ ਨਸ਼ਾ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਮੁੱਦੇ ਬਣਦੇ ਨਜ਼ਰ ਆਉਣਗੇ। ਪੰਜਾਬੀ ਮਾਨਸਿਕਤਾ ਲਈ ਇਹ ਮੁੱਦੇ ਬਹੁਤ ਹੀ ਸੰਵੇਦਨਸ਼ੀਲ ਹਨ ਤੇ ਹਰੇਕ ਪੰਜਾਬੀ, ਇਨ੍ਹਾਂ ਮੁੱਦਿਆਂ 'ਤੇ ਬਹੁਤ ਜਲਦੀ ਨਿਆਂ ਚਾਹੁੰਦਾ ਹੈ। ਪੰਜਾਬੀ ਜਨਜੀਵਨ ਅੰਦਰ ਹਰੇਕ ਧਰਮ ਲਈ ਸਤਿਕਾਰ ਹੈ। ਪੰਜਾਬ ਦੇ ਵੋਟਰਾਂ ਦਾ ਧਰੁਵੀਕਰਨ, ਇਨ੍ਹਾਂ ਮੁੱਦਿਆਂ 'ਤੇ ਕੇਂਦਰਿਤ ਕਰਕੇ, ਲੋਕਾਂ ਨੂੰ ਜਿੱਥੇ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ, ਉੱਥੇ ਹੀ ਇਨ੍ਹਾਂ ਮੁੱਦਿਆਂ ਨੂੰ ਵਾਰ-ਵਾਰ ਉਠਾ ਕੇ ਲੋਕਾਂ ਦੇ ਹਿਰਦਿਆਂ ਨਾਲ ਕੋਝਾ ਮਜ਼ਾਕ ਵੀ ਕੀਤਾ ਜਾ ਰਿਹਾ ਹੈ। ਸਰਕਾਰਾਂ ਦਾ ਆਪਣਾ ਇੱਕ ਪ੍ਰਬੰਧ ਹੁੰਦਾ ਹੈ। ਉਨ੍ਹਾਂ ਕੋਲ ਬਹੁਤ ਸਾਰਾ ਕੰਟਰੋਲ ਹੁੰਦਾ ਹੈ। ਸਰਕਾਰਾਂ ਚਾਹੁਣ ਤਾਂ ਇਨ੍ਹਾਂ ਸੰਵੇਦਨਸ਼ੀਲ ਮੁੱਦਿਆਂ ਦਾ ਹੱਲ ਬਹੁਤ ਥੋੜ੍ਹੇ ਸਮੇਂ ਵਿਚ ਕਰਕੇ ਲੋਕਾਂ ਦੇ ਜ਼ਖਮਾਂ ਉੱਤੇ ਮੱਲ੍ਹਮ ਲਾ ਸਕਦੀਆਂ ਹਨ ਪਰ ਉਹ ਇਸ ਤਰ੍ਹਾਂ ਨਹੀਂ ਕਰਦੀਆਂ ਤੇ ਹਮੇਸ਼ਾ ਇਨ੍ਹਾਂ ਮੁੱਦਿਆਂ ਨੂੰ ਜਿਊਂਦਾ ਰੱਖ ਕੇ ਰਾਜਨੀਤਿਕ ਫ਼ਾਇਦਿਆਂ ਬਾਰੇ ਸੋਚਦੀਆਂ ਹਨ। ਅੱਜ ਜੇ ਸੂਬੇ ਅੰਦਰ, ਅਸਲ ਮੁੱਦਿਆਂ ਦੀ ਗੱਲ ਕਰੀਏ ਸਿੱਖਿਆ, ਸਿਹਤ ਅਤੇ ਸਮਾਜਿਕ ਸੁਰੱਖਿਆ ਦਾ ਜੋ ਹਾਲ ਹੈ, ਉਸ ਬਾਰੇ ਫਿਕਰ ਕਰਨ ਦੀ ਜ਼ਰੂਰਤ ਹੈ। ਸੂਬੇ ਵਿਚ ਸਿਹਤ ਅਤੇ ਸਿੱਖਿਆ ਦੀ ਸਥਿਤੀ ਜੱਗ ਜ਼ਾਹਿਰ ਹੈ ਪਰ ਹਰ ਦਿਨ ਨਵਾਂ ਬਿਰਤਾਂਤ ਸਰਕਾਰ ਵੱਲੋਂ ਸਿਰਜ ਕੇ ਲੋਕਾਂ ਵਿਚ ਛੱਡ ਦਿੱਤਾ ਜਾਂਦਾ ਹੈ। ਪੰਜਾਬ ਸੂਬੇ ਵਿਚ ਸਿੱਖਿਆ ਦੇ ਉੱਪਰ ਨਿੱਜੀਕਰਨ ਦੀ ਤੂਤੀ ਬੋਲ ਰਹੀ ਹੈ। ਸੂਬੇ ਵਿਚ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀਆਂ ਸਰਕਾਰਾਂ ਨੇ ਜਿਵੇਂ ਇਨ੍ਹਾਂ ਨਿੱਜੀ ਸੰਸਥਾਵਾਂ ਅੱਗੇ ਆਤਮ ਸਮਰਪਣ ਕਰ ਦਿੱਤਾ ਹੋਵੇ। ਸਿੱਖਿਆ ਇੱਕ ਅਜਿਹਾ ਸੰਕਲਪ ਹੈ, ਜੋ ਹਰੇਕ ਵਿਦਿਆਰਥੀ ਦਾ ਅਧਿਕਾਰ ਹੈ ਅਤੇ ਸਰਕਾਰ ਦਾ ਇਹ ਫਰਜ਼ ਹੁੰਦਾ ਹੈ ਕਿ ਉਹ ਆਪਣੀ ਪਹਿਲਕਦਮੀ ਇਸ ਗੱਲ ਵੱਲ ਦੇਵੇ ਕਿ ਹਰੇਕ ਵਿਦਿਆਰਥੀ ਤੱਕ ਸਸਤੀ ਤੇ ਢੁੱਕਵੀਂ ਸਿੱਖਿਆ ਪਹੁੰਚੇ। ਪਿਛਲੇ ਸਮੇਂ ਤੋਂ ਲੈ ਕੇ ਹੁਣ ਤੱਕ ਦੇਖੋ ਕਿ ਸੂਬੇ ਅੰਦਰ ਸਰਕਾਰੀ ਕਾਲਜ ਅਤੇ ਸਰਕਾਰੀ ਯੂਨੀਵਰਸਿਟੀਆਂ ਦੀ ਜੋ ਹਾਲਤ ਹੋ ਗਈ ਹੈ, ਉਹ ਜੱਗ ਜ਼ਾਹਰ ਹੈ। ਸੂਬੇ ਦੇ ਸਰਕਾਰੀ ਕਾਲਜਾਂ ਵਿਚ ਰੈਗੂਲਰ ਅਧਿਆਪਕਾਂ ਦੀ ਗਿਣਤੀ ਇੰਨੀ ਘੱਟ ਚੁੱਕੀ ਹੈ ਕਿ ਬਹੁਤ ਸਾਰੇ ਕਾਲਜਾਂ ਵਿਚ ਸਿਰਫ਼ ਇੱਕ ਹੀ ਰੈਗੂਲਰ ਅਧਿਆਪਕ ਰਹਿ ਚੁੱਕਾ ਹੈ। ਪਿਛਲੇ ਕਈ ਸਾਲਾਂ ਤੋਂ ਪੜ੍ਹੇ-ਲਿਖੇ ਯੋਗ ਉਮੀਦਵਾਰਾਂ ਨੂੰ ਸਿਰਫ ਥੋੜ੍ਹੀ ਜਿਹੀ ਤਨਖ਼ਾਹ ਦੇ ਕੇ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਕ ਪਾਸੇ ਸੂਬੇ ਦੇ ਸਰਕਾਰੀ ਕਾਲਜਾਂ ਦੀ ਤਰਸਯੋਗ ਹਾਲਤ ਹੈ ਤੇ ਦੂਜੇ ਪਾਸੇ ਖੁੰਬਾਂ ਵਾਂਗੂੰ ਉੱਗ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਨਿੱਜੀ ਵਿੱਦਿਅਕ ਸੰਸਥਾਂਵਾਂ ਹਨ, ਜਿਨ੍ਹਾਂ ਦੀਆਂ ਇਮਾਰਤਾਂ ਅਸਮਾਨ ਛੂਹ ਰਹੀਆਂ ਹਨ। ਕੀ ਸਰਕਾਰ ਦੀ ਤਵੱਜੋ ਨਹੀਂ ਹੈ ਕਿ ਉਹ ਆਪਣੀਆਂ ਡੁੱਬ ਰਹੀਆਂ ਵਿੱਦਿਅਕ ਸੰਸਥਾਵਾਂ ਨੂੰ ਸੰਭਾਲੇ ਅਤੇ ਪੜ੍ਹੇ-ਲਿਖੇ ਲੋਕਾਂ ਨੂੰ ਰੁਜ਼ਗਾਰ ਦੇ ਕੇ ਆਪਣੀ ਲੋਕਤੰਤਰਿਕ ਜ਼ਿੰਮੇਵਾਰੀ ਨਿਭਾਵੇ। ਹਕੀਕਤ ਵਿਚ ਸਰਕਾਰ ਆਪਣੇ ਰਾਜਨੀਤਿਕ ਫਾਇਦਿਆਂ ਲਈ ਬਹੁਤ ਸਾਰੇ ਅਜਿਹੇ ਫੈਸਲੇ ਲੈਂਦੀਆਂ ਹਨ, ਜਿਸਦਾ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ ਹੈ। ਦੂਜਾ ਵੱਡਾ ਅਹਿਮ ਮੁੱਦਾ ਪ੍ਰਾਈਵੇਟ ਹਸਪਤਾਲਾਂ ਦਾ ਹੈ। ਪੰਜਾਬ ਸੂਬੇ ਦੀ ਜੇਕਰ ਗੱਲ ਕਰੀਏ, ਤਾਂ ਪਿਛਲੇ ਕਈ ਦਹਾਕਿਆਂ ਤੋਂ ਸਿਹਤ ਸਹੂਲਤਾਂ ਦਾ ਜੋ ਨਿਘਾਰ ਆਇਆ ਹੈ, ਉਸ ਨੇ ਲੋਕਾਂ ਦਾ ਸਰਕਾਰੀ ਹਸਪਤਾਲਾਂ ਤੋਂ ਮੋਹ ਭੰਗ ਕਰ ਦਿੱਤਾ ਹੈ। ਕਈ ਦਹਾਕਿਆਂ ਤੋਂ ਸਰਕਾਰੀ ਹਸਪਤਾਲਾਂ ਦੀ ਨਿੱਘਰਦੀ ਹਾਲਤ ਅਤੇ ਮਾੜੀਆਂ ਸਿਹਤ ਸਹੂਲਤਾਂ ਨੇ ਪਤਾ ਨਹੀਂ ਕਿੰਨੀਆਂ ਜਾਨਾਂ ਖੋਹ ਲਈਆਂ ਹਨ? ਦੂਜੇ ਪਾਸੇ ਜਦੋਂ ਅਸੀਂ ਸਿਹਤ ਸਹੂਲਤਾਂ ਵਿਚ ਨਿੱਜੀਕਰਨ ਦੇਖਦੇ ਹਾਂ, ਤਾਂ ਵੱਡੇ-ਵੱਡੇ ਹਸਪਤਾਲ ਪੰਜਾਬ ਅੰਦਰ ਖੁੱਲ੍ਹ ਚੁੱਕੇ ਹਨ। ਇਨ੍ਹਾਂ ਨਿੱਜੀ ਹਸਪਤਾਲਾਂ ਵਿਚ ਆਮ ਬੰਦੇ ਦੀ ਹੁੰਦੀ ਲੁੱਟ ਨੇ ਮਨੁੱਖੀ ਮਾਨਸਿਕਤਾ ਨੂੰ ਏਨੀ ਡੂੰਘੀ ਸੱਟ ਮਾਰੀ ਹੈ ਕਿ ਲੋਕਾਂ ਦਾ ਯਕੀਨ ਹਸਪਤਾਲਾਂ ਤੋਂ ਉੱਠ ਗਿਆ ਹੈ। ਨਿੱਜੀ ਹਸਪਤਾਲ ਹੁਣ ਆਪਣੀ ਮਨਮਰਜ਼ੀ ਨਾਲ ਬਿਮਾਰੀਆਂ ਦੇ ਇਲਾਜ ਦੇ ਰੇਟ ਤੈਅ ਕਰਦੇ ਹਨ। ਆਮ ਵਿਅਕਤੀ ਪ੍ਰਾਈਵੇਟ ਹਸਪਤਾਲਾਂ ਵਿਚ ਆਪਣਾ ਇਲਾਜ ਨਹੀਂ ਕਰਵਾ ਸਕਦਾ ਅਤੇ ਉਸ ਲਈ ਸਿਰਫ਼ ਸਰਕਾਰੀ ਹਸਪਤਾਲ ਹੀ ਹਨ, ਜਿਨ੍ਹਾਂ ਦੀ ਹਾਲਤ ਜੱਗ ਜ਼ਾਹਿਰ ਹੈ। ਇਸ ਤਰ੍ਹਾਂ ਦੀਆਂ ਨੀਤੀਆਂ ਵਿਚ ਸਰਕਾਰ ਆਖਰ ਕਿਸ ਨੂੰ ਫਾਇਦਾ ਦੇ ਰਹੀ ਹੈ, ਕਿਸ ਦੇ ਹਿੱਤ ਵਿਚ ਕੰਮ ਕਰ ਰਹੀ ਹੈ। ਵਧੀਆ ਸਿਹਤ ਸਹੂਲਤਾਂ ਹੋਣਾ ਕਿਸੇ ਵੀ ਸੂਬੇ ਲਈ ਮਾਣ ਵਾਲੀ ਗੱਲ ਹੁੰਦੀ ਹੈ। ਤੀਜਾ ਵੱਡਾ ਮੁੱਦਾ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦਾ ਹੈ। ਬੇਰੁਜ਼ਗਾਰੀ ਅਤੇ ਵਧਦੀ ਮਹਿੰਗਾਈ ਕਾਰਨ ਜਿਹੜੇ ਲੋਕ ਘਰਾਂ ਵਿਚ ਬੈਠੇ ਰੋਟੀ ਰੋਜ਼ੀ ਤੋਂ ਮੁਥਾਜ ਹਨ। ਉਹ ਫੀਸ ਕਿੱਥੋਂ ਭਰ ਸਕਦੇ ਹਨ ਜਾਂ ਫਿਰ ਇੰਜ ਕਹਿ ਲਈਏ ਕਿ ਨਿੱਜੀ ਸਕੂਲਾਂ ਵਿਚ ਆਮ ਆਦਮੀ ਦੀ ਕੋਈ ਪਹੁੰਚ ਨਹੀਂ ਹੈ। ਇਨ੍ਹਾਂ ਸਕੂਲਾਂ ਨੇ ਟਿਊਸ਼ਨ ਫੀਸ ਦੇ ਨਾਂ 'ਤੇ ਡਿਵੈਲਪਮੈਂਟ ਫ਼ੰਡ, ਟਰਾਂਸਪੋਰਟ ਚਾਰਜ ਅਤੇ ਐਨੂਅਲ ਚਾਰਜ ਦੇ ਰੂਪ ਵਿਚ ਲੱਖਾਂ ਰੁਪਏ ਤੱਕ ਫੀਸ ਵਧਾਅ ਦਿੱਤੀ ਹੈ। ਕੀ ਸਰਕਾਰ ਇਸ ਸਾਰੇ ਘਟਨਾਕ੍ਰਮ ਵਿਚ ਮੂਕ ਦਰਸ਼ਕ ਬਣੀ ਨਜ਼ਰ ਆਵੇਗੀ? ਸਰਕਾਰ ਟਿਊਸ਼ਨ ਫੀਸ ਦੀ ਵਿਆਖਿਆ ਨਹੀਂ ਕਰ ਸਕਦੀ ਕਿ ਲੋੜ ਅਨੁਸਾਰ ਫੀਸ ਵਸੂਲ ਕਰ ਲਈ ਜਾਵੇ, ਜਿਸ ਨਾਲ ਲੋਕਾਂ ਦਾ ਜੀਵਨ ਵੀ ਸੁਖੀ ਰਹੇ। ਸਕੂਲ ਵੀ ਚੱਲਦੇ ਰਹਿਣ ਅਤੇ ਉਨ੍ਹਾਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਦਾ ਗੁਜ਼ਾਰਾ ਵੀ ਚੱਲਦਾ ਰਹੇ। ਚੌਥਾ ਵੱਡਾ ਮਸਲਾ ਨਿੱਤ ਵਧ ਰਹੀ ਮਹਿੰਗਾਈ ਦਾ ਹੈ, ਰੋਜ਼ਮਰਾਂ ਦੀਆਂ ਵਸਤਾਂ ਦੇ ਭਾਅ ਨੇ ਵੀ ਅਸਮਾਨ ਛੂਹਿਆ ਹੈ। ਇੱਥੇ ਮਸਲਾ ਇਹ ਪੈਦਾ ਹੁੰਦਾ ਹੈ ਕਿ ਸਰਕਾਰ ਅਰਥ ਵਿਵਸਥਾ ਦੇ ਨਾਂ 'ਤੇ ਆਪਣਾ ਮਾਲੀਆ ਪੂਰਾ ਕਰਨ ਲਈ ਵੱਖ-ਵੱਖ ਪ੍ਰਕਾਰ ਦੇ ਟੈਕਸ ਲੋਕਾਂ ਉੱਤੇ ਥੋਪ ਰਹੀ ਹੈ ਪਰ ਕਦੀ ਸਰਕਾਰ ਨੇ ਇਹ ਵੀ ਸੋਚਿਆ ਹੈ ਕਿ ਜਿਹੜੇ ਲੋਕ ਘਰਾਂ ਵਿਚ ਬੈਠੇ ਹਨ। ਜਿਨ੍ਹਾਂ ਕੋਲ ਕੋਈ ਰੁਜ਼ਗਾਰ ਨਹੀਂ, ਉਹ ਏਨੀ ਮਹਿੰਗਾਈ ਦੀ ਮਾਰ ਕਿਵੇਂ ਝੱਲਣਗੇ? ਵਿਕਾਸ ਦੇ ਨਾਮ 'ਤੇ ਸਰਕਾਰਾਂ ਨੇ ਜਿਵੇਂ ਇਹ ਧਾਰ ਹੀ ਲਿਆ ਹੈ ਕਿ ਅਸੀਂ ਸਿਰਫ ਆਪਣੇ ਖਜ਼ਾਨੇ ਬਾਰੇ ਹੀ ਸੋਚਣਾ ਹੈ। ਲੋਕਾਂ ਦੀ ਅਸੀਂ ਕੋਈ ਪ੍ਰਵਾਹ ਨਹੀਂ ਕਰਨੀ ਹੈ। ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੇ ਲੋਕਾਂ ਨੂੰ ਜ਼ਿੰਦਗੀ ਤੋਂ ਨਿਰਾਸ਼ ਕਰ ਦਿੱਤਾ ਹੈ। ਇੱਕ ਆਮ ਵਿਅਕਤੀ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਕਈ ਵਿਭਾਗਾਂ ਨਾਲ ਵਾਹ ਵਾਸਤਾ ਪਾਉਣਾ ਪੈਂਦਾ ਹੈ ਪਰ ਸਰਕਾਰ ਹਰ ਰੋਜ਼ ਨਵੇਂ ਟੈਕਸ ਲਗਾ ਕੇ ਲੋਕਾਂ ਨੂੰ ਨਿੰਬੂ ਦੀ ਤਰ੍ਹਾਂ ਨਿਚੋੜ ਰਹੀ ਹੈ। ਸਰਕਾਰ ਨੇ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਪ੍ਰਕਾਰ ਦੀ ਫ਼ੀਸ ਵਿਚ ਕੀਤੇ ਵਾਧੇ ਨਾਲ ਆਪਣਾ ਮਾਲੀਆ ਤਾਂ ਇਕੱਠਾ ਕਰ ਲਿਆ ਹੈ ਪਰ ਲੋਕਾਂ ਦੀ ਹਾਲਤ ਨੂੰ ਦਰਕਿਨਾਰ ਕਰ ਦਿੱਤਾ ਹੈ। ਸਰਕਾਰ ਨੇ ਸਮਾਜ ਭਲਾਈ ਦੀਆਂ ਉਹ ਸਾਰੀਆਂ ਸਕੀਮਾਂ ਬੰਦ ਕਰ ਦਿੱਤੀਆਂ ਹਨ, ਜਿਨ੍ਹਾਂ ਨਾਲ ਲੋਕਾਂ ਨੂੰ ਕੁਝ ਰਾਹਤ ਮਿਲਦੀ ਸੀ। ਸੋ ਮਸਲਾ ਸੋਚਣ ਯੋਗ ਹੈ ਕਿ ਆਖ਼ਰ ਸਰਕਾਰਾਂ ਕਿਸ ਦੇ ਹਿੱਤ ਲਈ ਕੰਮ ਕਰ ਰਹੀਆਂ ਹਨ? ਲੋਕਾਂ ਉੱਤੇ ਇੰਨੇ ਵੱਡੇ ਟੈਕਸ ਥੋਪ ਕੇ ਇਕੱਠੇ ਕੀਤੇ ਪੈਸੇ ਦੀ ਵਰਤੋਂ ਕਿੱਥੇ ਕੀਤੀ ਜਾ ਰਹੀ ਹੈ। ਟੈਕਸ ਭਰਨ ਵਾਲੇ ਮੱਧ ਵਰਗ ਦੇ ਲੋਕ ਤਾਂ ਪਹਿਲਾਂ ਹੀ ਸਰਕਾਰ ਦੇ ਖਾਤੇ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ ਤੇ ਦੂਜੇ ਪਾਸੇ ਉਹ ਵਿੱਤੀ ਘਰਾਣੇ ਹਨ, ਜੋ ਦੇਸ਼ ਦਾ ਪੈਸਾ ਲੁੱਟ ਕੇ ਵਿਦੇਸ਼ਾਂ ਵਿਚ ਭੱਜ ਰਹੇ ਅਤੇ ਜੋ ਦੇਸ਼ ਵਿਚ ਮੌਜੂਦ ਵੀ ਹਨ, ਉਹ ਵੀ ਚੁੱਪ ਕਰਕੇ ਬੈਠੇ ਹੋਏ ਹਨ। ਸਰਕਾਰ ਨੇ ਵੀ ਇਹੀ ਮਨ ਬਣਾ ਲਿਆ ਹੈ ਕਿ ਸਾਰਾ ਘਾਟਾ ਆਮ ਲੋਕਾਂ ਤੋਂ ਹੀ ਪੂਰਾ ਕਰਨਾ ਹੈ। ਅੱਜ ਰਾਜ ਦਾ ਹਰੇਕ ਵਰਗ ਜਿਸ ਵਿਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਵਰਗ ਆਪਣੀ ਜ਼ਿੰਦਗੀ ਦੀਆਂ ਰੋਜ਼ਮਰ੍ਹਾ ਦੀਆਂ ਚੀਜ਼ਾਂ ਨੂੰ ਪ੍ਰਾਪਤ ਕਰਨ ਵਿਚ ਅਸਹਿਜ ਮਹਿਸੂਸ ਕਰ ਰਿਹਾ ਹੈ। ਰਾਜ ਅੰਦਰਲੇ ਕੁਦਰਤੀ ਸਰੋਤਾਂ ਜਿਸ ਵਿਚ ਪਾਣੀ ਅਤੇ ਹਵਾ ਦੇ ਸੋਮਿਆਂ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਪਿਛਲੇ ਕੁਝ ਦਿਨਾਂ ਤੋਂ ਸਰਕਾਰ ਜੋ ਫੈਸਲੇ ਲੈ ਰਹੀ ਹੈ, ਉਸ ਵਿਚ ਕਿਤੇ ਵੀ ਕੁਦਰਤੀ ਸਾਧਨਾਂ ਦੀ ਸਾਂਭ ਸੰਭਾਲ ਬਾਰੇ ਕੋਈ ਜ਼ਿਕਰ ਨਹੀਂ ਹੈ, ਜੇ ਇੰਜ ਹੀ ਚੱਲਦਾ ਰਿਹਾ, ਤਾਂ ਆਉਣ ਵਾਲੀਆਂ ਪੀੜ੍ਹੀਆਂ ਕਿੱਥੋਂ ਸਾਫ਼-ਸੁਥਰਾ ਪਾਣੀ ਅਤੇ ਹਵਾ ਲੈਣਗੀਆਂ? ਸਰਕਾਰਾਂ ਜਦੋਂ ਬਜਟ ਪੇਸ਼ ਕਰਦੀਆਂ ਹਨ, ਤਾਂ ਇੱਕ ਅਨੁਮਾਨ ਮੁਤਾਬਕ ਮਾਲੀਆ ਇਕੱਠਾ ਹੋਣ ਦੀ ਗੱਲ ਕਰਦੀਆਂ ਹਨ ਪਰ ਜਦੋਂ ਸਾਲ ਦਾ ਅਖੀਰ ਹੁੰਦਾ ਹੈ, ਤਾਂ ਓਨਾ ਮਾਲੀਆ ਪ੍ਰਾਪਤ ਨਹੀਂ ਹੁੰਦਾ। ਇਸ ਲਈ ਜ਼ਿੰਮੇਵਾਰ ਅਫਸਰ ਅਤੇ ਮੰਤਰੀ ਦੀ ਜਵਾਬ ਤਲਬੀ ਕਿਉਂ ਨਹੀਂ ਹੁੰਦੀ, ਤਾਂ ਜੋ ਸਰਕਾਰੀ ਖਜ਼ਾਨੇ ਨੂੰ ਲੱਗ ਰਹੇ ਚੂਨੇ ਬਾਰੇ ਪਤਾ ਲੱਗ ਸਕੇ। ਜੇਕਰ ਇਸ ਤਰ੍ਹਾਂ ਦਾ ਮਾਹੌਲ ਹੀ ਰਹੇਗਾ, ਤਾਂ ਲੋਕ ਆਖਰ ਇਹ ਸਵਾਲ ਜ਼ਰੂਰ ਪੁੱਛਣਗੇ ਕਿ ਸਰਕਾਰ ਕਿਸ ਦੇ ਹਿੱਤ ਵਿਚ ਕੰਮ ਕਰ ਰਹੀ ਹੈ। ਲੋਕਾਂ ਉਪਰ ਟੈਕਸ ਥੋਪਣ ਤੋਂ ਪਹਿਲਾਂ ਲੋਕਾਂ ਦੀ ਰਾਏ ਸ਼ੁਮਾਰੀ ਜ਼ਰੂਰੀ ਹੋਣੀ ਚਾਹੀਦੀ ਹੈ, ਨਹੀਂ ਤਾਂ ਸਰਕਾਰ ਲੋਕਤੰਤਰਿਕ ਢਾਂਚੇ ਅਨੁਸਾਰ ਨਹੀਂ, ਸਗੋਂ ਤਾਨਾਸ਼ਾਹ ਵੱਧ ਨਜ਼ਰ ਆਵੇਗੀ। ਦੇਸ਼ ਅੰਦਰ ਅਰਥ ਵਿਵਸਥਾ ਕਰਕੇ ਅੱਜ ਬੇਰੁਜ਼ਗਾਰੀ ਆਪਣੇ ਉਪਰਲੇ ਸਿਖਰ 'ਤੇ ਹੈ। ਦੇਸ਼ ਦੇ ਬੱਚੇ ਚੰਗੇ ਸਕੂਲਾਂ ਦੀ ਘਾਟ ਮਹਿਸੂਸ ਕਰ ਰਹੇ ਹਨ, ਨੌਜਵਾਨ ਨੌਕਰੀਆਂ ਦੀ ਘਾਟ ਮਹਿਸੂਸ ਕਰ ਰਹੇ ਹਨ ਅਤੇ ਬਜ਼ੁਰਗ ਆਪਣੇ ਬੁਢਾਪੇ ਵਿਚ ਰੋਜ਼ਮਰਾਂ ਦੀਆਂ ਜ਼ਰੂਰਤਾਂ ਨਾਲ ਦੋ-ਚਾਰ ਹੋ ਰਹੇ ਹਨ। ਸਾਡੇ ਦੇਸ਼ ਅੰਦਰ ਇਹ ਕਿਹੜਾ ਅਜਿਹਾ ਮਾਡਲ ਹੈ ਕਿ ਦੇਸ਼ ਦੀ ਸਾਰੀ ਤਰੱਕੀ ਦਾ ਭਾਰ ਆਮ ਲੋਕਾਂ 'ਤੇ ਹੀ ਪੈ ਜਾਵੇ। ਅੱਜ ਸੂਬਾ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸੂਬੇ ਦੀ ਆਰਥਿਕਤਾ ਤਹਿਸ ਨਹਿਸ ਹੋ ਚੁੱਕੀ ਹੈ ਤੇ ਸਰਕਾਰ ਫਿਰ ਵੀ ਚੋਣਾਂ ਨੂੰ ਮੁੱਖ ਰੱਖਦੇ ਹੋਏ, ਉਨ੍ਹਾਂ ਮੁੱਦਿਆਂ 'ਤੇ ਕੇਂਦਰਿਤ ਹੋ ਰਹੀ ਹੈ, ਜਿਨ੍ਹਾਂ ਤੋਂ ਉਸ ਨੂੰ ਰਾਜਨੀਤਿਕ ਫਾਇਦਾ ਹੋ ਸਕੇ। ਸਰਕਾਰ ਲੋਕਾਂ ਦੀ ਹੁੰਦੀ ਹੈ ਤੇ ਸਰਕਾਰ ਨੂੰ ਲੋਕਾਂ ਬਾਰੇ ਤਵੱਜੋਂ ਦੇਣੀ ਚਾਹੀਦੀ ਹੈ।



# ਦੁਬਈ ਓਪੇਰਾ ਹੈ ਲਾਈਵ ਸੱਭਿਆਚਾਰਕ ਸ਼ੋਅ ਲਈ ਮਸ਼ਹੂਰ

## ਟੋਰਾਂਟੋ ਤੋਂ ਦੁਬਈ ਦੂਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA







ਅੱਜ ਅਸੀਂ ਦੁਬਈ ਡਾਊਨਟਾਊਨ 'ਚ ਮੌਜੂਦ ਆਈਕਾਨਿਕ ਢੋਅ-ਆਕਾਰ ਵਾਲੀ ਇਮਾਰਤ 'ਦੁਬਈ ਓਪੇਰਾ' ਬਾਰੇ ਚਰਚਾ ਕਰ ਰਹੇ ਹਾਂ। ਇਹ ਇਮਾਰਤ ਸਮਕਾਲੀ ਕਲਾਤਮਕ ਸ਼ਾਨਦਾਰ ਰਚਨਾ ਹੈ, ਜੋ ਦੁਬਈ ਦੇ ਸਮੁੰਦਰੀ ਇਤਿਹਾਸ ਨੂੰ ਇੱਕ ਸ਼ਰਧਾਂਜਲੀ ਹੈ। ਇਸ ਸ਼ਾਨਦਾਰ ਇਮਾਰਤ ਦਾ ਡਿਜ਼ਾਈਨ, ਐਟਕਿੰਸ ਅਤੇ ਲਡਿ ਆਰਕੀਟੈਕਟ ਜੈਨਸ ਰੋਸਟੋਕ ਨੇ ਕੀਤਾ ਸੀ। ਦੁਬਈ ਓਪੇਰਾ ਗ੍ਰੈਂਡ ਟੂਰ ਲਈ ਵੀ ਮਸ਼ਹੂਰ ਹੈ। ਦੁਬਈ ਓਪੇਰਾ ਦੁਬਈ 'ਚ ਪ੍ਰਦਰਸ਼ਨ ਕਲਾ ਕੇਂਦਰ ਵੱਜੋਂ ਜਾਣਿਆ ਜਾਂਦਾ ਹੈ ਅਤੇ ਸੰਯੁਕਤ ਅਰਬ ਅਮੀਰਾਤ 'ਚ ਇੱਕਲੌਤੇ ਓਪੇਰਾ ਹਾਊਸ ਦਾ ਸਿਰਲੇਖ ਮਾਣ ਨਾਲ ਰੱਖਦਾ ਹੈ। ਸਾਲ 2016 'ਚ ਇਸਦੇ ਸ਼ਾਨਦਾਰ ਉਦਘਾਟਨ ਤੋਂ ਬਾਅਦ, ਦੁਬਈ ਓਪੇਰਾ ਸੱਭਿਆਚਾਰਕ ਉੱਚ ਪੱਧਰੀ ਰੌਸ਼ਨੀ ਬਣ ਕੇ ਰਿਹਾ ਹੈ। ਸੰਗੀਤ, ਥੀਏਟਰ ਅਤੇ ਪ੍ਰਦਰਸ਼ਨ ਕਲਾ 'ਚ ਵਿਸ਼ਵ ਦੇ ਸਭ ਤੋਂ ਮਸ਼ਹੂਰ ਸਿਤਾਰਿਆਂ ਦੀ ਮੇਜ਼ਬਾਨੀ ਕਰਦਾ ਹੈ। ਇਸ ਆਰਕੀਟੈਕਚਰਲ ਮਾਸਟਰਪੀਸ ਨੇ ਆਪਣੇ ਸ਼ਾਨਦਾਰ ਡਿਜ਼ਾਈਨ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਹੈ ਅਤੇ ਸ਼ਹਿਰ ਦੇ ਕਲਚਰਲ ਤਾਣੇ-ਬਾਣੇ ਦਾ ਅਨਿੱਖੜਵਾਂ ਅੰਗ ਵੀ ਬਣ ਗਿਆ ਹੈ।

ਜਦ ਖੋਜ ਕਰਨ ਤੋਂ ਬਾਅਦ ਪਤਾ ਲੱਗਿਆ, ਸੁੰਦਰਤਾ ਦੀ ਇੱਕ ਸਿੰਫਨੀ, ਦੁਬਈ ਓਪੇਰਾ ਇਨਸਾਈਡਰ ਕਮਿਊਨਿਟੀ 'ਚ ਸ਼ਾਮਲ ਹੋ ਕੇ ਦੁਬਈ ਓਪੇਰਾ ਗ੍ਰੈਂਡ ਟੂਰ 'ਚ ਇੱਕ ਮਨਮੋਹਕ ਓਡੀਸੀ ਜੋ ਡਾਊਨਟਾਊਨ ਦੁਬਈ ਦੇ ਦਿਲ 'ਚ ਇਸ ਆਈਕਾਨਿਕ ਥਾਂ ਦੇ ਲੋਕਵੇਂ ਕਿੱਸਿਆਂ ਅਤੇ ਵੇਰਵਿਆਂ ਨੂੰ ਉਜਾਗਰ ਕਰਦੀ ਹੈ। ਇਸ ਦੇ ਆਕਰਸ਼ਣਾਂ ਦੇ ਆਕਰਸ਼ਣ ਦੀ ਖੋਜ ਤੋਂ ਬਾਅਦ ਦੇਖਿਆ ਕਿ ਇਸਨੂੰ ਸੰਯੁਕਤ ਅਰਬ ਅਮੀਰਾਤ 'ਚ ਇੱਕ ਸੱਭਿਆਚਾਰਕ ਰਤਨ ਬਣਾਉਂਦੀਆਂ ਹਨ। ਦੁਬਈ ਓਪੇਰਾ ਦੀ ਅਮੀਰ ਵਿਰਾਸਤ ਅਤੇ ਕਲਾਤਮਕ ਵਿਰਾਸਤ 'ਚ ਭੇਦ 'ਤੇ ਅਜੂਬਿਆਂ ਬਾਰੇ ਪਤਾ ਲੱਗਦਾ ਹੈ।

ਇਹ ਸੁੰਦਰ ਇਮਾਰਤ ਤਿੰਨ ਮੋਡਾਂ 'ਚ ਬਦਲਣ ਦੀ ਸਮਰਥਾ ਰੱਖਦਾ ਹੈ। ਇੱਕ ਥੀਏਟਰ ਤੋਂ ਇੱਕ ਸਮਾਰੋਹ ਹਾਲ 'ਚ ਅਤੇ ਇੱਕ 'ਫਲੈਟ ਫਲੋਰ' ਮੋਡ 'ਚ ਇਵੈਂਟ ਹਾਲ ਬਣ ਜਾਂਦਾ ਹੈ। ਇਸ ਸਹਿਜ ਲਚਕਤਾ ਦੁਬਈ ਓਪੇਰਾ ਨੂੰ ਥੀਏਟਰ, ਓਪੇਰਾ ਬੈਲੇ, ਆਰਕੈਸਟਰਾ, ਸੰਗੀਤ ਸਮਾਰੋਹ, ਫੈਸ਼ਨ ਸ਼ੋਅ, ਲਾਈਵ ਮਨੋਰੰਜਨ, ਕਾਨਫਰੰਸਾਂ, ਗੈਲਰੀਆਂ 'ਤੇ ਕਲਾ ਪ੍ਰਦਰਸ਼ਨੀਆਂ ਵੱਖ-ਵੱਖ ਕਿਸਮ ਦੇ ਸਮਾਗਮਾਂ ਅਤੇ ਪ੍ਰਦਰਸ਼ਨਾਂ ਦੀ ਮੇਜ਼ਬਾਨੀ ਕਰਨ ਦੇ ਯੋਗ ਬਣਾਉਂਦੀ ਹੈ। ਧੁੰਨੀ ਕੰਸਰਟ ਹਾਲ ਮੋਡ 'ਚ ਸਟੇਜ ਅਤੇ ਓਵਰਹੈੱਡ ਉੱਤੇ ਟਾਵਰਾਂ ਅਤੇ ਰਿਫਲੈਕਟਰਾਂ ਦੀ ਇੱਕ ਲੜੀ ਆਰਕੈਟਰਾਂ ਦੇ ਦੇ ਆਲੇ-ਦੁਆਲੇ ਇੱਕ ਧੁੰਨੀ ਸ਼ੈੱਲ ਬਣਾਉਣ ਲਈ ਤਿਆਰ ਕੀਤੀ ਗਈ ਹੈ। ਜਿਸ ਨਾਲ ਸ਼ਾਨਦਾਰ ਧੁਨੀ ਗੁਣਵੱਤਾ ਲਈ ਇੱਕ ਸੰਪੂਰਣ ਧੁਨੀ ਦੁਆਰਾ ਮਾਹੌਲ ਨੂੰ ਸਮਰਥ ਬਣਾਇਆ ਹੈ। ਥੀਏਟਰ ਮੋਡ 'ਚ ਸਪੇਸ ਸਰੰਚਨਾ ਦੇ ਆਧਾਰ 'ਤੇ ਵੱਡੇ ਪੈਮਾਨੇ ਦੇ ਡਰਾਮਾ ਨਿਰਮਾਣ, ਸੰਗੀਤ ਬੈਲੇ, ਲੈਕਚਰ ਅਤੇ ਕਾਨਫਰੰਸਾਂ ਵਗੈਰਾ 2000 ਲੋਕਾਂ ਦੇ ਬੈਠਣ ਦੀ ਸਮਰਥਾ ਬਣ ਜਾਂਦੀ ਹੈ। ਦੁਬਈ ਓਪੇਰਾ ਪ੍ਰਦਰਸ਼ਨ ਕਲਾ ਅਤੇ ਵਿਸ਼ਵ ਪੱਧਰੀ ਮਨੋਰੰਜਨ ਪ੍ਰੋਡਕਸ਼ਨ ਲਈ ਇੱਕ ਨਿਸ਼ਚਿਤ ਅੰਤਰਰਾਸ਼ਟਰੀ ਮੰਜ਼ਿਲ ਹੈ। ਦੁਬਈ ਓਪੇਰਾ ਜੋਸ਼ ਨਾਲ ਦੁਬਈ ਦੇ ਜੀਵੰਤ ਸੱਭਿਆਚਾਰਕ ਦਿਲ ਵਜੋਂ ਆਪਣੀ ਭੂਮਿਕਾ ਨਿਭਾਉਂਦਾ ਹੈ ਅਤੇ ਦੁਬਈ 'ਤੇ ਦੁਨੀਆਂ ਤੋਂ ਉੱਤਮ ਪ੍ਰਮਾਣਿਕ, ਸਿਰਜਣਾਤਮਕ ਤੇ ਦਿਲਚਸਪ ਪ੍ਰਦਰਸ਼ਨ ਕਲਾ ਦਾ ਅਨੁਭਵ ਦਿੰਦਾ ਹੈ।

ਰਵਾਇਤੀ ਥੀਏਟਰ ਮੋਡ 'ਚ ਇਹ ਸਮਾਜਿਕ ਅਤੇ ਕਾਰਪੋਰੇਟ ਇਕੱਠਾ ਤੋਂ ਲੈ ਕੇ ਗਾਲਾ ਡਿਨਰ, ਵਿਆਹਾਂ, ਪ੍ਰੋਡਕਟ ਲਾਂਚ, ਫੈਸ਼ਨ ਸ਼ੋਅ ਵੀ ਦੇਖਣ ਨੂੰ ਮਿਲਦੇ ਹਨ। ਆਡੀਟੋਰੀਅਮ ਅਰਬੀ ਸੰਗੀਤ ਦੀਆਂ ਮਨਮੋਹਕ ਆਵਾਜ਼ਾਂ ਸੁਣਨ ਨੂੰ ਮਿਲਦੀਆਂ ਹਨ। ਗਤੀਸ਼ੀਲ ਡਾਂਸ ਦੀ ਪ੍ਰੈਕਟਿਸ ਕਰਦੇ ਵੀ ਦੇਖੇ ਜਾ ਸਕਦੇ ਹਨ।

- ਦੁਬਈ ਓਪੇਰਾ ਪਲਾਨਿੰਗ ਦਾ ਐਲਾਨ ਸ਼ੇਖ ਮੁਹੰਮਦ ਰਾਸ਼ਿਦ ਅਲ ਮਕਤੂਮ ਦੁਆਰਾ ਮਾਰਚ 2012 'ਚ ਕੀਤਾ ਗਿਆ ਅਤੇ 31 ਅਗਸਤ 2016 'ਚ ਪਲੈਸੀਡੋ ਡੋਮਿੰਗ ਦੇ ਪ੍ਰਦਰਸ਼ਨ ਨਾਲ ਸ਼ੁਰੂ ਕੀਤਾ ਗਿਆ। ਪਹਿਲੇ ਸੀਜ਼ਨ 'ਚ ਬਿਜੇਟ ਦਾ ਪਰਲ ਫਿਸ਼ਰਸ ਓਪੇਰਾ ਅਤੇ ਟੈਨਰ ਜੋਸ ਕੈਰੇਰਾਸ ਸ਼ਾਮਲ ਸਨ।
- ਦੁਬਈ ਓਪੇਰਾ ਦੀ ਫਲੇਟ ਫਲੋਰ ਦੀ ਸਮਰਥਾ 19000 ਵਰਗ ਫੁੱਟ ਹੈ। 10 ਅਕਤੂਬਰ 2016 'ਚ ਦੁਬਈ ਓਪੇਰਾ 'ਚ ਪੇਸ਼ ਹੋਣ ਵਾਲਾ ਪਹਿਲਾ ਅਮੀਰਾਤੀ ਗਾਇਕ ਹੁਸੈਨ ਅਲ ਜੱਮਸੀ ਸੀ। ਇਸ ਤੋਂ ਬਾਅਦ ਅਵਾਰਡੀ ਹਿੱਟ ਸੰਗੀਤਕ ਲੇਸ ਮਿਸਰੇਬਲਸ 3 ਹਫਤੇ ਤੱਕ ਚੱਲਿਆ।
- ਸਾਲ 2017 'ਚ ਸਥਾਨ ਦੇ ਉਦਘਾਟਨੀ ਬੀ.ਬੀ.ਸੀ. ਪ੍ਰੋਮਜ਼ ਦੁਬਈ ਦਾ ਮੰਚਨ ਕੀਤਾ। ਇਹ ਦੂਜੀ ਬਾਰ ਸੀ, ਜਦੋਂ ਯੂਨਾਈਟਿਡ ਕਿੰਗਡਮ ਦੀ ਪ੍ਰਮੁੱਖ ਕਲਾਸੀਕਲ ਸੰਗੀਤ ਸੀਰੀਜ਼ ਨੇ ਆਪਣੇ 112 ਸਾਲਾਂ ਦੀ ਹਿਸਟਰੀ ਵਿਦੇਸ਼ਾਂ 'ਚ ਪ੍ਰੋਗਰਾਮਾਂ ਦੀ ਮੇਜ਼ਬਾਨੀ ਕੀਤੀ।
- ਦੁਬਈ ਓਪੇਰਾ 'ਚ ਦੇਖੇ ਪ੍ਰੋਗਰਾਮ ਅਭੁੱਲ ਯਾਦ ਦੇ ਜਾਂਦੇ ਹਨ। ਅਗਲੀ ਬਾਰ ਕਿਸੇ ਹੋਰ ਅਨੁਭਵ ਬਾਰੇ ਚਰਚਾ ਕਰਾਂਗੇ।







## ਚਿਰਾਗ

ਧੀਆਂ-ਪੁੱਤ ਘਰਾਂ ਦੇ ਚਿਰਾਗ ਹੁੰਦੇ ਨੇ।
ਦੁੱਖ-ਸੁੱਖ ਜ਼ਿੰਦਗੀ ਦੇ ਭਾਗ ਹੁੰਦੇ ਨੇ।
ਪੁੱਤਾਂ ਦੇ ਵਿਆਹ 'ਤੇ ਗਾਈਆਂ ਜਾਣ ਘੋੜੀਆਂ,
ਧੀਆਂ ਦੇ ਵਿਆਹਾਂ 'ਤੇ ਸੁਹਾਗ ਹੁੰਦੇ ਨੇ।
ਖ਼ਰੇ ਹੋਣ ਮਾਲੀ ਜਿਹੜਿਆਂ ਵੀ ਬਾਗਾਂ ਦੇ,
ਮਹਿਕਦੇ ਤੇ ਟਹਿਕਦੇ ਉਹ ਬਾਗ ਹੁੰਦੇ ਨੇ।
ਯਾਰਾਂ ਨਾਲ ਜਿਹੜੇ ਕਰਦੇ ਗ਼ਦਾਰੀਆਂ,
ਯਾਰ ਨਹੀਂ ਉਹ ਬੁੱਕਲ ਦੇ ਨਾਗ ਹੁੰਦੇ ਨੇ।
ਛੱਡਦੇ ਨਾ ਖਹਿੜਾ ਸਾਰੀ-ਸਾਰੀ ਜ਼ਿੰਦਗੀ,
ਮਾੜੇ ਕੰਮਾਂ ਦੇ ਜੋ ਲੱਗੇ ਦਾਗ ਹੁੰਦੇ ਨੇ।
ਕਹਿਣ ਨੂੰ ਤਾਂ ਕਹੇ ਕੋਈ ਜੋ ਵੀ ਮਰਜ਼ੀ,
'ਬੁੱਧ' ਵਾਂਗੂੰ ਘਰ ਨਾ ਤਿਆਗ ਹੁੰਦੇ ਨੇ।
ਛੱਡਕੇ ਪਿਆਰਾ ਜੀਹਦਾ, ਜਾਵੇ ਉਹਦੇ ਤਾਂ,
ਪੱਲੇ ਸਦਾ ਵਾਸਤੇ ਵੈਰਾਗ ਹੁੰਦੇ ਨੇ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ: +1-360-448-1989

ਪੰਜਾਬ ਮੇਲ USA

## ਕੰਮ ਦੀ ਗੱਲ

ਸੱਜਣਾ ਐਵੇਂ ਰੋਇਆ ਨਾ ਕਰ,
'ਕੱਲਾ ਬਹਿਕੇ ਖੋਇਆ ਨ ਕਰ,
ਦੁਨੀਆਂ ਦੀਆਂ ਗੱਲਾਂ ਤੋਂ ਡਰ।

ਕੋਈ ਆਸ਼ਕ ਆਖ ਕੇ ਭੰਡਦੇ,
ਚੰਗਾ ਛੱਜ ਵਿਚ ਪਾ ਕੇ ਛੰਡਦੇ,
ਛਾਨਣੀਆਂ ਨੂੰ ਵੀ ਲੱਗਦੇ ਪਰ।

ਕੋਈ ਆਖੇ ਸ਼ਕਲ ਹੀ ਐਸੀ,
ਜੈਸੀ ਕੋਕੋ ਔਲਾਦ ਵੀ ਤੈਸੀ,
ਸੁਣ 2 ਕੰਨਾਂ ਦਾ ਜਾਂਦਾ ਸਰ।

ਮੂੰਹ 'ਤੇ ਨੇ ਹਮਦਰਦ ਦਿਖਦੇ,
ਪਿੱਠ ਪਿੱਛੇ ਉਂਝ ਰੋਂਦੂ ਲਿਖਦੇ,
ਜੀਅ ਜਾਂਦਾ ਸਭ ਦੇਖਕੇ ਭਰ।

ਕੋਈ ਨਾ ਜਾਣੇ ਪੀੜ ਪਰਾਈ,
ਦਿਸਦੀ ਸਭ ਹੈ ਜੱਗ ਹਸਾਈ,
ਝੂਰਕੇ ਨ ਅੰਦਰੋਂ ਅੰਦਰੀ ਮਰ।

ਸੋ :
ਜੇ ਵੰਡਣੇ ਚਾਹੁੰਨੈਂ ਤਾਂ ਹਾਸੇ ਵੰਡ,
ਮੁੜ ਮੁੜ ਆਪਣਿਆਂ ਨੂੰ ਨਹੀਂ,
ਵੰਡਣੇ ਹਨ ਤਾਂ ਚਾਰੇ ਪਾਸੇ ਵੰਡ।

ਸਾੜੇ ਨਾਲੋਂ ਤਾਂ ਹੈ ਹਾਸਾ ਚੰਗਾ,
ਕੂੜ ਕੂੜ ਤੋਂ ਇੱਕ ਪਾਸਾ ਚੰਗਾ,
ਭਰ ਭਰ ਕੇ ਯਾਰਾ ਕਾਸੇ ਵੰਡ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਆਓ ਇਕ ਨਵੀਂ ਦੁਨੀਆਂ ਸਿਰਜੀਏ ਦੋਸਤੋ

ਆਓ! ਇਕ ਨਵੀਂ ਦੁਨੀਆਂ ਸਿਰਜੀਏ ਦੋਸਤੋ
ਇਸ ਦੁਨੀਆਂ ਵਿਚੋਂ
ਘ੍ਰਿਣਾ, ਅਹੰਕਾਰ, ਈਰਖਾ, ਭ੍ਰਿਸ਼ਟਾਚਾਰ,
ਖੁਦਗਰਜ਼ੀ ਤੇ ਗਰੀਬੀ ਭਜਾਈਏ ਦੋਸਤੋ
ਚਿਰਾਂ ਤੋਂ ਸੰਸਾਰ ਵਿਚ ਛਾਈ ਹੋਈ
ਸਾਮਰਾਜਵਾਦੀ, ਬੇਇਨਸਾਫੀ, ਧੱਕੇਸ਼ਾਹੀ,
ਪੱਖਪਾਤ ਤੇ ਅਨੈਤਿਕਤਾ ਦੀ
ਸੋਚ ਨੂੰ ਭਜਾਈਏ ਦੋਸਤੋ
ਐਸਾ ਸਮਾਜ ਸਿਰਜੀਏ ਦੋਸਤੋ
ਜਿਸ ਵਿਚ ਬਰਾਬਰਤਾ, ਸੁਤੰਤਰਤਾ,
ਇਨਸਾਫ, ਭਾਈਚਾਰਕ ਸਾਂਝ ਪ੍ਰਾਪਤ ਹੋਵੇ ਦੋਸਤੋ
ਅਜਿਹਾ ਸਮਾਜ ਜਿਸ ਵਿਚ
ਹਰ ਇਕ ਨੂੰ ਕੁੱਲੀ, ਗੁੱਲੀ, ਜੁੱਲੀ ਪ੍ਰਾਪਤ ਹੋਵੇ, ਦੋਸਤੋ
ਹਰ ਇਕ ਦੀ ਜਾਨ, ਮਾਲ ਤੇ ਇੱਜ਼ਤ
ਸੁਰੱਖਿਅਤ ਹੋਵੇ ਦੋਸਤੋ,
ਮਨੁੱਖਤਾ ਦਾ ਖ਼ੂਨ ਚੂਸਣ ਵਾਲੇ ਅਫਸਰਾਂ
ਤੇ ਭ੍ਰਿਸ਼ਟ ਰਾਜਨੀਤਿਕਾਂ ਨੂੰ ਭਜਾਈਏ ਦੋਸਤੋ
ਇਸ ਦੇ ਲਈ ਸੰਘਰਸ਼ ਛੇੜੋ
ਐ ਨੌਜਵਾਨ ਦੋਸਤੋ
ਕੁਰਬਾਨੀਆਂ ਅਤੇ ਸੰਘਰਸ਼ਾਂ ਤੋਂ ਬਿਨਾਂ
ਕਦੀ ਆਉਂਦੇ ਨਹੀਂ ਇਨਕਲਾਬ
ਇਸ ਗੱਲ ਦਾ ਇਤਿਹਾਸ ਗਵਾਹ ਹੈ
ਜਦੋਂ ਵੀ ਇਨਕਲਾਬ ਆਏ,
ਤਾਂ ਕੁਰਬਾਨੀਆਂ ਅਤੇ ਸੰਘਰਸ਼ਾਂ ਨਾਲ ਹੀ ਆਏ।



ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955

ਪੰਜਾਬ ਮੇਲ USA

## ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ

ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।
ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਅਪਣੀ ਭੈਣ ਦਾ ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦ੍ਹਾ ਸੀ ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੧ਓ ਦਾ ਐਸਾ ਇਕ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅਜਤਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।
ਇੰਨਸਾਨੀ ਕਦਰਾਂ ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜ੍ਹੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦਭੁੱਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਮਾਜਿਕ ਇੰਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ
ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵੱਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਾਹਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।
ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨ੍ਹਾਂ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇੰਨਸਾਨ ਕਹਾਏ।



-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
98156-25409

ਪੰਜਾਬ ਮੇਲ USA

## ਬੁੱਕਲ ਦੇ ਸੱਪ

ਆਪਣੇ ਦੰਦ ਹੀ ਆਪਣੀ ਜੀਭ ਨੂੰ ਵੱਢਦੇ ਨੇ
ਜਾਨ ਜਾਨ ਜੋ ਕਹਿੰਦੇ, ਜਾਨਾਂ ਕੱਢਦੇ ਨੇ

ਹੱਥੀਂ ਪਾਲੇ ਸੱਪ, ਹੱਥਾਂ ਨੂੰ ਡੱਸ ਜਾਂਦੇ
ਆਪਣੀ ਅੱਖ ਦੇ ਵਾਲ, ਅੱਖਾਂ ਵਿਚ ਵੱਜਦੇ ਨੇ


ਜਿਹੜੇ ਚਿਰ ਤੋਂ, ਅੱਖੀਆਂ ਦੇ ਵਿਚ ਵੱਸਦੇ ਨੇ
ਓਹੀ ਚੰਦਰੇ ਅੱਖ 'ਚੋਂ ਹੰਝੂ ਕੱਢਦੇ ਨੇ

ਦੂਰੋਂ ਹੋਵੇ ਵਾਰ ਤਾਂ ਬੰਦਾ ਝੱਲ ਜਾਂਦਾ
ਜਿਹੜੇ ਹੁੰਦੇ ਨੇੜੇ, ਓਹੀ ਵੱਢਦੇ ਨੇ

ਜਿਨ੍ਹਾਂ ਵਾਸਤੇ ਬੰਦਾ ਭੱਜੀ ਫਿਰਦਾ ਏ
ਓਹੀ ਆਖਰ ਮਿੱਟੀ ਦੇ ਵਿਚ, ਦੱਬਦੇ ਨੇ

ਜਦੋਂ ਗੰਡਾਸੇ ਘੇਰਨ ਵਿਚ ਮੈਦਾਨਾਂ ਦੇ
ਜੱਫੀਆਂ ਪਾਵਣ ਵਾਲੇ, ਅਕਸਰ ਭੱਜਦੇ ਨੇ

ਡਾਨਸੀਵਾਲੀਆ ਬੱਚਕੇ ਉਨ੍ਹਾਂ ਫਰੈਂਡਾਂ ਤੋਂ
ਜਿਹੜੇ ਦੇਖ ਤਰੱਕੀ, ਦੰਦੀਆਂ ਚੱਬਦੇ ਨੇ




ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਚਿੱਟੇ ਦਾ ਸ਼ਿਕਾਰ

ਪਹਿਲਾਂ ਸੋਕਿਆਂ ਨੇ ਝਾੜ ਸੁਕਾਇਆ ਸੀ,
ਤੇ ਹੁਣ ਹੜ੍ਹਾਂ ਨੇ ਵੀ ਕਹਿਰ ਮਚਾਇਆ ਸੀ।
ਜਦੋਂ ਰੱਬ ਨੇ ਹੀ ਫੜੀ ਨਹੀਓਂ ਬਾਂਹ, ਕਿ ਮਨਾਂ ਉਤੇ ਭਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਜਾਂਦੀ ਉਮਰ ਸੀ ਨੌਕਰੀ ਦੀ ਲੰਘਦੀ,
ਜ਼ਿੰਮੇਵਾਰੀ ਜਿੰਦ ਸੂਲੀ ਉੱਤੇ ਟੰਗਦੀ।
ਪੜ੍ਹ ਲਿਖ ਕੇ ਵੀ ਦੇਖੋ ਮੁੰਡਾ ਜੱਟਾਂ ਦਾ, ਕਿ ਬੇਰੁਜ਼ਗਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕਦੇ ਟੁੱਟੀ ਨਹੀਂ ਸੀ ਕਰੀਜ਼, ਚਿੱਟੇ ਕੁੜਤੇ ਪਜਾਮੇ ਦੀ।
ਬੈਂਕ ਵਾਲੇ ਲੈ ਗਏ ਅੱਜ, ਚਾਬੀ ਉਹਦੇ ਯਾਹਮੇ ਦੀ।
ਗਿਆ ਕਰਜ਼ੇ ਦੇ ਭਾਰ ਹੇਠਾਂ ਦੱਬਦਾ, ਕਿ ਜ਼ਿੰਦਗੀ ਤੋਂ ਹਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਇੱਕ ਦਿਨ ਉਹ ਵੀ ਮਾਰ ਗਈ ਉਡਾਰੀ ਸੀ,
ਜੀਹਨੂੰ ਚੜ੍ਹੀ ਰਹਿੰਦੀ ਸਦਾ ਇਸ਼ਕ ਖ਼ੁਮਾਰੀ ਸੀ।
ਸ਼ਰੀਕਾਂ ਨੇ ਜੋ ਪਿੱਠ ਪਿੱਛੇ ਕੀਤਾ ਸੀ, ਕਿ ਉੱਪਰੋਂ ਉਹ ਵਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕੁਆਰੀ ਭੈਣ ਦੇ ਸੀ ਧੌਲੇ ਹੁਣ ਆ ਗਏ,
ਲਿਸਟ ਦਾਜ ਵਾਲੀ ਸਹੁਰੇ ਸੀ ਫੜਾ ਗਏ।
ਬਚੀ ਕਿਰਨ ਉਮੀਦ ਵਾਲੀ ਕੋਈ ਨਾ, ਕਿ ਮੌਤ ਦਾ ਵਪਾਰ ਹੋ ਗਿਆ,
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਨਿੱਤ ਹੋਈ ਜਾਂਦਾ ਆਪਣੇ ਤੋਂ ਦੂਰ ਸੀ,
ਬੁੱਢੇ ਮਾਂ ਬਾਪ ਬੈਠੇ ਮਜਬੂਰ ਸੀ।
ਆਖਿਰ ਚੁੱਕ ਲਿਆ ਸਟੈਪ ਉਹਨੇ ਆਖਰੀ, ਕਿ ਖ਼ੁਦ ਕਿੱਸਾਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।



-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬ: 98889-40211

ਪੰਜਾਬ ਮੇਲ USA


RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com